ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 471 | June 9, 2025 | E-mail : info@pardestimes.com | Ph 510-938-7771

## ਸੱਜਣੋ ਜ਼ਰਾ ਧਿਆਨ ਨਾਲ

ਇਕ ਹਫਤੇ ਤੋਂ ਮੇਰੀ ਤਸਵੀਰ ਲਾ ਕੇ ਤੇ ਪਰਦੇਸ ਟਾਇਮਜ਼ ਦਾ ਗਰੁੱਪ ਲਿਖ ਕੇ ਮੇਰੇ ਸਾਰੇ ਦੋਸਤਾਂ-ਮਿੱਤਰਾਂ ਨੂੰ ਭੇਜਿਆ ਜਾ ਰਿਹਾ ਹੈ, ਲਿਖਿਆ ਹੈ ਕਿ ਪਰਦੇਸ ਟਾਇਮਜ਼ ਗਰੁੱਪ ਹੁਣ ਨਵਾਂ ਬਣ-ਾਇਆ ਜਾ ਰਿਹਾ ਹੈ। ਤੁਸੀਂ ਇਕ ਕੋਡ ਜੋ ਤੁਹਾਨੂੰ ਭੇਜਿਆ ਹੈ, ਤੁਸੀਂ ਸਾਨੂੰ ਭੇਜ ਦਿਓ। ਬਹੁਤੇ ਦੋਸਤ-ਮਿੱਤਰ ਸਮਝ ਰਹੇ ਹਨ ਕਿ ਮੈਂ ਕੋਈ ਹੋਰ ਗਰੁੱਪ ਬਣਾਇਆ ਹੈ ਪਰ ਮੈਂ ਕੋਈ ਨਵਾਂ ਗਰੁੱਪ ਨਹੀਂ ਬਣਾ ਰਿਹਾ।







ਮੇਰੇ ਬਹੁਤ ਸਾਰੇ ਦੋਸਤਾਂ ਤੱਕ ਇਹਨਾਂ ਸਕੈਮਰ ਲੋਕਾਂ ਨੇ ਫੋਨ ਕਰਕੇ ਕੋਡ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ। ਮੇਰੇ 4-5 ਦੋਸਤਾਂ ਨੇ ਇਹਨਾਂ ਨੂੰ ਆਇਆ ਕੋਡ ਭੇਜ ਦਿੱਤਾ, ਜਿਸ ਨਾਲ ਉਹ ਤੁਹਾਡੇ ਤੇ ਉਹਨਾਂ ਦੇ ਫੋਨਾਂ ’ਚੋਂ ਤੁਹਾਡੇ ਸਾਰੇ ਫੋਨ ਨੰਬਰ ਕੱਢ ਕੇ ਤੁਹਾਡੇ ਦੋਸਤਾਂ-ਰਿਸ਼ਤੇਦਾਰਾਂ ਤੱਕ ਪਹੁੰਚ ਕਰ ਸਕਦੇ ਹਨ। ਮੇਰੇ ਇਕ ਬਹੁਤ ਹੀ ਮਾਣਯੋਗ ਪ੍ਰੋਫੈਸਰ ਡਾ. ਅਜੀਤ ਸਿੰਘ ਕੋਟਕਪੁਰਾ ਨੇ ਗਲਤੀ ਨਾਲ ਕੋਡ ਭੇਜ ਦਿੱਤਾ।

ਤੇ ਪੰਜਾਬ ’ਚ ਡਾਕਟਰ ਸਾਹਿਬ ਜੀ ਦੀ ਲੜਕੀ ਤੇ ਕਿਸੇ ਰਿਸ਼ਤੇਦਾਰ ਨੇ ਉਹਨਾਂ ਸਕੈਮਰਾਂ ਦੇ ਮੰਗਣ ’ਤੇ 50 ਹਜ਼ਾਰ ਅਤੇ ਇਕ ਲੱਖ ਰੁਪਏ ਭੇਜ ਦਿੱਤੇ, ਮਗਰੋਂ ਪਤਾ ਲੱਗਾ ਕਿ ਇਹ ਤਾਂ ਸਕੈਮ ਹੈ। ਹੁਣ ਪੰਜਾਬ ’ਚ ਉਹਨਾਂ ਨੇ ਪੁਲਿਸ ਕੋਲ ਕੇਸ ਕਰ ਦਿੱਤਾ ਹੈ, ਉਮੀਦ ਹੈ ਕਿ ਇਹ ਸਕੈਮਰ ਫੜੇ ਜਾਣਗੇ।

ਮੈਂ ਅੱਜ ਇਸ ਗੱਲ ਤੋਂ ਬਹੁਤ ਚਿੰਤਤ ਹਾਂ ਕਿ ਤੁਹਾਨੂੰ ਮੇਰੀ ਵਜ੍ਹਾ ਨਾਲ ਬਹੁਤ ਫੋਨ ਆ ਰਹੇ ਹਨ, ਕਿਰਪਾ ਕਰਕੇ ਕਿਸੇ ਵੀ ਵੇਲੇ ਫੋਨ ਚੁੱਕਣ ਤੋਂ ਪਹਿਲਾਂ ਵੇਖ ਲਵੋ, ਫੋਨ ਨੰਬਰ ਮੇਰਾ ਹੀ ਹੈ ਜਾਂ ਨਹੀਂ।

ਇਕੱਲਾ ਬਲਬੀਰ ਸਿੰਘ ਐਮ. ਏ. ਪਰਦੇਸ ਟਾਇਮਜ਼ ਗਰੁੱਪ ਲਿਖਣ ਨਾਲ ਨਹੀਂ ਮੇਰਾ ਫੋਨ ਆਉਂਦਾ, ਮੇਰਾ ਫੋਨ 510-938-7771 ਹੈ। ਪਰ ਇਹ ਫੋਨ ਏਰੀਆ ਕੋਡ 251 ਜਾਂ 254 ਜਾਂ 754 ਜਾਂ 701 ਜਾਂ 704 ਜਾਂ 504 ਤੇ ਹੋਰ ਏਰੀਆ ਕੋਡ ਤੋਂ ਆ ਰਹੇ ਹਨ, ਜੋ ਮੇਰੇ ਨਹੀਂ ਹਨ।

ਤੁਹਾਨੂੰ ਮੇਰੀ ਅਰਜ਼ ਹੈ ਕਿ ਬੱਸ ਕਿਸੇ ਕਿਸਮ ਦੇ ਨੁਕਸਾਨ ਤੋਂ ਬਚੋ। ਅਸੀਂ ਕਿਸੇ ਤੋਂ ਕੋਈ ਪੈਸਾ ਨਾ ਮੰਗਿਆ ਅਤੇ ਨਾ ਹੀ ਮੰਗਾਂਗੇ।
ਮੈਂ ਤੁਹਾਡੇ ਲਈ ਚੰਗੇਰੇ ਸਮੇਂ ਦਾ ਹਾਮੀ ਹਾਂ।

**- ਬਲਬੀਰ ਸਿੰਘ ਐਮ. ਏ.**

# ਭਾਰਤ ਨਾਲ ਗੱਲਬਾਤ ਲਈ ਪਾਕਿਸਤਾਨ ਦੀ ਟੇਕ ਹੁਣ ਸਿਰਫ ਅਮਰੀਕਾ ’ਤੇ

## ਗੱਲਬਾਤ ਨਾ ਹੋਈ ਤਾਂ ਪਾਣੀ ਦੀ ਕਮੀ ਨਾਲ ਪਾਕਿਸਤਾਨ ਦੀ ਹਾਲਤ ਹੋ ਸਕਦੀ ਹੈ ਮਾੜੀ

ਨਵੀਂ ਦਿੱਲੀ- ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਕਾਰਨ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਹੁਣ ਬੰਦ ਹੋਣ ਕਿਨਾਰੇ ਹੈ, ਜਿਸ ਕਾਰਨ ਪਾਕਿਸਤਾਨ ਦੇ ਪੰਜਾਬ ਅਤੇ ਸਿੰਧ ਦੀ ਹਾਲਤ ਖਰਾਬ ਹੋ ਰਹੀ ਹੈ। ਹੁਣ ਸ਼ਾਹਬਾਜ਼ ਸ਼ਰੀਫ਼ ਨੇ ਇੱਕ ਵਾਰ ਫਿਰ ਅਮਰੀਕਾ ਵੱਲ ਹੱਥ ਵਧਾਏ ਹਨ। ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਭਾਰਤ ਨਾਲ ਗੱਲਬਾਤ ਕਰਨ ਦੀ ਬੇਨਤੀ ਕੀਤੀ ਹੈ। ਦਰਅਸਲ, ਭਾਰਤ ਨੇ ਪਾਕਿਸਤਾਨ ਨੂੰ ਸਪੱਸ਼ਟ ਸੰਦੇਸ਼ ਦੇ ਦਿੱਤਾ ਹੈ ਕਿ ਜਦੋਂ ਤੱਕ ਉਹ ਅੱਤਵਾਦ ਨੂੰ ਖਤਮ ਨਹੀਂ ਕਰਦਾ, ਉਸ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ। ਸ਼ਾਹਬਾਜ਼ ਸ਼ਰੀਫ਼ ਇਸਲਾਮਾਬਾਦ ਸਥਿਤ ਅਮਰੀਕੀ ਦੂਤਘਰ ਵਿੱਚ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਨੇ ਭਾਰਤ ਨਾਲ ਤਣਾਅ ਘਟਾਉਣ ਲਈ ਡੋਨਾਲਡ ਟਰੰਪ ਦਾ ਧੰਨਵਾਦ ਕੀਤਾ। ਸ਼ਰੀਫ਼ ਨੇ ਟਰੰਪ ਨੂੰ ਭਾਰਤ ਨਾਲ ਗੱਲਬਾਤ ਦੀ ਸਹੂਲਤ ਦੇਣ ਦੀ ਵੀ ਅਪੀਲ ਕੀਤੀ। ਹਾਲਾਂਕਿ, ਭਾਰਤ ਦਾ ਸਪੱਸ਼ਟ ਵਿਚਾਰ ਹੈ ਕਿ ਕੋਈ ਵੀ ਤੀਜੀ ਧਿਰ ਗੱਲਬਾਤ ਵਿੱਚ ਸ਼ਾਮਲ ਨਹੀਂ ਹੋਵੇਗੀ। ਵਰਣਨਯੋਗ ਹੈ ਕਿ ਪਾਕਿਸਤਾਨ ਨੇ ਕਈ ਵਾਰ ਜੰਗਬੰਦੀ ਦਾ ਸਿਹਰਾ ਅਮਰੀਕਾ ਨੂੰ ਦਿੱਤਾ ਹੈ। ਜਦੋਂ ਕਿ ਭਾਰਤ ਨੇ ਇਸ ਤੋਂ ਸਾਫ਼ ਇਨਕਾਰ ਕੀਤਾ ਹੈ। ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ



ਬਿਲਾਵਲ ਭੁੱਟੋ ਨੇ ਵੀ ਕਿਹਾ ਸੀ ਕਿ ਟਰੰਪ ਨੇ ਲਗਭਗ 10 ਵੱਖ-ਵੱਖ ਮੌਕਿਆਂ ’ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਵਿੱਚ ਮਦਦ ਕੀਤੀ ਸੀ, ਜਿਸ ਲਈ ਉਹ ਸਿਹਰਾ ਦੇ ਹੱਕਦਾਰ ਹਨ।

ਭਾਰਤ, ਜੋ ਲੰਬੇ ਸਮੇਂ ਤੋਂ ਪਾਕਿਸਤਾਨ-ਪ੍ਰਯੋਜਿਤ ਅੱਤਵਾਦ ਤੋਂ ਪੀੜਤ ਹੈ, ਨੇ ਹਰ ਮੌਕੇ ’ਤੇ ਪਾਕਿਸਤਾਨ ਨੂੰ ਸਬਕ ਸਿਖਾਇਆ ਹੈ। ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ। ਪਾਕਿਸਤਾਨ ਪਾਣੀ ਦੀ ਹਰ ਬੂੰਦ ਲਈ ਤਰਸ ਰਿਹਾ ਹੈ ਅਤੇ ਲਗਾਤਾਰ ਭਾਰਤ ਨਾਲ ਗੱਲਬਾਤ ਦੀ ਪੇਸ਼ਕਸ਼ ਕਰ ਰਿਹਾ ਹੈ। ਅਮਰੀਕਾ ਪਹੁੰਚੇ ਭਾਰਤੀ ਸੰਸਦ ਮੈਂਬਰਾਂ ਦੇ ਵਫ਼ਦ ਦੀ ਅਗਵਾਈ ਕਰ ਰਹੇ ਸ਼ਸ਼ੀ ਥਰੂਰ ਨੇ ਕਿਹਾ, 'ਅਮਰੀਕਾ ਸਮਝ ਗਿਆ ਹੈ ਕਿ ਭਾਰਤ ਦਾ ਸਟੈਂਡ ਸਪੱਸ਼ਟ ਹੈ ਕਿ ਜੇਕਰ ਤੁਹਾਡੇ ਸਿਰ ’ਤੇ ਬੰਦੂਕ ਤਾਣੀ ਹੋਈ ਹੈ ਤਾਂ ਕੋਈ ਗੱਲਬਾਤ ਨਹੀਂ ਹੋਵੇਗੀ। ਜੇਕਰ ਤੁਹਾਡਾ ਗੁਆਂਢੀ ਆਪਣੇ ਕੁੱਤਿਆਂ ਨੂੰ ਤੁਹਾਡੇ ਬੱਚਿਆਂ ਨੂੰ ਵੱਢਣ ਲਈ ਛੱਡ ਦਿੰਦਾ ਹੈ ਅਤੇ ਫਿਰ ਕਹਿੰਦਾ ਹੈ ਕਿ ਆਓ ਗੱਲ ਕਰੀਏ। ਤੁਸੀਂ ਉਦੋਂ ਤੱਕ ਗੱਲ ਨਹੀਂ ਕਰੋਗੇ ਜਦੋਂ ਤੱਕ ਉਹ ਉਨ੍ਹਾਂ ਨੂੰ ਇੱਕ ਕੇਨਲ ਵਿੱਚ ਬੰਦ ਨਹੀਂ ਕਰ ਦਿੰਦਾ।'

ਪਾਕਿਸਤਾਨ ਵੀ ਅੱਤਵਾਦ ਦਾ ਸ਼ਿਕਾਰ ਹੋਣ ਦਾ ਦਾਅਵਾ ਕਰਦਾ ਹੈ। ਇਸ ’ਤੇ ਥਰੂਰ ਨੇ ਕਿਹਾ, "ਇਹ ਕਿਸਦੀ ਗਲਤੀ ਹੈ? ਤੁਸੀਂ ਆਪਣੇ ਵਿਹੜੇ ਵਿੱਚ ਸੱਪ ਪਾਲ ਨਹੀਂ ਸਕਦੇ ਅਤੇ ਉਨ੍ਹਾਂ ਤੋਂ ਸਿਰਫ਼ ਤੁਹਾਡੇ ਗੁਆਂਢੀਆਂ ਨੂੰ ਡੰਗਣ ਦੀ ਉਮੀਦ ਨਹੀਂ ਕਰ ਸਕਦੇ। ਪਾਕਿਸਤਾਨ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਨਿਰਦੋਸ਼ ਕਹਿਣਾ ਬੰਦ ਕਰਨਾ ਚਾਹੀਦਾ ਹੈ।"

# ਰਾਸ਼ਟਰਪਤੀ ਟਰੰਪ ਅਤੇ ਐਲਨ ਮਸਕ ਵਿਚਕਾਰ ਤਣਾਤਣੀ ਕਿਉਂ ਵਧੀ



ਵਾਸ਼ਿੰਗਟਨ- ਅਮਰੀਕੀ ਰਾਜਨੀਤੀ ਵਿੱਚ ਉਥਲ-ਪੁਥਲ ਅਚਾਨਕ ਤੇਜ਼ ਹੋ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਐਲਨ ਮਸਕ ਹੁਣ ਆਹਮੋ-ਸਾਹਮਣੇ ਹੋ ਗਏ ਹਨ। ਦੋਵੇਂ ਨੇਤਾ ਇੱਕ ਦੂਜੇ ਵਿਰੁੱਧ ਬਿਆਨ ਦੇ ਰਹੇ ਹਨ। ਹਾਲ ਹੀ ਵਿੱਚ ਟਰੰਪ ਨੇ ਕਿਹਾ, "ਐਲਨ ਅਤੇ ਮੇਰੇ ਪਹਿਲਾਂ ਚੰਗੇ ਰਿਸ਼ਤੇ ਸਨ, ਪਰ ਹੁਣ ਮੈਨੂੰ ਨਹੀਂ ਪਤਾ ਕਿ ਅਸੀਂ ਇਕੱਠੇ ਰਹਿ ਸਕਾਂਗੇ ਜਾਂ ਨਹੀਂ। ਮੈਂ ਬਹੁਤ ਨਿਰਾਸ਼ ਹਾਂ।" ਉਨ੍ਹਾਂ ਨੇ ਇਹ ਗੱਲ ਓਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਇਸ ਦੇ ਨਾਲ ਹੀ ਮਸਕ ਨੇ ਟਰੰਪ ਬਾਰੇ ਇੱਕ ਵੱਡਾ ਦਾਅਵਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਮਦਦ ਤੋਂ ਬਿਨਾਂ ਟਰੰਪ ਇਸ ਵਾਰ ਰਾਸ਼ਟਰਪਤੀ ਚੋਣ ਹਾਰ ਜਾਂਦੇ।ਮਸਕ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ 'ਬਿਗ ਬਿਊਟੀਫੁੱਲ' ਟੈਕਸ ਬਿੱਲ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਨੇ ਪਿਛਲੇ ਹਫ਼ਤੇ ਰਾਸ਼ਟਰਪਤੀ ਟਰੰਪ ਦੇ ਠੌਫ ਦੇ ਸਲਾਹਕਾਰ ਵਜੋਂ ਆਪਣੀ ਭੂਮਿਕਾ ਛੱਡ ਦਿੱਤੀ ਸੀ। ਰਾਸ਼ਟਰ-ਪਤੀ ਟਰੰਪ ਨੇ ਓਵਲ ਆਫਿਸ ਵਿੱਚ ਕਿਹਾ, 'ਮੇਰੇ ਐਲਨ ਨਾਲ ਬਹੁਤ ਚੰਗੇ ਰਿਸ਼ਤੇ ਸਨ। ਮੈਨੂੰ ਨਹੀਂ ਪਤਾ ਕਿ ਸਾਡਾ ਰਿਸ਼ਤਾ ਕਿਵੇਂ ਅੱਗੇ ਵਧੇਗਾ। ਮੈਂ ਐਲਨ ਤੋਂ ਬਹੁਤ ਨਿਰਾਸ਼ ਹਾਂ। ਮੈਂ ਐਲਨ ਦੀ ਬਹੁਤ ਮਦਦ ਕੀਤੀ ਹੈ।'

ਉਨ੍ਹਾਂ ਕਿਹਾ ਕਿ ਮਸਕ ਦੇ ਵਿਰੋਧ ਦਾ ਕਾਰਨ ਇਸ ਬਿੱਲ ਵਿੱਚ ਇਲੈਕਟ੍ਰਿਕ ਵਾਹਨਾਂ ਲਈ ਖਪਤਕਾਰ ਟੈਕਸ ਕ੍ਰੈਡਿਟ ਨੂੰ ਖਤਮ ਕਰਨ ਦਾ ਪ੍ਰਸਤਾਵ ਹੈ। ਇਲੈਕਟ੍ਰਿਕ ਵਾਹਨ ਨਿ-ਰਮਾਤਾ ਟੇਸਲਾ ਦੇ ਸੀਈਓ ਮਸਕ ਨੇ ਕਿਹਾ ਹੈ ਕਿ ਉਹ ਇਸ ਬਿੱਲ ਦਾ ਵਿਰੋਧ ਕਰਦੇ ਹਨ ਕਿਉਂਕਿ ਇਹ ਸੰਘੀ ਘਾਟੇ ਨੂੰ ਵਧਾਏਗਾ। ਮਸਕ ਨੇ ਬੁੱਧਵਾਰ ਨੂੰ ਐਕਸ ’ਤੇ ਲਿਖਿਆ, 'ਮੈਨੂੰ ਮਾਫ਼ ਕਰਨਾ, ਪਰ ਮੈਂ ਇਸਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਸੰਸਦ ਵਿੱਚ ਇਹ ਖਰਚ ਬਿੱਲ ਘਿਣਾਉਣਾ ਹੈ।'

## ਚਲਦੇ-ਚਲਦੇ

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਿਚਕਾਰ ਫ਼ੋਨ ਕਾਲ ’ਤੇ ਯੁੱਧ ਰੋਕਣ ਲਈ ਗੱਲਬਾਤ ਹੋਈ ਹੈ। ਇਸ ਦੌਰਾਨ ਵਿਚਾਰੇ ਗਏ ਮੁੱਦਿਆਂ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਏ ਹਾਲੀਆ ਟਕਰਾਅ ਦਾ ਮੁੱਦਾ ਵੀ ਸ਼ਾਮਲ ਸੀ। ਇਹ ਗੱਲ ਕ੍ਰੈਮਲਿਨ ਦੇ ਇੱਕ ਸਹਾਇਕ ਨੇ ਕਹੀ ਹੈ। ਕ੍ਰੈਮਲਿਨ ਦੇ ਸਹਾਇਕ ਯੂਰੀ ਊਸ਼ਾਕੋਵ ਨੇ ਇੱਕ ਬ੍ਰੀਫਿੰਗ ਵਿੱਚ ਦੱਸਿਆ ਕਿ ਬੁੱਧਵਾਰ ਨੂੰ ਆਪਣੀ ਗੱਲਬਾਤ ਦੌਰਾਨ, ਦੋਵਾਂ ਆਗੂਆਂ ਨੇ ਯੂਕਰੇਨ ‘ਤੇ ਚਰਚਾ ਕੀਤੀ ਅਤੇ ਕੁਝ ਹੋਰ ਮੁੱਦਿਆਂ ਨੂੰ ਵੀ ਵਿਚਾਰਿਆ। ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਨੂੰ ਲੜਾਈ ਤੋਂ ਰੋਕਿਆ ਹੈ।





If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜ਼ਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ


TANVIR JOSHI
SBN: 302226

(559) 312-0083 (O) (888) 630-1230 (F)
516 W. SHAW AVE STE 200 FRESNO, CA 93704


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਭਾਰਤ ਪ੍ਰਤੀ ਦੁਨੀਆ ਦਾ ਅਜੀਬੋ-ਗ਼ਰੀਬ ਵਤੀਰਾ



ਸੰਜੇ ਗੁਪਤ

ਪਹਿਲਗਾਮ ਵਿਚ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਉਸ ਦੇ ਨੌਂ ਪ੍ਰਮੁੱਖ ਅੱਤਵਾਦੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਅਤੇ ਫਿਰ ਉਸ ਦੇ ਕਈ ਏਅਰਬੇਸ ਤਬਾਹ ਕਰਨ ਦੀ ਜੋ ਕਾਰਵਾਈ ਆਪ੍ਰੇਸ਼ਨ ਸਿੰਧੂਰ ਤਹਿਤ ਕੀਤੀ, ਉਹ ਅਤਿਅੰਤ ਹੌਸਲੇ ਵਾਲੀ ਅਤੇ ਪਾਕਿਸਤਾਨੀ ਫ਼ੌਜ ਦੇ ਛੱਕੇ ਛੁਡਾ ਦੇਣ ਵਾਲੀ ਰਹੀ। ਭਾਰਤੀ ਫ਼ੌਜ ਨੂੰ ਛੇ-ਸੱਤ ਮਈ ਦੀ ਰਾਤ ਪਾਕਿਸਤਾਨ ਦੇ ਅੱਤਵਾਦੀ ਅੱਡਿਆਂ ਨੂੰ ਨਸ਼ਟ ਕਰਨ ਤੋਂ ਬਾਅਦ ਉਸ ਦੇ ਪ੍ਰਮੁੱਖ ਏਅਰਬੇਸ ਇਸ ਲਈ ਤਬਾਹ ਕਰਨੇ ਪਏ ਕਿਉਂਕਿ ਉਸ ਨੇ ਆਪਣੇ ਇੱਥੋਂ ਦੇ ਅੱਤਵਾਦੀ ਅੱਡਿਆਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਖਿਝ ਕੇ ਭਾਰਤ 'ਤੇ ਮਿਜ਼ਾਈਲਾਂ ਤੇ ਡ੍ਰੋਨ ਦਾਗ਼ਣੇ ਸ਼ੁਰੂ ਕਰ ਦਿੱਤੇ ਸਨ।

ਭਾਰਤੀ ਫ਼ੌਜ ਦੀ ਬੇਮਿਸਾਲ ਜਵਾਬੀ ਕਾਰਵਾਈ ਕਾਰਨ ਪਾਕਿਸਤਾਨ ਕਿਉਂਕਿ ਬੁਰੀ ਤਰ੍ਹਾਂ ਪਸਤ ਹੋ ਗਿਆ ਸੀ, ਇਸ ਲਈ ਉਸ ਨੇ ਫ਼ੌਜੀ ਕਾਰਵਾਈ ਰੋਕਣ ਦੀ ਅਰਜ਼ੋਈ ਕੀਤੀ-ਭਾਰਤ ਨੂੰ ਵੀ ਅਤੇ ਅਮਰੀਕਾ ਨੂੰ ਵੀ। ਭਾਰਤ ਆਪ੍ਰੇਸ਼ਨ ਸਿੰਧੂਰ ਇਸ ਸ਼ਰਤ 'ਤੇ ਮੁਲਤਵੀ ਕਰਨ ਲਈ ਤਿਆਰ ਹੋਇਆ ਕਿ ਇਸ ਬਾਰੇ ਪਾਕਿਸਤਾਨੀ ਫ਼ੌਜ ਨੂੰ ਭਾਰਤੀ ਫ਼ੌਜ ਨਾਲ ਸਿੱਧੇ ਹੀ ਗੱਲ ਕਰਨੀ ਹੋਵੇਗੀ। ਮਜਬੂਰੀ ਵਿਚ ਉਸ ਨੇ ਅਜਿਹਾ ਹੀ ਕੀਤਾ। ਭਾਰਤ-ਪਾਕਿਸਤਾਨ ਵਿਚਾਲੇ ਫ਼ੌਜੀ ਟਕਰਾਅ ਰੁਕ ਜਾਣ 'ਤੇ ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਇਹ ਸਿਹਰਾ ਲੈਣ ਵਿਚ ਦੇਰ ਨਹੀਂ ਲਗਾਈ ਕਿ ਉਨ੍ਹਾਂ ਦੀ ਦਖ਼ਲਅੰਦਾਜ਼ੀ ਕਾਰਨ ਦੋਵੇਂ ਦੇਸ਼ ਹਮਲੇ ਰੋਕਣ ਲਈ ਰਾਜ਼ੀ ਹੋਏ। ਉਨ੍ਹਾਂ ਨੇ ਇਸ ਨੂੰ ਜੰਗਬੰਦੀ ਦਾ ਨਾਂ ਦਿੰਦੇ ਹੋਏ ਕਿਹਾ ਕਿ ਮੈਂ ਵਪਾਰ ਦਾ ਹਵਾਲਾ ਦੇ ਕੇ ਦੋਵਾਂ ਦੇਸ਼ਾਂ ਦੀ ਜੰਗ ਰੋਕੀ।




ਇਸ 'ਤੇ ਭਾਰਤ ਨੇ ਸਾਫ਼ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨਾਲ ਵਪਾਰ ਨੂੰ ਲੈ ਕੇ ਕੋਈ ਗੱਲ ਨਹੀਂ ਹੋਈ। ਟਰੰਪ ਦਾ ਦਾਅਵਾ ਉਸ ਸਮੇਂ ਥੋਥਾ ਵੀ ਸਾਬਿਤ ਹੋ ਗਿਆ ਜਦ ਅਮਰੀਕਾ ਦੀ ਕੌਮਾਂਤਰੀ ਵਪਾਰ ਅਦਾਲਤ ਨੇ ਉਨ੍ਹਾਂ ਦੀ ਇਸ ਦਲੀਲ ਨੂੰ ਠੁਕਰਾ ਦਿੱਤਾ ਕਿ ਉਨ੍ਹਾਂ ਨੇ ਟਰੇਡ ਦੀ ਗੱਲ ਕਰ ਕੇ ਹੀ ਭਾਰਤ ਤੇ ਪਾਕਿਸਤਾਨ ਵਿਚਾਲੇ ਫ਼ੌਜੀ ਟਕਰਾਅ ਰੋਕਿਆ ਸੀ। ਨਿਊਯਾਰਕ ਸਥਿਤ ਇਸ ਸੰਘੀ ਅਦਾਲਤ ਨੇ ਉਨ੍ਹਾਂ ਦੀ ਟੈਰਿਫ ਨੀਤੀ ਨੂੰ ਵੀ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ।

ਇਸ ਤੋਂ ਸਿੱਧ ਹੋ ਗਿਆ ਕਿ ਟਰੰਪ ਜੋ ਕੁਝ ਕਹਿ ਰਹੇ ਹਨ, ਉਹ ਸਹੀ ਨਹੀਂ ਹੈ। ਵੈਸੇ ਵੀ ਉਨ੍ਹਾਂ ਬਾਰੇ ਸਭ ਜਾਣਦੇ ਹਨ ਕਿ ਉਹ ਅਕਸਰ ਆਪਣੀ ਗੱਲ ਤੋਂ ਪਲਟ ਜਾਂਦੇ ਹਨ। ਇਹੀ ਨਹੀਂ ਟਰੰਪ ਬੜਬੋਲੇ ਵੀ ਬਹੁਤ ਹਨ ਅਤੇ ਕਈ ਦੇਸ਼ਾਂ ਦੇ ਮੁਖੀਆਂ ਦੀ ਸਭ ਦੇ ਸਾਹਮਣੇ ਲਾਹ-ਪਾਹ ਕਰ ਚੁੱਕੇ ਹਨ।

ਉਹ ਸਿਰਫ਼ ਅਮਰੀਕੀ ਹਿੱਤਾਂ ਨੂੰ ਹੀ ਤਰਜੀਹ ਦਿੰਦੇ ਹਨ। ਇਸ ਲਈ ਅਮਰੀਕਾ ਅਤੇ ਟਰੰਪ 'ਤੇ ਅੱਖਾਂ ਬੰਦ ਕਰ ਕੇ ਭਰੋਸਾ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਦੇ ਬਿਨਾਂ ਸਿਰ-ਪੈਰ ਦੇ ਬਿਆਨ 'ਤੇ ਭਾਰਤ ਨੇ ਇਹ ਸਾਫ਼ ਕਰਨ ਵਿਚ ਵੀ ਝਿਜਕ ਨਹੀਂ ਦਿਖਾਈ ਕਿ ਪਾਕਿਸਤਾਨ ਨਾਲ ਸਿਰਫ਼ ਉਸ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਵਾਪਸੀ ਅਤੇ ਅੱਤਵਾਦ ਦੇ ਮੁੱਦੇ 'ਤੇ ਹੀ ਕੋਈ ਗੱਲ ਹੋ ਸਕਦੀ ਹੈ ਅਤੇ ਉਹ ਵੀ ਉਦੋਂ, ਜਦੋਂ ਉਹ ਉਨ੍ਹਾਂ ਅੱਤਵਾਦੀਆਂ ਨੂੰ ਉਸ ਨੂੰ ਸੌਂਪੇਗਾ ਜਿਨ੍ਹਾਂ ਦੀ ਸੂਚੀ ਉਸ ਨੂੰ ਦਿੱਤੀ ਜਾ ਚੁੱਕੀ ਹੈ। ਭਾਰਤ ਟਰੰਪ ਦੀ ਇਸ ਗੱਲ ਨੂੰ ਵੀ ਕੋਈ ਅਹਿਮੀਅਤ ਦੇਣ ਨੂੰ ਤਿਆਰ ਨਹੀਂ ਕਿ ਦੋਵਾਂ ਦੇਸ਼ਾਂ ਨੂੰ ਵਪਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਭਾਰਤ ਦੇ ਸਖ਼ਤ ਰੌਂਅ ਕਾਰਨ ਪਾਕਿਸਤਾਨ 'ਚ ਘਬਰਾਹਟ ਹੈ। ਬੀਤੇ ਦਿਨੀਂ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਇਹ ਮੰਨਣ ਲਈ ਮਜਬੂਰ ਹੋ ਗਏ ਕਿ ਭਾਰਤ ਦੀ ਫ਼ੌਜ ਨੇ ਉਸ ਨੂੰ ਇੰਨਾ ਬੇਵੱਸ ਕਰ ਦਿੱਤਾ ਕਿ ਉਹ ਕੋਈ ਜਵਾਬੀ ਕਾਰਵਾਈ ਨਹੀਂ ਕਰ ਸਕਿਆ। ਇਹ ਸਪਸ਼ਟ ਹੈ ਕਿ ਇਸ ਤੋਂ ਬਾਅਦ ਵੀ ਆਪ੍ਰੇਸ਼ਨ ਸਿੰਧੂਰ 'ਤੇ ਕਈ ਦੇਸ਼ਾਂ ਦੀ ਪ੍ਰਤੀਕਿਰਿਆ ਉਮੀਦ ਮੁਤਾਬਕ ਨਹੀਂ ਰਹੀ ਅਤੇ ਸਭ ਤੋਂ ਹੈਰਾਨ ਕਰ ਦੇਣ ਵਾਲਾ ਪ੍ਰਤੀਕਰਮ ਅਮਰੀਕੀ ਰਾਸ਼ਟਰਪਤੀ ਦਾ ਰਿਹਾ।

ਇਸ ਕਾਰਨ ਭਾਰਤ ਇਸ ਨਤੀਜੇ 'ਤੇ ਪੁੱਜ ਰਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਵਪਾਰ ਅਤੇ ਅੱਤਵਾਦ ਨੂੰ ਜੋੜਨ ਦਾ ਅਜੀਬੋ-ਗ਼ਰੀਬ ਕੰਮ ਕਰਨ ਦੇ ਨਾਲ-ਨਾਲ ਪਾਕਿਸਤਾਨ ਦੇ ਅੱਤਵਾਦੀ ਚਿਹਰੇ ਨੂੰ ਦੇਖਣ ਲਈ ਤਿਆਰ ਨਹੀਂ ਹਨ। ਆਖ਼ਰ ਅਮਰੀਕਾ ਭਾਰਤ ਅਤੇ ਪਾਕਿਸਤਾਨ ਨੂੰ ਇਕ ਪਲੜੇ ਵਿਚ ਕਿਵੇਂ ਰੱਖ ਰਿਹਾ ਹੈ ਅਤੇ ਉਹ ਵੀ ਉਦੋਂ ਜਦੋਂ ਟਰੰਪ ਪਾਕਿਸਤਾਨ ਦੇ ਅੱਤਵਾਦੀ ਚਿਹਰੇ ਤੋਂ ਭਲੀਭਾਂਤ ਜਾਣੂ ਰਹੇ ਹਨ?

ਭਾਰਤ ਇਸ ਦੀ ਵੀ ਅਣਦੇਖੀ ਨਹੀਂ ਕਰ ਸਕਦਾ ਕਿ ਫ਼ੌਜੀ ਟਕਰਾਅ ਦੌਰਾਨ ਪਾਕਿਸਤਾਨ ਨੂੰ ਅਮਰੀਕੀ ਅਤੇ ਹੋਰ ਪੱਛਮੀ ਦੇਸ਼ਾਂ ਦੀ ਨਰਮੀ ਕਾਰਨ ਹੀ ਆਈਐੱਮਐੱਫ ਤੋਂ ਕਰਜ਼ਾ ਮਿਲਿਆ। ਬੇਸ਼ੱਕ ਪਾਕਿਸਤਾਨ ਦੀ ਆਰਥਿਕ ਸਥਿਤੀ ਖ਼ਰਾਬ ਹੈ ਪਰ ਉਸ ਨੂੰ ਕੋਈ ਮਦਦ ਉਦੋਂ ਦਿੱਤੀ ਜਾਣੀ ਚਾਹੀਦੀ ਹੈ ਜਦ ਉਹ ਉਨ੍ਹਾਂ ਸ਼ਰਤਾਂ ਨੂੰ ਪੂਰਾ ਕਰੇ ਜੋ ਉਸ 'ਤੇ ਉਸ ਸਮੇਂ ਲਗਾਈਆਂ ਗਈਆਂ ਸਨ ਜਦ ਉਹ ਐੱਫਏਟੀਐੱਫ ਦੀ ਗ੍ਰੇਅ-ਲਿਸਟ ਵਿਚ ਸੀ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਉਸ ਨੇ ਇਸ ਲਿਸਟ ਤੋਂ ਬਾਹਰ ਆਉਣ ਲਈ ਦਿਖਾਵੇ ਵਾਸਤੇ ਕੁਝ ਅੱਤਵਾਦੀਆਂ ਵਿਰੁੱਧ ਕਾਰਵਾਈ ਕੀਤੀ ਅਤੇ ਜਿਵੇਂ ਹੀ ਇਸ ਲਿਸਟ ਤੋਂ ਬਾਹਰ ਆਇਆ, ਅੱਤਵਾਦੀਆਂ ਨੂੰ ਮੁੜ ਪਾਲਣ-ਪੋਸਣ ਲੱਗਾ ਅਤੇ ਉਨ੍ਹਾਂ ਨੂੰ ਭਾਰਤ ਵਿਚ ਅੱਤਵਾਦੀ ਹਮਲੇ ਕਰਨ ਲਈ ਉਕਸਾਉਣ ਲੱਗਾ। ਪਹਿਲਗਾਮ ਵਿਚ ਅੱਤਵਾਦੀ ਹਮਲਾ ਇਸ ਦਾ ਹੀ ਨਤੀਜਾ ਹੈ।

ਅਮਰੀਕਾ ਅਤੇ ਹੋਰ ਪੱਛਮੀ ਮੁਲਕ ਇਸ ਤੋਂ ਅਣਜਾਣ ਨਹੀਂ ਕਿ ਪਾਕਿਸਤਾਨ ਵਿਦੇਸ਼ੀ ਸਹਾਇਤਾ ਦਾ ਇਸਤੇਮਾਲ ਆਪਣੀ ਆਰਥਿਕ ਬਦਹਾਲੀ ਦੂਰ ਕਰਨ 'ਤੇ ਨਹੀਂ, ਹਥਿਆਰ ਖ਼ਰੀਦਣ ਅਤੇ ਅੱਤਵਾਦੀ ਢਾਂਚੇ ਨੂੰ ਤਿਆਰ ਕਰਨ ਵਿਚ ਕਰਦਾ ਹੈ।

ਉਹ ਭਾਰਤ ਵਿਰੁੱਧ ਪਰਮਾਣੂ ਹਥਿਆਰਾਂ ਦੇ ਇਸਤੇਮਾਲ ਦੀ ਧਮਕੀ ਵੀ ਦਿੰਦਾ ਰਹਿੰਦਾ ਹੈ।

ਅਜਿਹੇ ਵਿਚ ਵਿਸ਼ਵ ਭਾਈਚਾਰੇ ਅਤੇ ਖ਼ਾਸ ਤੌਰ 'ਤੇ ਅਮਰੀਕਾ ਨੂੰ ਤਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਾਕਿਸਤਾਨ ਆਪਣੇ ਅੱਤਵਾਦੀ ਢਾਂਚੇ ਨੂੰ ਨਸ਼ਟ ਕਰੇ ਅਤੇ ਉੱਥੋਂ ਦੀ ਸਰਕਾਰ ਫ਼ੌਜ ਦੇ ਚੁੰਗਲ ਤੋਂ ਮੁਕਤ ਹੋਵੇ। ਵਿਸ਼ਵ ਭਾਈਚਾਰੇ ਅਤੇ ਖ਼ਾਸ ਤੌਰ 'ਤੇ ਅਮਰੀਕਾ ਲਈ ਇਹ ਸੱਚਾਈ ਤਾਂ ਅੱਖਾਂ ਖੋਲ੍ਹਣ ਅਤੇ ਪਰੇਸ਼ਾਨ ਕਰਨ ਵਾਲੀ ਹੋਣੀ ਚਾਹੀਦੀ ਹੈ ਕਿ ਪਾਕਿਸਤਾਨੀ ਫ਼ੌਜ ਦਾ ਆਪਣੀ ਸਰਕਾਰ 'ਤੇ ਕੰਟਰੋਲ ਹੈ, ਨਾ ਕਿ ਸਰਕਾਰ ਦਾ ਫ਼ੌਜ 'ਤੇ। ਅਮਰੀਕਾ ਇਸ ਦੀ ਵੀ ਅਣਦੇਖੀ ਕਰ ਰਿਹਾ ਹੈ ਕਿ ਪਾਕਿਸਤਾਨੀ ਫ਼ੌਜ ਦੇ ਮੁਖੀ ਆਸਿਮ ਮੁਨੀਰ ਨੇ ਖ਼ੁਦ ਨੂੰ ਫੀਲਡ ਮਾਰਸ਼ਲ ਬਣਾ ਲਿਆ ਹੈ।

ਹੁਣ ਉਹ ਹੋਰ ਜ਼ਿਆਦਾ ਤਾਕਤਵਰ ਹੋ ਕੇ ਪਾਕਿਸਤਾਨ ਸਰਕਾਰ ਨੂੰ ਆਪਣੀ ਕਠਪੁਤਲੀ ਬਣਾ ਲਵੇਗਾ। ਪਾਕਿਸਤਾਨ ਦੀਆਂ ਹਰਕਤਾਂ ਅਤੇ ਉਨ੍ਹਾਂ ਪ੍ਰਤੀ ਵਿਸ਼ਵ ਭਾਈਚਾਰੇ ਦੇ ਢਿੱਲੇ ਰਵੱਈਏ ਕਾਰਨ ਹੀ ਭਾਰਤ ਨੇ ਇਸ ਗੁਆਂਢੀ ਦੇਸ਼ ਦੇ ਅੱਤਵਾਦੀ ਚਿਹਰੇ ਨੂੰ ਬੇਨਕਾਬ ਕਰਨ ਲਈ ਮੁੱਖ ਦੇਸ਼ਾਂ ਵਿਚ ਸਰਬ-ਪਾਰਟੀ ਵਫ਼ਦ ਭੇਜਣ ਦਾ ਫ਼ੈਸਲਾ ਲਿਆ। ਬਦਕਿਸਮਤੀ ਨਾਲ ਇਸ 'ਤੇ ਜੋ ਵੀ ਸੌੜੀ ਅਤੇ ਸਸਤੀ ਸਿਆਸਤ ਸ਼ੁਰੂ ਹੋਈ, ਉਹ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ।

ਇਨ੍ਹਾਂ ਵਫ਼ਦਾਂ ਵਿਚ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦੇ ਉਹ ਨੇਤਾ ਵੀ ਹਨ ਜੋ ਮੋਦੀ ਸਰਕਾਰ ਦੇ ਕੱਟੜ ਆਲੋਚਕ ਰਹੇ ਹਨ। ਸਭ ਤੋਂ ਕੱਟੜ ਆਲੋਚਕ ਤਾਂ ਅਸਦੁਦੀਨ ਵੈਸੀ ਹਨ। ਉਹ ਮੋਦੀ ਸਰਕਾਰ ਨੂੰ ਹਰ ਮੁੱਦੇ 'ਤੇ ਘੇਰਦੇ ਹਨ ਪਰ ਵਿਦੇਸ਼ ਵਿਚ ਉਹ ਬੜੇ ਅਸਰਦਾਰ ਤਰੀਕੇ ਨਾਲ ਭਾਰਤ ਦਾ ਪੱਖ ਰੱਖ ਰਹੇ ਹਨ। ਅਜਿਹਾ ਹੀ ਕੰਮ ਹੋਰ ਵਿਰੋਧੀ ਨੇਤਾ ਅਤੇ ਖ਼ਾਸ ਤੌਰ 'ਤੇ ਕਾਂਗਰਸ ਦੇ ਸ਼ਸ਼ੀ ਥਰੂਰ ਕਰ ਰਹੇ ਹਨ। ਥਰੂਰ ਸਿਰਫ਼ ਸਾਬਕਾ ਡਿਪਲੋਮੈਟ ਅਤੇ ਵਿਦੇਸ਼ ਮਾਮਲਿਆਂ ਦੇ ਜਾਣਕਾਰ ਹੀ ਨਹੀਂ, ਪ੍ਰਭਾਵਸ਼ਾਲੀ ਵਕਤਾ ਵੀ ਹਨ। ਇਸ ਤੋਂ ਬਾਅਦ ਵੀ ਕਾਂਗਰਸ ਦੇ ਕਈ ਨੇਤਾਵਾਂ ਨੇ ਉਨ੍ਹਾਂ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ। ਇਨ੍ਹਾਂ ਵਿਚ ਪ੍ਰਮੁੱਖ ਹਨ ਰਾਹੁਲ ਗਾਂਧੀ ਦੇ ਕਰੀਬੀ ਮੰਨੇ ਜਾਣ ਵਾਲੇ ਜੈਰਾਮ ਰਮੇਸ਼ ਅਤੇ ਪਵਨ ਖੇੜਾ।

ਉਹ ਉਨ੍ਹਾਂ 'ਤੇ ਅਜਿਹੇ ਦੋਸ਼ ਲਗਾ ਰਹੇ ਹਨ ਕਿ ਖ਼ੁਦ ਕਾਂਗਰਸ ਦੇ ਕੁਝ ਨੇਤਾ ਹੈਰਾਨ ਹਨ। ਇਹ ਕੌੜੀ ਸੱਚਾਈ ਹੈ ਕਿ ਭਾਰਤੀ ਸਿਆਸਤ ਵਿਚ ਕਾਫ਼ੀ ਗਿਰਾਵਟ ਆ ਚੁੱਕੀ ਹੈ। ਇਸ ਦੇ ਸ਼ੁੱਧੀਕਰਨ ਦੀ ਬੇਹੱਦ ਜ਼ਰੂਰਤ ਹੈ। ਕਾਂਗਰਸ ਦਾ ਵਤੀਰਾ ਵਿਸ਼ਵ ਵਿਚ ਭਾਰਤ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਉਸ ਭਾਵਨਾ ਦਾ ਨਿਰਾਦਰ ਕਰਨ ਵਾਲਾ ਹੈ ਜਿਸ ਤਹਿਤ ਸਰਬ ਪਾਰਟੀ ਵਫ਼ਦ ਪ੍ਰਮੁੱਖ ਦੇਸ਼ਾਂ ਵਿਚ ਗਏ ਹਨ। ਇਸ ਤੋਂ ਮੰਦਭਾਗਾ ਹੋਰ ਕੁਝ ਨਹੀਂ ਹੋ ਸਕਦਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਰਾਸ਼ਟਰੀ ਹਿੱਤ ਦੇ ਵੱਡੇ ਮੁੱਦੇ 'ਤੇ ਬੇਹੱਦ ਹਲਕੀ ਸਿਆਸਤ ਖੇਡ ਰਹੀ ਹੈ।

# ਭਾਰਤ ਤੇ ਪਾਕਿਸਤਾਨ ਲਈ ਸਬਕ

ਮੇਜਰ ਜਨਰਲ (ਰਿਟਾ.) ਅਸ਼ੋਕ ਕੇ ਮਹਿਤਾ

ਪਿਛਲੇ ਹਫ਼ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਇਹ ਬੱਜਰ ਭੁੱਲ ਨਾਮਾਕੂਲ ਸਾਬਿਤ ਹੋਈ ਕਿ 'ਅਪਰੇਸ਼ਨ ਸ਼ੁਰੂ ਕਰਨ ਮੌਕੇ ਪਾਕਿਸਤਾਨ ਨੂੰ ਸੰਦੇਸ਼ ਦੇ ਦਿੱਤਾ ਸੀ ਕਿ ਅਸੀਂ ਸਿਰਫ਼ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੇ ਹਾਂ ਨਾ ਕਿ ਪਾਕਿਸਤਾਨੀ ਫ਼ੌਜ ਨੂੰ ਤਾਂ ਕਿ ਇਹ ਆਪਣੇ ਆਪ ਨੂੰ ਅਲਹਿਦਾ ਰੱਖ ਸਕੇ' (ਹਾਲਾਂਕਿ ਇਸ ਨੇ ਇਵੇਂ ਕੀਤਾ ਨਹੀਂ)। ਆਖ਼ਿਰ, ਅਪਰੇਸ਼ਨ ਸਿੰਧੂਰ ਤੋਂ 20 ਦਿਨਾਂ ਬਾਅਦ ਇਹ ਕਹਿਣ ਦੀ ਕੀ ਲੋੜ ਪੈ ਗਈ ਸੀ? ਅਤੀਤ ਵਿੱਚ ਉੜੀ ਤੇ ਬਾਲਾਕੋਟ, ਦੋਵੇਂ ਵਾਰ ਪਾਕਿਸਤਾਨੀ ਫ਼ੌਜ ਨੂੰ ਲਾਂਭੇ ਰੱਖਣ ਦੀ ਗੱਲ ਦੀ ਨਿਰਖ-ਪਰਖ ਅਪਰੇਸ਼ਨਾਂ ਤੋਂ ਬਾਅਦ ਹੋ ਗਈ ਸੀ। ਇਸ ਲਈ ਐਤਕੀਂ ਵੀ ਇਵੇਂ ਕੀਤਾ ਗਿਆ ਪਰ ਇਹ ਤੈਅ ਸੀ ਕਿ ਪਾਕਿਸਤਾਨ ਦੀ ਤਰਫ਼ੋਂ ਜਵਾਬ ਆਵੇਗਾ। ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਇਹ ਅਪਰੇਸ਼ਨ ਖ਼ਤਮ ਹੋਣ ਤੋਂ ਬਾਅਦ ਜਦੋਂ ਡੀਜੀਐੱਮ ਜ਼ ਵਿਚਕਾਰ ਗੱਲ ਹੋ ਰਹੀ ਸੀ ਤਦ ਇਹ ਕਿਹਾ ਗਿਆ ਸੀ।

ਕਰੀਬ ਤਿੰਨ ਹਫ਼ਤਿਆਂ ਬਾਅਦ ਵੀ ਬਹਾਵਲਪੁਰ ਅਤੇ ਮੁਰੀਦਕੇ ਉੱਪਰ ਉੱਠਿਆ ਧੂੰਆਂ ਅਜੇ ਤੱਕ ਨਹੀਂ ਬੈਠ ਸਕਿਆ। ਜੰਗ ਦਾ ਧੁੰਦਲਕਾ ਨਹੀਂ ਛਟਿਆ। ਸਭ ਤੋਂ ਪਹਿਲਾਂ ਸਚਾਈ ਇਸ ਦੀ ਭੇਟ ਚੜ੍ਹੀ। ਉਠਾਉਣ ਦੇ ਆਸਾਰ ਹਨ।

ਬਹੁਤ ਕੁਝ ਤਾਂ ਭਾਵੇਂ ਬੀਤ ਚੁੱਕਿਆ ਹੈ ਪਰ ਅਜੇ ਵੀ ਕੁਝ ਫ਼ੌਜੀ ਅਤੇ ਕੂਟਨੀਤਕ ਮੁੱਦਿਆਂ 'ਤੇ ਜ਼ੋਰ ਦੇਣ ਦੀ ਲੋੜ ਹੈ। ਭਾਰਤ ਅਤੇ ਪਾਕਿਸਤਾਨ, ਦੋਵਾਂ ਵੱਲੋਂ ਜਿੱਤ ਦੇ ਜਸ਼ਨ ਮਨਾਏ ਜਾ ਚੁੱਕੇ ਹਨ। ਬਿਨਾਂ ਸ਼ੱਕ ਹਵਾਈ ਹਮਲਿਆਂ ਦਾ ਗੁਣਾ ਭਾਰਤ ਦੇ ਪਲੜੇ ਵੱਲ ਝੁਕਦਾ ਹੈ। ਸਰਹੱਦ ਪਾਰ ਦਹਿਸ਼ਤਗਰਦੀ ਦਾ ਮੁੱਦਾ ਛੇਤੀ ਕੀਤਿਆਂ ਖ਼ਤਮ ਹੋਣ ਵਾਲਾ ਨਹੀਂ ਜਿਸ ਕਰ ਕੇ ਪਾਕਿਸਤਾਨ ਨੂੰ ਲੜਾਈ ਦੇ ਇੱਕ ਹੋਰ ਮੌਕੇ ਦੀ ਉਡੀਕ ਰਹੇਗੀ। ਭਾਰਤ ਕੋਲ ਭਾਵੇਂ ਅਜੇ ਤੱਕ ਕੋਈ ਕੌਮੀ ਸੁਰੱਖਿਆ ਨੀਤੀ ਨਹੀਂ ਹੈ ਪਰ ਇਸ ਨੇ ਦਹਿਸ਼ਤਗਰਦੀ ਦੇ ਟਾਕਰੇ ਦਾ ਜਟਿਲ ਸਿਧਾਂਤ ਘੜ ਲਿਆ ਹੈ ਜਿਸ ਤਹਿਤ ਕਿਸੇ ਦਹਿਸ਼ਤਗਰਦ ਹਮਲੇ ਨੂੰ ਜੰਗ ਦੀ ਕਾਰਵਾਈ ਐਲਾਨ ਕੇ ਲੁਕਵੇਂ ਹਮਲਾਵਰਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਵਿਚਕਾਰ ਫ਼ਰਕ ਦੂਰ ਕਰ ਦਿੱਤਾ ਹੈ। ਦਿੱਲੀ ਨੇ ਇਸਲਾਮਾਬਾਦ ਦੇ ਮੁੱਕਰਨ ਅਤੇ ਮਿਸਲ ਵਟਾਂਦਰੇ ਨੂੰ ਦਰਕਿਨਾਰ ਕਰ ਦਿੱਤਾ ਹੈ। ਅਪਰੇਸ਼ਨ ਸਿੰਧੂਰ ਨਾ ਕੇਵਲ ਬਹੁਤ ਸੰਖੇਪ, ਅਲੱਗ ਥਲੱਗ ਝੜਪ ਸੀ ਪਰ ਅਤਿ ਸੰਖੇਪ ਪਰਮਾਣੂ ਸੰਕਟ ਵੀ ਹੈ। ਪਹਿਲੀ ਵਾਰ ਭਾਰਤੀ ਹਵਾਈ ਸੈਨਾ ਨੇ ਹਵਾਈ ਦਬਦਬਾ ਕਾਇਮ ਕਰਦੇ ਹੋਏ ਸਟੀਕ ਨਿਸ਼ਾਨੇ ਲਗਾ ਕੇ ਪਾਕਿਸਤਾਨ ਨੂੰ ਪਿਛਾਂਹ ਹਟਣ ਲਈ ਮਜਬੂਰ ਕਰ ਕੇ ਦੇਸ਼ ਦੀ ਬੱਜਰ ਭੁਜਾ ਹੋਣ ਦਾ ਸਬੂਤ ਦਿੱਤਾ ਹੈ। ਇਸ ਨੇ ਇਹ ਸਥਾਪਿਤ ਕੀਤਾ ਹੈ ਕਿ ਹਵਾਈ ਸ਼ਕਤੀ ਸਭ ਤੋਂ ਘੱਟ ਉਤੇਜਕ ਕਾਰਵਾਈ ਹੈ। ਭਾਰਤ ਦਾ ਮਾਸਟਰਸਟਰੋਕ ਇਸ ਦੀ ਉਸ ਸੂਖਮਤਾ ਵਿੱਚ ਪਿਆ ਹੈ ਜਿਸ ਰਾਹੀਂ ਇਸ ਨੇ ਧਮਾਕੇਦਾਰ ਗਤੀਸ਼ੀਲ ਪ੍ਰਤੀਕਿਰਿਆ ਕੀਤੀ ਸੀ। ਅਪਰੇਸ਼ਨ ਦਾ ਖ਼ਾਤਮਾ ਇਸ ਐਲਾਨ ਨਾਲ ਕੀਤਾ ਗਿਆ ਕਿ ਕੀ 'ਜੇ ਪਾਕਿਸਤਾਨ ਨੇ ਕੋਈ ਦੁਸਾਹਸ ਕੀਤਾ ਤਾਂ ਇਸ ਦਾ ਜਵਾਬ ਦਿੱਤਾ ਜਾਵੇਗਾ।' ਪਾਕਿਸਤਾਨ ਵੱਲੋਂ ਜਵਾਬੀ ਕਾਰਵਾਈ ਬਣਦੀ ਹੀ ਸੀ ਅਤੇ ਇਸ ਨਾਲ ਤਣਾਅ ਆਸ ਮੁਤਾਬਿਕ ਹੋਰ ਵਧ ਗਿਆ। ਰਾਵਲਪਿੰਡੀ ਨੂੰ ਟਕਰਾਅ ਘਟਾਉਣ ਤੇ ਪਿਛਾਂਹ ਪਰਤਣ ਲਈ ਹੀ ਤਣਾਅ ਵਧਾਉਣਾ ਪੈਣਾ ਸੀ। ਬਾਲਾਕੋਟ ਤੋਂ ਬਾਅਦ ਕਿਸੇ ਵੀ ਭਾਰਤੀ ਪ੍ਰਤੀਕਿਰਿਆ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਬਿਹਤਰ ਤਕਨਾਲੋਜੀ ਸਦਕਾ ਭਾਰਤ ਤਣਾਅ ਉਪਰ ਕੰਟਰੋਲ ਰੱਖਣ ਦੇ ਕਾਬਿਲ ਹੋ ਸਕਿਆ।



ਗੋਲੀਬੰਦੀ ਪੁੱਗਣ ਦੀ ਕੋਈ ਨਿਸ਼ਚਤ ਮਿਆਦ ਨਹੀਂ ਹੁੰਦੀ। ਸ਼ੋਪੀਆਂ ਅਤੇ ਤਰਾਲ ਵਿੱਚ ਦਹਿਸ਼ਤਗਰਦੀ ਦੀਆਂ ਦੋ ਘਟਨਾਵਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਛੇ ਮੁਕਾਮੀ ਦਹਿਸ਼ਤਗਰਦ ਮਾਰੇ ਗਏ ਹਨ। ਨਵਾਂ ਮਲਟੀ ਏਜੰਸੀ ਸੈਂਟਰ ਹੋਂਦ ਵਿੱਚ ਆ ਚੁੱਕਿਆ ਹੈ; ਠੀਕ ਉਵੇਂ ਜਿਵੇਂ ਖੇਤ ਚੁਗਣ ਤੋਂ ਬਾਅਦ ਫੰਦਾ ਲਾਇਆ ਹੋਵੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਛੇਵੀਂ ਵਾਰ ਇਹ ਆਖਿਆ ਹੈ ਕਿ 'ਉਸ ਨੇ ਗੋਲੀਬੰਦੀ ਕਰਾਉਣ ਅਤੇ ਘਾਤਕ ਪਰਮਾਣੂ ਜੰਗ ਭੜਕਣ ਤੋਂ ਰੋਕਣ ਵਿੱਚ ਸਫਲਤਾ ਹਾਸਿਲ ਕੀਤੀ ਹੈ।' ਭਾਰਤ-ਪਾਕਿਸਤਾਨ ਮਾਮਲਿਆਂ 'ਤੇ ਲੰਮੇ ਚਿਰ ਤੋਂ ਨਿਗਾਹ ਰੱਖਣ ਵਾਲੇ ਕ੍ਰਿਸ ਕਲੈਰੀ ਮੁਤਾਬਿਕ "ਅਮਰੀਕਾ ਨੇ ਦਖ਼ਲ ਉਦੋਂ ਦਿੱਤਾ ਜਦੋਂ ਗਤੀਸ਼ੀਲ ਨਿਸ਼ਾਨਿਆਂ- ਪਰਮਾਣੂ ਅਸਾਸਿਆਂ ਦੇ ਤਬਦੀਲ ਹੋਣ ਦੀ ਨਕਲੋ-ਹਰਕਤ ਦੇਖੀ ਗਈ ਸੀ। ਇਸ ਤੋਂ ਪਹਿਲਾਂ ਹੋਏ ਸਾਰੇ ਭਾਰਤ ਪਾਕਿਸਤਾਨ ਟਕਰਾਵਾਂ ਵਿੱਚ ਅਮਰੀਕੀ ਸੰਕਟ ਪ੍ਰਬੰਧਨ ਦੀ ਦਿਸਣਯੋਗ ਭੂਮਿਕਾ ਰਹੀ ਸੀ ਜਿਸ ਦੀ ਸ਼ੁਰੂਆਤ 1984 ਤੋਂ ਸ਼ੁਰੂ ਹੋਈ ਸੀ; ਭਾਰਤ ਦੀ ਇਹ ਮਨਸ਼ਾ ਰਹੀ ਹੈ ਕਿ ਪਾਕਿਸਤਾਨ ਦੇ ਨਾਜਾਇਜ਼ ਪਰਮਾਣੂ ਬੱਚੇ ਨੂੰ ਦਮ ਘੁੱਟ ਕੇ ਮਾਰ ਦਿੱਤਾ ਜਾਵੇ ਅਤੇ ਕਹੂਟਾ ਨੂੰ ਤਬਾਹ ਕਰ ਦਿੱਤਾ ਜਾਵੇ; 1987 ਦੀ ਬਰਾਸ ਟੈਕਜ਼ ਕਵਾਇਦ, 1990 ਦਾ ਕੰਪਾਊਂਡ ਕਸ਼ਮੀਰ ਸੰਕਟ, 1998 ਦਾ ਅਦਲ ਬਦਲ ਪਰਮਾਣੂ ਧਮਾਕੇ, 1999 ਦੀ ਕਾਰਗਿਲ ਲੜਾਈ, 2001-02 ਦਾ ਅਪਰੇਸ਼ਨ ਪ੍ਰਾਕਰਮ ਅਤੇ 2019 ਵਿੱਚ ਬਾਲਾਕੋਟ ਹਵਾਈ ਹਮਲੇ।

ਕਾਰਗਿਲ ਅਤੇ ਬਾਲਾਕੋਟ ਦੌਰਾਨ ਕੂਟਨੀਤੀ ਫ਼ੌਜ ਦੀ ਪਿੱਠ 'ਤੇ ਸਵਾਰ ਸੀ। ਅਪਰੇਸ਼ਨ ਪ੍ਰਾਕਰਮ ਵਿੱਚ ਫ਼ੌਜ ਦੰਡਕਾਰੀ ਕੂਟਨੀਤੀ ਦੀ ਪਿੱਠ ਠੋਕ ਰਹੀ ਸੀ ਜਿਵੇਂ ਸ੍ਰੀਲੰਕਾ ਵਿੱਚ ਕੀਤਾ ਗਿਆ ਸੀ। ਅਪਰੇਸ਼ਨ ਸਿੰਧੂਰ ਦੌਰਾਨ ਭਾਰਤੀ ਕੂਟਨੀਤੀ ਸ਼ਾਨਦਾਰ ਢੰਗ ਨਾਲ ਅਮਲ ਵਿੱਚ ਲਿਆਂਦੇ ਗਏ ਅਪਰੇਸ਼ਨਾਂ ਦੀ ਗਤੀ ਨਾਲ ਕਦਮ-ਤਾਲ ਨਾ ਬਿਠਾ ਸਕੀ ਜਿਸ ਦਾ ਇਕਮਾਤਰ ਹਮਾਇਤੀ ਇਜ਼ਰਾਈਲ ਸੀ। ਸਾਡੇ ਆਂਢ-ਗੁਆਂਢ ਦੇ ਕਿਸੇ ਵੀ ਦੇਸ਼ ਨੇ ਭਾਰਤ ਦੇ ਗਤੀਸ਼ੀਲ ਜਵਾਬ ਦੀ ਹਮਾਇਤ ਨਹੀਂ ਕੀਤੀ ਹਾਲਾਂਕਿ ਸਭ ਨੇ ਪਹਿਲਗਾਮ ਹਮਲੇ ਦੀ ਪਾਕਿਸਤਾਨ ਦਾ ਨਾਂ ਲਏ ਬਗ਼ੈਰ ਨਿੰਦਾ ਕੀਤੀ ਸੀ। ਚੀਨ ਅਤੇ ਤੁਰਕੀ ਨੇ ਪੂਰੀ ਤਰ੍ਹਾਂ ਪਾਕਿਸਤਾਨ ਦਾ ਸਾਥ ਦਿੱਤਾ ਹੈ। ਅਮਰੀਕੀ ਸਾਲਸੀ ਤੋਂ ਇਨਕਾਰ ਕਰਨ ਦੇ ਬਾਵਜੂਦ 22-23 ਮਈ ਨੂੰ ਸੱਤ ਕੂਟਨੀਤਕ ਟੀਮਾਂ ਵਿਦੇਸ਼ੀ ਰਾਜਧਾਨੀਆਂ ਲਈ ਘੱਲੀਆਂ ਜਾ ਰਹੀਆਂ ਹਨ। ਹੁਣ ਪਾਕਿਸਤਾਨ ਵੱਲੋਂ ਵੀ ਇਵੇਂ ਹੀ ਕੀਤਾ ਜਾ ਰਿਹਾ ਹੈ। ਪਾਕਿਸਤਾਨ ਇੱਕ ਮਹੀਨੇ ਲਈ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਧਾਨਗੀ ਕਰੇਗਾ ਜਿਸ ਦੌਰਾਨ ਕਸ਼ਮੀਰ ਮੁੱਦਾ

ਇਸ ਨਾਲ ਡਰਾਵਾ ਬਹਾਲ ਹੋ ਗਿਆ ਅਤੇ ਪਾਕਿਸਤਾਨ ਦੇ ਪਰਮਾਣੂ ਪੈਮਾਨੇ ਨੂੰ ਵਧਾ ਕੇ ਰਵਾਇਤੀ ਅਪਰੇਸ਼ਨਾਂ ਦੀ ਗੁੰਜਾਇਸ਼ ਵਧ ਗਈ। ਟਕਰਾਅ ਦੌਰਾਨ ਕੋਈ ਵੀ ਪਰਮਾਣੂ ਸੰਕੇਤ ਨਹੀਂ ਮਿਲਿਆ, ਸਿਵਾਏ ਇਸ ਦੇ ਕਿ ਅਮਰੀਕਾ ਵੱਲੋਂ 'ਡਾਇਨਮਿਕ ਟਾਰਗੈਟਿੰਗ' ਦਾ ਪਤਾ ਲਾਇਆ ਗਿਆ ਜਿਸ ਨਾਲ ਪਰਮਾਣੂ ਖ਼ਤਰੇ ਦੀ ਘੰਟੀ ਵੱਜ ਗਈ। ਪਾਕਿਸਤਾਨ ਖ਼ਿਲਾਫ਼ ਅਜ਼ਮਾਏ ਗਏ ਅਤੇ ਭਾਰਤ ਵਿੱਚ ਬਣੇ ਹਥਿਆਰਾਂ ਦੀ ਖਰੀਦ ਦੀਆਂ ਸੰਭਾਵਨਾਵਾਂ ਵਧ ਗਈਆਂ ਹਾਲਾਂਕਿ ਚੀਨ ਦੀਆਂ ਇਸ 'ਤੇ ਬਾਜ ਨਜ਼ਰਾਂ ਲੱਗੀਆਂ ਹੋਈਆਂ ਸਨ। ਤਕਨਾਲੋਜੀ ਵਿੱਚ ਹੈਰਾਨਕੁਨ ਵਾਧੇ ਦੇ ਬਾਵਜੂਦ ਮਸ਼ੀਨ ਦੇ ਪਿੱਛੇ ਬੈਠੇ ਆਦਮੀ ਦਾ ਕੋਈ ਬਦਲ ਨਹੀਂ ਹੈ। ਥਲ ਸੈਨਾ ਦੀਆਂ ਕਾਰਵਾਈਆਂ ਭਾਵੇਂ ਅਸਲ ਕੰਟਰੋਲ ਰੇਖਾ ਦੇ ਆਸ-ਪਾਸ ਅਤੇ ਜਲ ਸੈਨਾ ਵੱਲੋਂ ਪਾਕਿਸਤਾਨੀ ਨੇਵੀ ਦੀ ਘੇਰਾਬੰਦੀ ਅਤੇ ਅਰਬ ਸਾਗਰ ਵਿੱਚ ਦਬਦਬਾ ਕਾਇਮ ਕਰਨ ਤੱਕ ਸੀਮਤ ਸਨ ਪਰ ਜੰਗ ਅਤੇ ਖੇਤਰ (ਪੀਓਕੇ ਅਤੇ ਐੱਲ ਓ ਸੀ) ਦੀ ਰੱਖਿਆ ਵਿੱਚ ਥਲ ਸੈਨਾ ਦਾ ਦਬਦਬਾ ਰਹੇਗਾ। ਯੂਕਰੇਨ ਵਿੱਚ ਅਜੇ ਵੀ ਇਲਾਕੇ ਦੱਬਣ ਅਤੇ ਬਚਾਅ ਕੇ ਰੱਖਣ ਲਈ ਜੰਗ ਹੋ ਰਹੀ ਹੈ। ਅਪਰੇਸ਼ਨ ਸਿੰਧੂਰ ਦਾ ਲਬੋ-ਲਬਾਬ ਦੇਰ ਤੋਂ ਚਲੀ ਆ ਰਹੀ ਜੰਗ ਅਤੇ ਮਨੋਵਿਗਿਆਨਕ ਬੜ੍ਹਤ ਹਾਸਿਲ ਕਰਨ ਨਾਲ ਜੁੜਿਆ ਹੋਇਆ ਹੈ। ਭਾਰਤ ਦੀਆਂ ਸਰਹੱਦਾਂ ਦੇ ਰੇੜਕੇ ਤੈਅ ਨਾ ਹੋਣ, ਅੰਦਰੂਨੀ ਅਸਥਿਰਤਾ ਅਤੇ ਪ੍ਰਭੂਸੱਤਾ ਅਤੇ ਇਲਾਕਾਈ ਅਖੰਡਤਾ ਦੀ ਰਾਖੀ ਕਰ ਕੇ ਥਲ ਸੈਨਾ ਦੀ ਪ੍ਰਸੰਗਕਤਾ ਬਣੀ ਰਹੇਗੀ। ਅਗਨੀਵੀਰ ਨੁਕਸਦਾਰ

(ਬਾਕੀ ਸਫ਼ਾ 5 'ਤੇ)

# ਹਾਰਵਰਡ ਵਿੱਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ ’ਤੇ ਟਰੰਪ ਵੱਲੋ ਰੋਕ

ਵਾਸ਼ਿੰਗਟਨ- ਅਮਰੀਕਾ ਵਿਚ ਵਿਦੇਸ਼ੀ ਲੋਕਾਂ ਦਾ ਆਉਣਾ ਹੋਰ ਮੁਸ਼ਕਿਲ ਕਰਦਿਆਂ ਹੁਣ ਟਰੰਪ ਪ੍ਰਸ਼ਾਸਨ ਨੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਆਗਮਨ ’ਤੇ ਰੋਕ ਲਗਾ ਦਿੱਤੀ ਹੈ। ਸਭ ਤੋਂ ਪਹਿਲਾਂ ਹਾਰਵਰਡ ਯੂਨੀਵਰਸਿਟੀ ਇਸ ਦਾ ਸ਼ਿਕਾਰ ਬਣੀ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਰਵਰਡ ਯੂਨੀਵਰਸਿਟੀ ਵਿੱਚ ਤਬਾਦਲਾ ਪ੍ਰੋਗਰਾਮ ਤਹਿਤ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ’ਤੇ ਛੇ ਮਹੀਨਿਆਂ ਲਈ ਰੋਕ ਲਾ ਦਿੱਤੀ ਹੈ। ਇਹ ਕਦਮ ਉਨ੍ਹਾਂ ਵੱਲੋਂ ‘ਆਈਵੀ ਲੀਗ ਸਕੂਲ’ ਤੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਦੂਰ ਰੱਖਣ ਦੀ ਇਕ ਨਵੀਂ ਕੋਸ਼ਿਸ਼ ਹੈ। ‘ਆਈਵੀ ਲੀਗ’ ਹਾਰਵਰਡ ਯੂਨੀਵਰਸਿਟੀ ਸਮੇਤ ਅਮਰੀਕਾ ਦੇ ਅੱਠ ਪ੍ਰਸਿੱਧ ਨਿੱਜੀ ਵਿੱਦਿਅਕ ਸਥਾਨਾਂ ਦਾ ਸਮੂਹ ਹੈ। ਟਰੰਪ ਨੇ ਬੁੱਧਵਾਰ ਨੂੰ ਜਾਰੀ ਕੀਤੇ ਗਏ ਇਕ ਐਗਜ਼ਿਕਿਊਟਿਵ ਆਰਡਰ (ਸ਼ਾਸਕੀ ਹੁਕਮ) ਵਿੱਚ ਐਲਾਨ ਕੀਤਾ ਹੈ ਕਿ ਹਾਰਵਰਡ ਨੂੰ ਮੈਸੇਚੂਸੇਟਸ ਦੇ ਕੈਮਬ੍ਰਿਜ਼ ਸਥਿਤ ਆਪਣੇ ਕੈਂਪਸ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਇਜਾਜ਼ਤ ਦੇਣਾ ਕੌਮੀ ਸੁਰੱਖਿਆ ਲਈ ਖ਼ਤਰਾ ਹੋਵੇਗਾ। ਟਰੰਪ ਨੇ ਹੁਕਮ ਵਿੱਚ ਲਿਖਿਆ, ‘‘ਮੈਂ ਇਹ ਫੈਸਲਾ ਕੀਤਾ ਹੈ ਕਿ ਵਿਦੇਸ਼ੀ ਨਾਗਰਿਕਾਂ ਦੇ ਵਰਗ ਦਾ ਦਾਖਲਾ ਅਮਰੀਕਾ ਦੇ ਹਿਤਾਂ ਲਈ ਨੁਕਸਾਨਦਾਇਕ ਹੈ ਕਿਉਂਕਿ ਮੇਰੇ ਵਿਚਾਰ ਵਿੱਚ ਹਾਰਵਰਡ ਦੇ ਚਾਲ-ਚਲਣ ਨੇ ਇਸ ਨੂੰ ਵਿਦੇਸ਼ੀ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਲਈ ਅਣਉਚਿਤ ਥਾਂ ਬਣਾ ਦਿੱਤਾ ਹੈ।’’



ਟਰੰਪ ਦਾ ਇਹ ਫੈਸਲਾ ਦੇਸ਼ ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਅਮੀਰ ਯੂਨੀਵਰਸਿਟੀ ਅਤੇ ਵ੍ਹਾਈਟ ਹਾਊਸ (ਅਮਰੀਕਾ ਦੇ ਰਾਸ਼ਟਰਪਤੀ ਦਾ ਦਫ਼ਤਰ ਅਤੇ ਰਿਹਾਇਸ਼) ਵਿਚਾਲੇ ਟਕਰਾਅ ਵੱਲ ਇਕ ਹੋਰ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਬੋਸਟਨ ਦੀ ਇਕ ਸੰਘੀ ਅਦਾਲਤ ਨੇ ਪਿਛਲੇ ਹਫ਼ਤੇ ਹਾਰਵਰਡ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਉੱਤੇ ਰੋਕ ਲਾਉਣ ਤੋਂ ਘਰੇਲੂ ਸੁਰੱਖਿਆ ਵਿਭਾਗ ਨੂੰ ਰੋਕਿਆ ਗਿਆ ਸੀ, ਪਰ ਟਰੰਪ ਦੇ ਹੁਕਮ ਇੱਕ ਵੱਖਰੀ ਕਾਨੂੰਨੀ ਅਥਾਰਟੀ ਦੀ ਵਰਤੋਂ ਰਾਹੀਂ ਕੀਤੇ ਗਏ ਹਨ।

ਟਰੰਪ ਨੇ ਇਕ ਵਿਸ਼ਾਲ ਸੰਘੀ ਕਾਨੂੰਨ ਦਾ ਹਵਾਲਾ ਦਿੱਤਾ ਹੈ ਜੋ ਰਾਸ਼ਟਰਪਤੀ ਨੂੰ ਉਹ ਵਿਦੇਸ਼ੀਆਂ ਰੋਕਣ ਦਾ ਅਧਿਕਾਰ ਦਿੰਦਾ ਹੈ, ਜਿਨ੍ਹਾਂ ਦਾ ਦਾਖਲਾ “ਅਮਰੀਕਾ ਦੇ ਹਿਤਾਂ ਲਈ ਨੁਕਸਾਨਦਾਇਕ” ਹੋ ਸਕਦਾ ਹੈ। ਉਨ੍ਹਾਂ ਨੇ ਬੁੱਧਵਾਰ ਨੂੰ ਇਸੇ ਅਧਿਕਾਰ ਦੇ ਹਵਾਲੇ ਨਾਲ ਇਹ ਵੀ ਐਲਾਨ ਕੀਤਾ ਕਿ 12 ਦੇਸ਼ਾਂ ਦੇ ਨਾਗਰਿਕਾਂ ਉੱਤੇ ਅਮਰੀਕਾ ਆਉਣ ਉੱਤੇ ਪਾਬੰਦੀ ਲੱਗੀ ਰਹੇਗੀ ਅਤੇ ਹੋਰ 7 ਦੇਸ਼ਾਂ ਉੱਤੇ ਵੀ ਕੁਝ ਸੀਮਾਵਾਂ ਲਾਗੂ ਰਹਿਣਗੀਆਂ।

ਟਰੰਪ ਦੇ ਹਾਰਵਰਡ ਸੰਬੰਧੀ ਹੁਕਮ ਵਿਚ ਕਈ ਹੋਰ ਕਾਨੂੰਨਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਅਤਿਵਾਦੀ ਸੰਗਠਨਾਂ ਨਾਲ ਜੁੜੇ ਵਿਦੇਸ਼ੀਆਂ ਉੱਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਵੀ ਸ਼ਾਮਲ ਹੈ।

ਉਧਰ ਹਾਰਵਰਡ ਨੇ ਬੁੱਧਵਾਰ ਰਾਤ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ, ‘‘ਆਪਣੇ ਕੌਮਾਂਤਰੀ ਵਿਦਿਆਰਥੀਆਂ ਦੀ ਰੱਖਿਆ ਜਾਰੀ ਰੱਖੇਗਾ।’’ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਕਿਹਾ, ‘‘ਇਹ ਹਾਰਵਰਡ ਦੇ ਪਹਿਲੇ ਸੰਸ਼ੋਧਨ ਅਧਿਕਾਰਾਂ ਦਾ ਉਲੰਘਣ ਕਰਦਿਆਂ ਪ੍ਰਸ਼ਾਸਨ ਵੱਲੋਂ ਚੁੱਕਿਆ ਗਿਆ ਇੱਕ ਹੋਰ ਗੈਰਕਾਨੂੰਨੀ ਅਤੇ ਬਦਲਵਾਂ ਕਦਮ ਹੈ।’

# ਬੰਗਲੌਰ- ਪੈਰਾਂ ਹੇਠ ਮਿੱਧੇ ਗਏ ਲੋਕ, ਔਰਤਾਂ ਤੇ ਬੱਚਿਆਂ ਨਾਲ ਹੋਈ ਧੱਕਾ-ਮੁੱਕੀ

ਨਵੀਂ ਦਿੱਲੀ- 'ਅਸੀਂ ਆਪਣੇ ਖਿਡਾਰੀਆਂ ਨੂੰ ਦੇਖਣ ਆਏ ਸੀ। ਅਸੀਂ ਸਮਾਰੋਹ ਲਈ ਟਿਕਟਾਂ ਖਰੀਦੀਆਂ ਸਨ ਪਰ ਸਟੇਡੀਅਮ ਵਿੱਚ ਦਾਖਲ ਨਹੀਂ ਹੋ ਸਕੇ। ਪੁਲਿਸ ਨੇ ਅਚਾਨਕ ਸਾਰੀਆਂ ਸੜਕਾਂ ਅਤੇ ਪ੍ਰਵੇਸ਼ ਦੁਆਰ ਬੰਦ ਕਰ ਦਿੱਤੇ। ਅਚਾਨਕ ਗੇਟ ਨੇੜੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਜਸ਼ਨ ਦਾ ਦਿਨ ਸੋਗ ਵਿੱਚ ਬਦਲ ਗਿਆ।' ਮੰਗਲਵਾਰ ਨੂੰ ਰਾਇਲ ਚੈਲੇਂਜਰਜ਼ ਬੈਂਗਲੁਰੂ ਨੇ ਆਪਣਾ ਪਹਿਲਾ ਆਈਪੀਐਲ ਖਿਤਾਬ ਜਿੱਤਿਆ। ਬੁੱਧਵਾਰ ਨੂੰ ਇਸ ਜਿੱਤ ਦਾ ਜਸ਼ਨ ਮਨਾਉਣ ਲਈ ਬੈਂਗਲੁਰੂ ਵਿੱਚ ਇੱਕ ਸਮਾਰੋਹ ਦਾ ਆਯੋਜਨ ਕੀਤਾ ਪਰ ਕੌਣ ਜਾਣਦਾ ਸੀ ਕਿ ਜਿੱਤ ਦਾ ਇਹ ਜਸ਼ਨ ਸੋਗ ਵਿੱਚ ਬਦਲਣ ਵਾਲਾ ਹੈ।

ਬੁੱਧਵਾਰ ਸ਼ਾਮ ਨੂੰ ਬੈਂਗਲੁਰੂ ਦੇ ਚਿੰਨਾਸਵਾਮੀ ਸਟੇਡੀਅਮ ਨੇੜੇ ਆਰਸੀਬੀ ਪ੍ਰਸ਼ੰਸਕਾਂ ਦੀ ਭੀੜ ਆਪਣੇ ਸਟਾਰ ਖਿਡਾਰੀਆਂ ਨੂੰ ਦੇਖਣ ਲਈ ਇਕੱਠੀ ਹੋ ਗਈ ਫਿਰ ਅਚਾਨਕ ਸਟੇਡੀਅਮ ਨੇੜੇ ਜਿੱਤ ਪਰੇਡ ਦੌਰਾਨ ਭਗਦੜ ਮੱਚ ਗਈ। ਇਸ ਵਿੱਚ 11 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਗੰਭੀਰ ਜ਼ਖਮੀ ਹੋ ਗਏ। ਜਦੋਂ ਭਗਦੜ ਰੁਕੀ ਤਾਂ ਸਟੇਡੀਅਮ ਨੇੜੇ ਜੁੱਤਿਆਂ ਅਤੇ ਚੱਪਲਾਂ ਖਿੱਲਰਿਆਂ ਹੋਇਆਂ ਸਨ। ਚਾਰੇ ਪਾਸੇ ਸੋਗ ਸੀ। ਕੁਝ ਕਿਸੇ ਨੂੰ ਗੋਦੀ ਵਿੱਚ ਲੈ ਕੇ ਭੱਜ ਰਹੇ ਸਨ ਤੇ ਕੁਝ ਸੀਪੀਆਰ ਦੇ ਰਹੇ ਸਨ। ਇਸ ਦੁਖਦਾਈ ਘਟਨਾ 'ਤੇ ਹਰ ਕੋਈ ਹੰਝੂ ਵਹਾ ਰਿਹਾ ਸੀ। ਬਹੁਤ ਸਾਰੇ ਲੋਕਾਂ ਨੇ ਸਿਸਟਮ ਨੂੰ ਕੋਸਿਆ ਤੇ ਪ੍ਰਸ਼ੰਸਕਾਂ ਨੇ ਨਿਰਾਸ਼ਾ ਪ੍ਰਗਟ ਕੀਤੀ।

# ਸ੍ਰੀਨਗਰ ਤੱਕ ਪਹੁੰਚੀ ਰੇਲ ਗੱਡੀ

ਸ੍ਰੀਨਗਰ- ਉੱਚੀਆਂ ਤੇ ਔਖੀਆਂ ਸ਼ਿਵਾਲਿਕ ਅਤੇ ਪੀਰ ਪੰਜਾਲ ਦੀਆਂ ਪਹਾੜੀਆਂ ਰਾਹੀਂ ਕਸ਼ਮੀਰ ਵਾਦੀ ਲਈ ਰੇਲਗੱਡੀ ਸਦੀ ਤੋਂ ਵੀ ਵੱਧ ਪੁਰਾਣੀ ਯੋਜਨਾ ਹੈ ਜੋ ਸ਼ੁੱਕਰਵਾਰ ਨੂੰ ਹਕੀਕਤ ਵਿੱਚ ਤਬਦੀਲ ਹੋ ਜਾਵੇਗੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ੰਮੂ ਕਸ਼ਮੀਰ ਦੇ ਕਟੜਾ ਤੋਂ ਸ੍ਰੀਨਗਰ ਲਈ ‘ਵੰਦੇ ਭਾਰਤ’ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ। ਰੇਲਵੇ ਦੇ ਸੀਨੀਅਰ ਅਧਿਕਾਰੀ ਨੇ ਕਿਹਾ, ‘‘19ਵੀਂ ਸਦੀ ਵਿੱਚ ਡੋਗਰਾ ਮਹਾਰਾਜਿਆਂ ਵੱਲੋਂ ਤਜਵੀਜ਼ਤ ਇਹ ਯੋਜਨਾ ਹੁਣ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ



ਸਭ ਤੋਂ ਅਹਿਮ ਬੁਨਿਆਦੀ ਢਾਂਚਾ ਪ੍ਰਾਪਤੀਆਂ ’ਚੋਂ ਇਕ ਵਿੱਚ ਤਬਦੀਲ ਹੋ ਰਹੀ ਹੈ।’’ ਮਹਾਰਾਜਾ ਹਰੀ ਸਿੰਘ ਦੇ ਪੋਤੇ ਅਤੇ ਸਾਬਕਾ ਸਦਰ-ਏ-ਰਿਆਸਤ ਕਰਨ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ 130 ਸਾਲ ਪਹਿਲਾਂ ਡੋਗਰਾ ਸ਼ਾਸਕ ਵੱਲੋਂ ਬਣਾਈ ਗਈ ਯੋਜਨਾ ਆਖ਼ਰਕਾਰ ਹਕੀਕਤ ਵਿੱਚ ਤਬਦੀਲ ਹੋ ਗਈ ਹੈ। ਜੰਮੂ ਕਸ਼ਮੀਰ ਦੇ ਵਿਧਾਇਕ ਰਹਿ ਚੁੱਕੇ ਵਿਕਰਮਾਦਿੱਤਿਆ ਸਿੰਘ ਨੇ ਕਿਹਾ, ‘‘ਕਸ਼ਮੀਰ ਵਾਦੀ ਤੱਕ ਰੇਲਵੇ ਲਾਈਨ ਪ੍ਰਾਜੈਕਟ ਦੀ ਕਲਪਨਾ ਅਤੇ ਰੂਪ-ਰੇਖਾ ਮਹਾਰਾਜਾ ਪ੍ਰਤਾਪ ਸਿੰਘ ਦੇ ਸ਼ਾਸਨਕਾਲ ਵਿੱਚ ਹੀ ਤਿਆਰ ਕੀਤੀ ਗਈ ਸੀ। ਇਹ ਨਾ ਸਿਰਫ਼ ਜੰਮੂ ਕਸ਼ਮੀਰ ਦੇ ਲੋਕਾਂ, ਬਲਕਿ ਪੂਰੇ ਦੇਸ਼ ਵਾਸਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਪ੍ਰਧਾਨ ਮੰਤਰੀ ਇਸ ਸੁਫ਼ਨੇ ਨੂੰ ਹਕੀਕਤ ਵਿੱਚ ਤਬਦੀਲ ਕਰਨਗੇ।’’ ਡੋਗਰਾ ਸ਼ਾਸਕ ਨੇ ਬਰਤਾਨਵੀ ਇੰਜਨੀਅਰਾਂ ਨੂੰ ਕਸ਼ਮੀਰ ਤੱਕ ਰੇਲਵੇ ਲਾਈਨ ਵਾਸਤੇ ਜੰਗਲੀ ਇਲਾਕੇ ਦਾ ਸਰਵੇਖਣ ਕਰਨ ਦਾ ਕੰਮ ਸੌਂਪਿਆ ਸੀ। ਇਹ ਅਹਿਮ ਪ੍ਰਾਜੈਕਟ ਸੀ, ਜੋ ਸਦੀ ਤੋਂ ਵੀ ਵੱਧ ਸਮੇਂ ਤੱਕ ਅਧੂਰਾ ਰਿਹਾ। ਜੰਮੂ ਕਸ਼ਮੀਰ ਪੁਰਾਤੱਤ ਵਿਭਾਗ ਦੇ ਵਿਸ਼ੇਸ਼ ਦਸਤਾਵੇਜ਼ਾਂ ਮੁਤਾਬਕ, ਕਸ਼ਮੀਰ ਤੱਕ ਰੇਲ ਸੰਪਰਕ ਦਾ ਵਿਚਾਰ ਪਹਿਲੀ ਵਾਰ ਪਹਿਲੀ ਮਾਰਚ 1892 ਨੂੰ ਮਹਾਰਾਜਾ ਵੱਲੋਂ ਪ੍ਰਸਤਾਵਿਤ ਕੀਤਾ ਗਿਆ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਦੁਨੀਆ ਦੇ ਸਭ ਤੋਂ ਉੱਚੇ ਰੇਲਵੇ ‘ਆਰਕ ਬ੍ਰਿਜ’ ਚਨਾਬ ਰੇਲਵੇ ਪੁਲ ਦਾ ਵੀ ਉਦਘਾਟਨ ਕੀਤਾ। ਚਨਾਬ ਪੁਲ ਨੂੰ ਆਰਕੀਟੈਕਟ ਦਾ ਬੇਮਿਸਾਲ ਨਮੂਨਾ ਦੱਸਦੇ ਹੋਏ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਨਦੀ ਤੋਂ 359 ਮੀਟਰ ਦੀ ਉਚਾਈ ’ਤੇ ਹੈ। ਇਹ 1315 ਮੀਟਰ ਲੰਬਾ ‘ਸਟੀਲ ਆਰਕ ਬ੍ਰਿਜ’ ਹੈ ਜਿਸ ਨੂੰ ਭੂਚਾਲ ਤੇ ਹਵਾ ਦੀ ਹਰੇਕ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਪੁਲ ਰਾਹੀਂ ਜੰਮੂ ਤੇ ਸ੍ਰੀਨਗਰ ਵਿਚਾਲੇ ਸੰਪਰਕ ਵਧੇਗਾ। ਪੁਲ ’ਤੇ ਚੱਲਣ ਵਾਲੀ ਵੰਦੇ ਭਾਰਤ ਰੇਲਗੱਡੀ ਰਾਹੀਂ ਕਟੜਾ ਅਤੇ ਸ੍ਰੀਨਗਰ ਦਰਮਿਆਨ ਸਫ਼ਰ ਦੇ ਸਿਰਫ਼ ਤਿੰਨ ਘੰਟੇ ਲੱਗਣਗੇ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਪੱਛਮ ਫਿਰ ਜੰਗ-ਯੁੱਧਾਂ ਵਿਚ ਉਲਝਿਆ

ਦੁਨੀਆ ਬਹੁਤ ਸਮੇਂ ਤੋਂ ਦੋ ਗਰੁੱਪਾਂ ਵਿਚ ਵੰਡੀ ਚਲੀ ਆ ਰਹੀ ਹੈ। ਸ਼ੀਤ ਯੁੱਧ ਦਰਮਿਆਨ ਇਕ ਪਾਸੇ ਰੂਸ ਅਤੇ ਦੂਜੇ ਪਾਸੇ ਅਮਰੀਕਾ ਅਤੇ ਯੂਰਪ ਆਪਸ ਵਿਚ ਲੜਦੇ ਰਹੇ। ਜਿਉਂ ਹੀ ਰੂਸ ਟੁੱਟਿਆ ਸ਼ੀਤ ਯੁੱਧ ਤਾਂ ਸਮਾਪਤ ਹੋ ਗਿਆ ਪਰ ਅਮਰੀਕਾ ਨੇ ਆਪਣਾ ਰੁਖ ਪੂਰਬ ਵੱਲ ਕਰਦਿਆਂ ਅਰਬ ਮੁਲਕਾਂ ਵਿਚ ਆਪਣੀ ਧਾਂਕ ਵਧਾਉਣੀ ਆਰੰਭ ਕਰ ਦਿੱਤੀ। ਇਸ ਤੋਂ ਬਾਅਦ ਰੂਸ ਫਿਰ ਖੜ੍ਹਾ ਹੋਇਆ ਅਤੇ ਅਮਰੀਕਾ ਨੂੰ ਫਿਰ ਚੁਣੌਤੀ ਦੇਣ ਲੱਗ ਪਿਆ। ਇਸ ਤੋਂ ਬਾਅਦ ਜੋ ਹੋ ਰਿਹਾ ਹੈ, ਉਹ ਸਭ ਦੇ ਸਾਹਮਣੇ ਹੈ ਪਰ ਇਸ ਤਣਾਤਣੀ ਦਾ ਫਾਇਦਾ ਚੀਨ ਲੈ ਗਿਆ ਅਤੇ ਭਾਰਤ ਲੈਣ ਦੀ ਤਿਆਰੀ ਵਿਚ ਹੈ।ਹੁਣ ਜਦੋਂ ਅਮਰੀਕਾ ਨੂੰ ਪਤਾ ਲੱਗਿਆ ਕਿ ਉਸ ਦੇ ਦਬਦਬੇ ਨੂੰ ਚੀਨ ਸਿੱਧੀ ਚੁਣੌਤੀ ਦੇ ਰਿਹਾ ਹੈ ਤਾਂ ਅਮਰੀਕਾ ਨੇ ਚੀਨ ਵੱਲ ਰੁਖ ਕੀਤਾ। ਅਮਰੀਕਾ ਨੇ ਤਾਈਵਾਨ ਅਤੇ ਦੱਖਣੀ ਕੋਰੀਆ ਨੂੰ ਮਜ਼ਬੂਤ ਬਣਾਉਣਾ ਆਰੰਭ ਕਰ ਦਿੱਤਾ, ਜਿਸ ਦੀ ਕਾਟ ਚੀਨ ਅਤੇ ਰੂਸ ਨੇ ਉਤਰੀ ਕੋਰੀਆ ਵਰਗੇ ਤਾਨਾਸ਼ਾਹੀ ਦਾ ਸ਼ਿਕਾਰ ਮੁਲਕ ਨੂੰ ਹਥਿਆਰ ਦੇ ਕੇ ਕੱਢੀ। ਇਹ ਸਭ ਕੁਝ ਤਾਂ ਚੱਲ ਹੀ ਰਿਹਾ ਸੀ ਪਰ ਇਸ ਦੌਰਾਨ ਰੂਸ ਅਤੇ ਯੂਕਰੇਨ ਦੀ ਜੰਗ ਆਰੰਭ ਹੋ ਗਈ। ਇਸ ਜੰਗ ਦਾ ਕੋਈ ਬਹੁਤਾ ਵੱਡਾ ਮਕਸਦ ਨਹੀਂ ਹੈ ਬਲਕਿ ਰੂਸ ਯੂਕਰੇਨ ਨੂੰ ਯੂਰਪੀ ਪਾਲੇ ਵਿਚ ਜਾਣ ਤੋਂ ਵਰਜ ਰਿਹਾ ਹੈ ਪਰ ਯੂਕਰੇਨ ਯੂਰਪੀ ਪਾਲੇ ਵਿਚ ਜਾਣ ਲਈ ਕਾਹਲਾ ਹੈ।

ਪਰ ਇਸ ਜੰਗ ਨੇ ਦੁਨੀਆ ਨੂੰ ਤੀਜੇ ਵਿਸ਼ਵ ਯੁੱਧ ਵੱਲ ਧੱਕ ਦਿੱਤਾ ਹੈ। ਅਮਰੀਕਾ ਵਿਚ ਰਾਸ਼ਟਰਪਤੀ ਟਰੰਪ ਦੁਆਰਾ ਅਹੁਦਾ ਸੰਭਾਲਣ ਤੋਂ ਬਾਅਦ ਇਸ ਜੰਗ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਯੂਰਪੀ ਯੂਨੀਅਨ ਨੇ ਲਾਂਬੂ ਲਗਾ ਦਿੱਤਾ। ਕਰੀਬ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਚਲਦੀ ਆ ਰਹੀ ਇਹ ਜੰਗ ਉਦੋਂ ਭਿਆਨਕ ਰੂਪ ਧਾਰਨ ਕਰ ਗਈ, ਜਦੋਂ ਰੂਸ ਦੇ ਅਹਿਮ ਫੌਜੀ ਅੱਡਿਆਂ ਤੇ ਯੂਕਰੇਨ ਨੇ ਡਰੋਨ ਹਮਲੇ ਕਰਵਾਏ ਤਾਂ ਰੂਸ ਫਿਰ ਦੁਬਾਰਾ ਫੌਜਾਂ ਲੈ ਕੇ ਯੂਕਰੇਨ ਦੇ ਦੁਆਲੇ ਆ ਡਟਿਆ ਹੈ ਪਰ ਇਹ ਜੰਗ ਹੁਣ ਯੂਰਪ ਵੱਲ ਵਧਦੀ ਨਜ਼ਰ ਆ ਰਹੀ ਹੈ ਕਿਉਂਕਿ ਯੂਰਪ ਲਗਾਤਾਰ ਯੂਕਰੇਨ ਨੂੰ ਉਕਸਾ ਰਿਹਾ ਹੈ ਅਤੇ ਹਥਿਆਰ ਅਤੇ ਪੈਸੇ ਵੀ ਦੇ ਰਿਹਾ ਹੈ।

ਰੂਸ ਨੂੰ ਸ਼ੱਕ ਹੈ ਕਿ ਉਸ ਤੇ ਹੋਇਆ ਹਮਲਾ ਯੂਕਰੇਨ ਦੁਆਰਾ ਨਹੀਂ ਬਲਕਿ ਯੂਰਪ ਦੁਆਰਾ ਕੀਤਾ ਗਿਆ ਹੈ। ਜੇਕਰ ਇਹ ਜੰਗ ਯੂਰਪ ਵੱਲ ਵਧਦੀ ਗਈ ਤਾਂ ਤੀਜੀ ਸੰਸਾਰ ਜੰਗ ਜ਼ਿਆਦਾ ਦੂਰ ਨਹੀਂ ਹੋਵੇਗੀ ਕਿਉਂਕਿ ਫਿਰ ਇਸ ਵਿਚ ਅਮਰੀਕਾ ਵੀ ਕੁੱਦ ਸਕਦਾ ਹੈ। ਸਮੱਸਿਆ ਏਸ਼ੀਆ ਵਿਚ ਵੀ ਵਧਦੀ ਨਜ਼ਰ ਆ ਰਹੀ ਹੈ ਕਿਉਂਕਿ ਭਾਰਤ ਅਤੇ ਪਾਕਿਸਤਾਨ ਦੀ ਸੀਮਤ ਜੰਗ ਤੋਂ ਬਾਅਦ ਪੱਛਮ ਫਿਰ ਪਾਕਿਸਤਾਨ ਦੀ ਹਮਾਇਤ ’ਤੇ ਆ ਗਿਆ ਹੈ। ਜੇਕਰ ਪੱਛਮ ਪਾਕਿਸਤਾਨ ਨੂੰ ਉਕਸਾਉਂਦਾ ਰਿਹਾ ਤਾਂ ਇਸ ਖਿੱਤੇ ਵਿਚ ਫਿਰ ਦੁਬਾਰਾ ਜੰਗ ਆਰੰਭ ਹੋ ਸਕਦੀ ਹੈ। ਪੱਛਮ ਦੀ ਸਮੱਸਿਆ ਇਹ ਹੈ ਕਿ ਇਹ ਖਿੱਤਾ ਜੰਗਾਂ ਨੂੰ ਬਹੁਤ ਪਸੰਦ ਕਰਦਾ ਹੈ ਅਤੇ ਆਪਣੇ ਹਥਿਆਰ ਵੇਚਣ ਲਈ ਕਿਸੇ ਵੀ ਮੁਲਕ ਨੂੰ ਜੰਗ ਵਿਚ ਝੋਕ ਸਕਦਾ ਹੈ। ਪਰ ਇਸ ਵਾਰ ਪਾਸਾ ਪਲਟ ਸਕਦਾ ਹੈ ਕਿਉਂਕਿ ਰੂਸ ਅਤੇ ਯੂਰਪ ਵਿਚਕਾਰ ਜੇਕਰ ਜੰਗ ਆਰੰਭ ਹੋਈ ਤਾਂ ਇਹ ਖਿੱਤਾ ਪੂਰੀ ਤਰ੍ਹਾਂ ਬਰਬਾਦ ਹੋ ਸਕਦਾ ਹੈ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪਵੇਗਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਪੰਜਾਬ ਦੀ ਜ਼ਿਮਨੀ ਚੋਣ ਅਤੇ ਸਿਆਸੀ ਪਾਰਟੀਆਂ



ਜਯੋਤੀ ਮਲਹੋਤਰਾ

ਲੁਧਿਆਣਾ ਪੱਛਮੀ ਅਸੈਂਬਲੀ ਹਲਕੇ ਵਿੱਚ 19 ਜੂਨ ਨੂੰ ਹੋਣ ਵਾਲੀ ਚੋਣ ਤੋਂ ਦਸ ਦਿਨ ਪਹਿਲਾਂ, ਪੰਜਾਬ ਭਾਜਪਾ ਦੋ ਸਵਾਲ ਪੁੱਛ ਰਹੀ ਹੈ। ਪਹਿਲਾ ਹੈ, ਲੁਧਿਆਣਾ ਪੱਛਮੀ ਕਿੱਥੇ ਹੈ? ਤੇ ਦੂਜਾ ਹੈ, ਲੁਧਿਆਣਾ ਪੱਛਮੀ ਤੋਂ ਕੌਣ? ਸੂਬੇ ਵਿੱਚ ਪਾਰਟੀ ਅੰਦਰ ਸੰਕਟ ਇਹ ਹੈ ਕਿ ਇਹ ਦੇਸ਼ ਦੇ ਬਾਕੀ ਹਿੱਸਿਆਂ ਅੰਦਰ ਸਰਪਟ ਚੱਲ ਰਹੀ ਇਸ ਦੀ ਅਜੇਤੂ ਮੁਹਿੰਮ ਤੋਂ ਐਨ ਉਲਟ ਹੈ, ਜਿਸ ਦੇ ਹੋਕਰੇ ਪਿਛਲੇ ਕਈ ਮਹੀਨਿਆਂ ਤੋਂ ਸੁਣਾਈ ਦੇ ਰਹੇ ਹਨ ਅਤੇ ਇਸ ਨੇ ਜਿਨ੍ਹਾਂ ਵੀ ਰਾਜਾਂ ’ਤੇ ਨਜ਼ਰ ਟਿਕਾਈ, ਉੱਥੇ ਆਪਣੀ ਸਰਕਾਰ ਕਾਇਮ ਕਰ ਲਈ। ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ; ਇੱਥੋਂ ਤੱਕ ਕਿ ਮਨੀਪੁਰ ਵਿਚ ਭਾਜਪਾ ਦੇ ਲੋਕ ਬਹੁਗਿਣਤੀ (44) ਵਿਧਾਇਕਾਂ ਦੀ ਹਮਾਇਤ ਜੁਟਾਉਣ ਦਾ ਯਤਨ ਕਰ ਰਹੇ ਹਨ ਤਾਂ ਕਿ ਉੱਥੇ ਮੁੜ ਆਪਣੀ ਸਰਕਾਰ ਕਾਇਮ ਕੀਤੀ ਜਾ ਸਕੇ। ਭਾਜਪਾ ਦੀ ਪ੍ਰਚਾਰ ਮੁਹਿੰਮ ਨੂੰ ਚੌਵੀ ਘੰਟੇ ਤੇ ਪੂਰਾ ਹਫ਼ਤਾ ਇਹ ਰੇਖਾਂਕਿਤ ਕਰਨ ਲਈ ਕਿ ਇਹ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਜਿਸ ਕੋਲ 90 ਕਰੋੜ ਦੀ ਮੈਂਬਰਸ਼ਿਪ ਹੈ, ਲਈ ਅਪਰੇਸ਼ਨ ਸਿੰਧੂਰ ਦੀ ਲੋੜ ਨਹੀਂ ਹੈ। ਭਾਜਪਾ ਚੀਨ ਦੀ ਕਮਿਊਨਿਸਟ ਪਾਰਟੀ ਨਾਲੋਂ ਵੀ ਵੱਡੀ ਹੋਣ ਦੇ ਦਾਅਵੇ ਕਰ ਰਹੀ ਹੈ।

ਯਕੀਨਨ, ਅਪਰੇਸ਼ਨ ਸਿੰਧੂਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਹਿਮੀਅਤ ਨੂੰ ਨਾ ਕੇਵਲ ਪਾਰਟੀ ਅੰਦਰ ਸਗੋਂ ਸਮੁੱਚੇ ਦੇਸ਼ ਅਤੇ ਕੌਮਾਂਤਰੀ ਮੰਚ ਉੱਪਰ ਵੀ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਨੇ ਪਾਕਿਸਤਾਨ ਦੇ ਅੰਦਰ ਦਹਿਸ਼ਤਗਰਦੀ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦਾ ਫ਼ੈਸਲਾ ਕੀਤਾ। ਫਿਰ ਜਦੋਂ ਪਾਕਿਸਤਾਨੀਆਂ ਨੇ ਬਾਰਾਮੂੱਲਾ ਤੋਂ ਲੈ ਕੇ ਭੁਜ ਤੱਕ ਭਾਰਤੀ ਫ਼ੌਜੀ ਬੁਨਿਆਦੀ ਢਾਂਚੇ ਉੱਪਰ ਡਰੋਨਾਂ ਅਤੇ ਮਿਜ਼ਾਈਲਾਂ ਦਾ ਮੀਂਹ ਵਰ੍ਹਾ ਕੇ ਮੋੜਵਾਂ ਹਮਲਾ ਕੀਤਾ ਤਾਂ ਇਹ ਪ੍ਰਧਾਨ ਮੰਤਰੀ ਹੀ ਸਨ ਜਿਨ੍ਹਾਂ ਨੇ ਹਵਾਈ ਜੰਗ ਨੂੰ ਤੇਜ਼ ਕਰਨ ਦਾ ਫ਼ੈਸਲਾ ਕਰਦੇ ਹੋਏ, ਪਾਕਿਸਤਾਨ ਦੇ 11 ਫ਼ੌਜੀ ਅੱਡਿਆਂ ਤੇ ਰਨਵੇਅਜ਼ ਉੱਪਰ ਬੰਬਾਰੀ ਕੀਤੀ। ਬ੍ਰਹਮੋਸ ਮਿਜ਼ਾਈਲ ਨੇ ਯਕੀਨਨ ਆਪਣਾ ਕੰਮ ਕੀਤਾ ਅਤੇ ਰਾਵਲਪਿੰਡੀ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਕਾਰਵਾਈ ਕਰਨ ਦਾ ਸਿਹਰਾ ਯਕੀਨਨ ਸ੍ਰੀ ਮੋਦੀ ਨੂੰ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਉਨ੍ਹਾਂ ਦੇ ਕਰੀਬੀ, ਸ਼ਕਤੀਸ਼ਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਦਰਸਾਇਆ ਕਿ ਕਿਵੇਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਵਿਚਕਾਰ ਕੋਈ ਮਤਭੇਦ ਜਾਂ ਅਸਹਿਮਤੀ ਨਹੀਂ ਹੈ। ਇਹ ਉਵੇਂ ਹੀ ਸੀ ਜਿਵੇਂ ਇੱਕ ਦੂਜੇ ਦੇ ਵਾਕਾਂ ਨੂੰ ਪੂਰਾ ਕਰ ਰਹੇ ਹੋਣ। ਪਾਰਟੀ ਅਤੇ ਦੇਸ਼ ਉੱਪਰ ਇਨ੍ਹਾਂ ਦੋਵਾਂ ਦਾ ਪੂਰਾ ਕੰਟਰੋਲ ਹੈ।

ਅਮਿਤ ਸ਼ਾਹ ਬਾਬਤ ਵਾਰ-ਵਾਰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਹਰ ਅਮਲ ਗਿਣਿਆ-ਮਿਥਿਆ ਹੁੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਉਹ ਪੰਚਾਇਤ ਤੋਂ ਲੈ ਕੇ ਲੋਕ ਸਭਾ ਤੱਕ ਹਰ ਚੋਣ ਲੜਦੇ ਹਨ, ਜਿਵੇਂ ਮਹਾਰਾਸ਼ਟਰ ਦੀ ਬਿਸਾਤ ’ਤੇ ਦਾਅ ਲਾਉਂਦਿਆਂ ਉਹ ਹਰ ਚਾਲ ਚੱਲਣ ’ਤੇ ਤਿੰਨ ਅਗਲੀਆਂ ਚਾਲਾਂ ਬਾਰੇ ਸੋਚਦੇ ਸਨ। ਭਾਰਤ-ਪਾਕਿਸਤਾਨ ਟਕਰਾਅ ਦੇ ਖਾਤਮੇ ਤੋਂ ਕੁਝ ਦਿਨਾਂ ਦੇ ਅੰਦਰ ਹੀ, ਜਿਵੇਂ ਪ੍ਰਧਾਨ ਮੰਤਰੀ ਵੱਲੋਂ ਦੇਸ਼ ਭਰ ਵਿੱਚ ਦੌਰੇ ਕਰ ਕੇ ਹੁਣੇ ਖਤਮ ਹੋਏ ਟਕਰਾਅ ਬਾਰੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਸ੍ਰੀ ਸ਼ਾਹ ਜ਼ਮੀਨੀ ਪੱਧਰ ’ਤੇ ਨੁਕਸਾਨ ਦਾ ਪਤਾ ਲਾਉਣ ਲਈ ਜੰਮੂ ਖੇਤਰ ਵਿੱਚ ਵਾਪਸ ਆਏ ਹਨ।

ਸ਼ਾਇਦ ਇਨ੍ਹਾਂ ’ਚੋਂ ਕੁਝ ਵੀ ਨਵਾਂ ਨਹੀਂ ਹੈ। 2014 ਵਿੱਚ ਜਦੋਂ ਭਾਜਪਾ ਸੱਤਾ ਵਿੱਚ ਆਈ ਸੀ ਤਾਂ ਉਦੋਂ ਤੋਂ ਹੀ ਮੋਦੀ-ਸ਼ਾਹ ਨੇ ਭਾਜਪਾ ਅਤੇ ਦੇਸ਼ ਉੱਪਰ ਪਕੜ ਬਣਾਈ ਹੋਈ ਹੈ- ਵਿਰੋਧੀ ਧਿਰ ਨੂੰ ਪਾੜ ਕੇ ਰੱਖਿਆ, ਸਮਾਜ ਤੇ ਮੀਡੀਆ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ, ਦੇਵੀ ਦੇਵਤਿਆਂ ਦੇ ਹਵਾਲਿਆਂ ਨਾਲ ਰਾਸ਼ਟਰਵਾਦ ਨੂੰ ਦਰਸਾਇਆ ਹੈ, ਹਾਲਾਂਕਿ ਜਿਵੇਂ ਅਸੀਂ ਜਾਣਦੇ ਹਾਂ ਕਿ ਹਿੰਦੂ ਦੇਵਤਿਆਂ ਬਾਰੇ ਸਭ ਤੋਂ ਪਿਆਰੀ ਗੱਲ ਇਹ ਹੈ ਕਿ ਇਹ ਵੀ ਅਪੂਰਨ ਹੁੰਦੇ ਹਨ।

ਅਤੀਤ ਅਤੇ ਵਰਤਮਾਨ ਦੇ ਸਾਰੇ ਪਾਰਟੀ ਪ੍ਰਧਾਨ ਇਹ ਜਾਣਦੇ ਹਨ। ਮੌਜੂਦਾ ਪ੍ਰਧਾਨ ਜੇਪੀ ਨੱਡਾ ਜੋ ਹਿਮਾਚਲ ਪ੍ਰਦੇਸ਼ ਤੋਂ ਇੱਕ ਭੱਦਰਪੁਰਸ਼ ਹਨ, ਨੂੰ ਇਹ ਹੈਰਾਨੀ ਹੋ ਰਹੀ ਹੋਵੇਗੀ ਕਿ ਉਨ੍ਹਾਂ ਦਾ ਵਧਿਆ ਹੋਇਆ ਕਾਰਜਕਾਲ ਕਿੰਨੀ ਕੁ ਦੇਰ ਚੱਲੇਗਾ। ਕਿਹਾ ਜਾ ਰਿਹਾ ਹੈ ਕਿ ਆਰਐੱਸਐੱਸ ਪੂਰੀ ਤਰ੍ਹਾਂ ਮੋਦੀ ਰੇਲ ਵਿੱਚ ਸਵਾਰ ਹੈ, ਉਨ੍ਹਾਂ ਦੇ ਹਿੰਦੁਤਵ ਦਾ ਸੰਦੇਸ਼ ਦੇਸ਼ ਦੀ ਗਲੀ-ਗਲੀ ਵਿੱਚ ਪਹੁੰਚਾਇਆ ਜਾ ਰਿਹਾ ਹੈ ਅਤੇ ਆਪਣੇ ਸ਼ਤਾਬਦੀ ਵਰ੍ਹੇ ਵਿੱਚ ਉਹ ਇਸ ਤੋਂ ਵੱਧ ਹੋਰ ਕਿਸ ਚੀਜ਼ ਦੀ ਖਾਹਿਸ਼ ਕਰ ਸਕਦੇ ਹਨ।

ਚਲੋ ਪਹਿਲੇ ਸਵਾਲ ’ਤੇ ਆਉਂਦੇ ਹਾਂ। ਕਿਉਂ ਭਾਜਪਾ ’ਚ ਕੋਈ ਵੀ, ਇੱਥੋਂ ਤੱਕ ਕਿ ਮੋਦੀ-ਸ਼ਾਹ ਵੀ, ਪੰਜਾਬ ਦੇ ਇੱਕ ਖੂੰਜੇ ’ਚ ਹੋ ਰਹੀ ਜ਼ਿਮਨੀ ਚੋਣ, ਲੁਧਿਆਣਾ ਪੱਛਮੀ, ਵਿੱਚ ਦਿਲਚਸਪੀ ਨਹੀਂ ਲੈ ਰਿਹਾ, ਇਹ ਦੇਖਦੇ ਹੋਏ ਵੀ ਕਿ ਪੰਜਾਬ, ਜੋ ਸੰਵੇਦਨਸ਼ੀਲ ਸਰਹੱਦੀ ਰਾਜ ਹੈ, ਹੁਣੇ-ਹੁਣੇ ਪਾਕਿਸਤਾਨ ਨਾਲ ਲਗਭਗ ਜੰਗ ਵਰਗੇ ਹਾਲਾਤ ’ਚੋਂ ਲੰਘਿਆ ਹੈ, ਚਾਹੇ ਇਹ ਜ਼ਿਆਦਾਤਰ ਹਵਾਈ ਯੁੱਧ ਹੀ ਸੀ ਅਤੇ ਕੋਈ ਹੋਰ ਨਹੀਂ ਬਲਕਿ ਪ੍ਰਧਾਨ ਮੰਤਰੀ ਮੋਦੀ ਖ਼ੁਦ ਟਕਰਾਅ ਖ਼ਤਮ ਹੋਣ ਦੇ ਇੱਕ ਦਿਨ ਦੇ ਅੰਦਰ ਹੀ ਆਦਮਪੁਰ ਆਏ, ਮਹੱਤਵਪੂਰਨ ਸੀ ਕਿਉਂਕਿ ਐੱਸ-400 ਪ੍ਰਣਾਲੀ ਨੇ ਪਾਕਿਸਤਾਨ ਦੀਆਂ ਹਤਫ਼ ਮਿਜ਼ਾਈਲਾਂ ਨੂੰ ਰੋਕੀ ਰੱਖਿਆ?

ਬਿਲਕੁਲ ਦਿਲਚਸਪੀ ਨਾ ਹੋਣ ਦੀ ਗੱਲ ਵਿਚਾਰੋ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਈ ਮਹੀਨੇ ਪਹਿਲਾਂ ਅਸਤੀਫ਼ਾ ਦੇ ਦਿੱਤਾ ਤੇ ਉਨ੍ਹਾਂ ਦੀ ਜਗ੍ਹਾ ਭਰਨ ਲਈ ਕੋਈ ਹਲਚਲ ਨਹੀਂ ਹੋਈ। ਬੇਖੌਫ਼ ਅਮਰਿੰਦਰ ਸਿੰਘ, ਜਿਨ੍ਹਾਂ ਕਾਂਗਰਸ ਨੂੰ ਸਬਕ ਸਿਖਾਉਣ ਲਈ ਇਸ ਨੂੰ ਛੱਡਿਆ ਸੀ ਤੇ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਸੀ, ਰਾਜਨੀਤੀ ਦੀ ਗਹਿਮਾ-ਗਹਿਮੀ ਤੇ ਗੁਬਾਰ ਤੋਂ ਕਿਤੇ ਦੂਰ ਹਨ ਤੇ ਸੈਰ-ਸਪਾਟੇ ਦੀ ਯੋਜਨਾਬੰਦੀ ’ਚ ਰੁੱਝੇ ਹਨ। ਗੁਜਰਾਤ ਤੋਂ ਆਇਆ ਵਿਜੈ ਰੂਪਾਣੀ ਜੋ ਪੰਜਾਬ ਭਾਜਪਾ ਦਾ ਇੰਚਾਰਜ ਹੈ, ਬੋਰੀਅਤ ’ਚ ਖਿੱਝ ਕੇ ਕਿਤੇ ਲੁਕ-ਛਿਪ ਜਾਂਦਾ ਹੈ, ਪਰ ਸਾਰੇ ਉਸ ਨੂੰ ਦੇਖ ਸਕਦੇ ਹਨ।



ਲੁਧਿਆਣਾ ਪੱਛਮੀ ਹਲਕਾ ਜ਼ਿਆਦਾਤਰ ਹਿੰਦੂ ਬਹੁਗਿਣਤੀ ਵਾਲਾ ਹੈ, ਲਗਭਗ 85 ਪ੍ਰਤੀਸ਼ਤ, 18 ਮਹੀਨਿਆਂ ਬਾਅਦ ਹੋਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਖਾਤਾ ਖੋਲ੍ਹਣ ਦੀ ਸਹੀ ਜਗ੍ਹਾ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਭਾਜਪਾ ਨੇ ਜ਼ਿਆਦਾ ਮਾੜੀ ਕਾਰਗੁਜ਼ਾਰੀ ਨਹੀਂ ਦਿਖਾਈ ਸੀ, ਕਰੀਬ 18 ਪ੍ਰਤੀਸ਼ਤ ਵੋਟਾਂ ਲਈਆਂ ਸਨ। ਪ੍ਰਧਾਨ ਮੰਤਰੀ, ਜਿਨ੍ਹਾਂ ਐਮਰਜੈਂਸੀ ਦੌਰਾਨ ਪੰਜਾਬ ਵਿੱਚ ਕਾਫ਼ੀ ਵਕਤ ਬਿਤਾਇਆ, ਕਿਹਾ ਜਾਂਦਾ ਹੈ ਕਿ ਪੰਜਾਬ ਲਈ ਉਨ੍ਹਾਂ ਦੇ ਮਨ ’ਚ ਖ਼ਾਸ ਜਗ੍ਹਾ ਹੈ ਪਰ ਸਾਫ਼ ਤੌਰ ’ਤੇ ਆਤਮ-ਵਿਸ਼ਵਾਸ ਦੀ ਘਾਟ ਹੈ।

ਮੰਨਿਆ ਜਾ ਰਿਹਾ ਹੈ ਕਿ ਲੁਧਿਆਣੇ ਦਾ ਮੁੰਡਾ ਵਿਕਰਮ ਸੰਧੂ ਪੱਛਮੀ ਹਲਕੇ ਤੋਂ ਉਮੀਦਵਾਰ ਹੋ ਸਕਦਾ ਹੈ- ਉਸ ਨੇ ਪਿਛਲੀ ਵਾਰ ਵੀ ਚੋਣ ਲੜੀ ਸੀ- ਸਿਵਾਏ ਇਸ ਦੇ ਕਿ ਸਥਾਨਕ ‘ਸੰਗਠਨ’ ਜਾਂ ਆਰਐੱਸਐੱਸ ਪ੍ਰਤੀਨਿਧੀ, ਮੰਤਰੀ ਸ੍ਰੀਨਿਵਾਸੁਲੂ ਇਸ ਨੂੰ ਮਨਜ਼ੂਰ ਨਾ ਕਰਨ। ਸ੍ਰੀਨਿਵਾਸੁਲੂ ਇਸ ਦੀ ਥਾਂ ਜੀਵਨ ਗੁਪਤਾ ਨੂੰ ਪਸੰਦ ਕਰਦੇ ਹਨ ਜੋ ਇੱਕ ਹੋਰ ਮੁਕਾਮੀ ਬਾਸ਼ਿੰਦਾ ਹੈ; ਉਹ ਪੂਰੀ ਤਰ੍ਹਾਂ ‘ਸੰਗਠਨ’ ਨੂੰ ਸਮਰਪਿਤ ਹੈ, ਪਰ ਇਸ਼ਾਰਾ ਮਿਲੇ ਤਾਂ, “ਦਸ ਵੋਟਾਂ ਵੀ ਸ਼ਾਇਦ ਨਾ ਮਿਲਣ”।

ਇਸ ਦੌਰਾਨ ਸ੍ਰੀਨਿਵਾਸੁਲੂ ਪੰਜਾਬ ਭਾਜਪਾ ’ਚ ਸਭ ਤੋਂ ਜ਼ਿਆਦਾ ਨਾ-ਪਸੰਦ ਕੀਤੇ ਗਏ ਹਨ। ਰੱਬ ਤੋਂ ਡਰਨ ਵਾਲਾ, ਤੇਲਗੂ ਭਾਸ਼ੀ ਭਲਾਮਾਣਸ, ਉਸ ਨੇ ਚਾਅ ਨਾਲ ਮੀਲਾਂ ਗਾਹੇ ਹਨ, ਪਿੰਡਾਂ ਦੇ ਪਿੰਡ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਇਹ ਅਸਲ ’ਚ ਉਸ ਦੀ ਗ਼ਲਤੀ ਨਹੀਂ ਹੈ। ਉਹ ਪੰਜਾਬੀਆਂ ਲਈ ਬੁਝਾਰਤ ਬਣਿਆ ਹੋਇਆ ਹੈ ਤੇ ਪੰਜਾਬੀ ਉਸ ਲਈ ਬੁਝਾਰਤ ਹਨ। ਇੱਥੇ ਨਿਊਟਨ ਦਾ ਤੀਜਾ ਸਿਧਾਂਤ ਲਾਗੂ ਹੁੰਦਾ ਹੈ; ਹਰੇਕ ਕਿਰਿਆ ਦੀ ਬਰਾਬਰ ਅਤੇ ਉਲਟ ਪ੍ਰਤੀਕਿਰਿਆ ਹੁੰਦੀ ਹੈ।

ਬੇਸ਼ੱਕ, ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ, ਪੰਜਾਬ ਅਤੇ ਆਂਧਰਾ ਪ੍ਰਦੇਸ਼ ’ਚੋਂ ਗੁਜ਼ਰਦਿਆਂ, ਭਾਰਤ ਇੱਕ ਹੀ ਹੈ, ਪਰ ਭਾਜਪਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ‘ਮੈਗੀ’ ਵਿੱਚ ਕੁਝ ਲੋਕਲ ਸੁਆਦ ਹਮੇਸ਼ਾ ਚੰਗਾ ਲੱਗਦਾ ਹੈ।

ਦੁਬਾਰਾ ਫੇਰ ਅਸਲ ਸਵਾਲ ’ਤੇ ਆਉਂਦੇ ਹਾਂ। ਭਾਜਪਾ ਲੁਧਿਆਣਾ ਪੱਛਮੀ ਚੋਣ ਲੜਨ ਵਿੱਚ ਦਿਲਚਸਪੀ ਕਿਉਂ ਨਹੀਂ ਲੈ ਰਹੀ? ਸ਼ਾਇਦ ਇਸ ਨੂੰ ਯੋਗ ਉਮੀਦਵਾਰ ਨਹੀਂ ਮਿਲ ਸਕਿਆ। ਇਸ ਤਰ੍ਹਾਂ ਨਹੀਂ ਕਿ ਇਹ ਕਿਸੇ ਵਿਆਪਕ ਅਲਾਮਤ ਦਾ ਹਿੱਸਾ ਹੈ; ਗੱਲ ਇਹ ਹੈ ਕਿ ਪੰਜਾਬ ਕੋਲ ਸਿਰਫ਼ 13 ਲੋਕ ਸਭਾ ਸੀਟਾਂ ਹਨ ਤੇ ਅਕਾਲੀ ਦਲ ਤੋਂ ਬਿਨਾਂ ਇਸ ਨੂੰ ਪੰਜਾਬ ਦੇ ਸਿੱਖ ਬਹੁਗਿਣਤੀ ਵਾਲੇ ਪਿੰਡਾਂ ਵਿੱਚ ਵੜਨਾ ਮੁਸ਼ਕਿਲ ਲੱਗ ਰਿਹਾ ਹੈ।

ਸ਼ਾਇਦ ਉੱਤੇ ਲਿਖਿਆ ਕੁਝ ਵੀ ਸੱਚ ਨਾ ਹੋਵੇ ਤੇ ਅਸਲ ਕਾਰਨ ਇਹ ਹੈ ਕਿ ਪੰਜਾਬੀ ਸਦੀਆਂ ਤੋਂ ਦਿੱਲੀ ਦਰਬਾਰ ਦਾ ਵਿਰੋਧ ਕਰਨ ਦੇ ਐਨੇ ਆਦੀ ਹੋ ਚੁੱਕੇ ਹਨ ਕਿ ਉਨ੍ਹਾਂ ਲਈ ਭਗਵਾਂ ਪਾਰਟੀ ਤੋਂ ਨਾਬਰ ਹੋਣਾ ਵਧੇਰੇ ਸੌਖਾ ਹੈ। ਫਿਰ ਭਾਜਪਾ ਆਖ਼ਿਰ ਕਿਉਂ ਇਸ ਹਾਲਤ ਨੂੰ ਬਦਲਣਾ ਨਹੀਂ ਚਾਹੁੰਦੀ?

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਸਮਾਂ ਰਹਿੰਦੇ ਸੰਭਲ ਜਾਓ ਪੰਜਾਬ ਵਾਸੀਓ

ਮਨਜਿੰਦਰ ਸਿੰਘ ਸਰੌਦ

ਪੰਜਾਬ ਭੱਠੀ ਵਾਂਗ ਤਪ ਰਿਹਾ ਹੈ। ਬਨਸਪਤੀ ਮੁਰਝਾ ਰਹੀ ਹੈ। ਇਨਸਾਨ ਆਪਣੇ ਕੰਮਾਂ ਵਿਚ ਵਿਅਸਤ ਹੈ। ਜੀਵ ਜੰਤੂ ਸਹਿਕ ਕੇ ਧਰਤੀ ਦੀ ਕੁੱਖ ਵਿਚ ਜਜ਼ਬ ਹੋ ਰਹੇ ਹਨ। ਫੈਕਟਰੀਆਂ ਦਾ ਪਾਣੀ ਧਰਤੀ ਵਿਚ ਜਾ ਰਿਹੈ ਅਤੇ ਧੂਆਂ ਅਸਮਾਨ ਨੂੰ ਛੂੰਹਦਾ ਹੈ। ਖੇਤਾਂ ਅੰਦਰ ਸਬਮਰਸੀਬਲਾਂ ਦੇ ਖੁੱਲ੍ਹੇ ਪਾਣੀ ਨੂੰ ਆਪਣੇ ਆਪ 'ਤੇ ਤਰਸ ਆ ਰਿਹੈ। ਅਜਿਹੇ ਵਿਚ ਜੇਕਰ ਕਿਸੇ ਵੀ ਇਨਸਾਨ ਨੇ 'ਪਾਣੀ ਦੀ ਅਸਲ ਕੀਮਤ' ਮਾਪਣੀ ਹੋਵੇ ਤਾਂ ਮੱਧ ਪ੍ਰਦੇਸ਼ ਦੇ ਪਿੰਡਾਂ ਅੰਦਰ ਜਾ ਕੇ 'ਮੌਤ ਦੇ ਕੂੰਏ' ਨੂੰ ਵੇਖਿਆ ਜਾ ਸਕਦਾ ਹੈ। ਉਸ ਤੋਂ ਬਾਅਦ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਦੀ ਦਰਦ ਕਹਾਣੀ ਅਜਿਹੀ ਹੈ ਜਿਸ ਨੂੰ ਸੁਣ ਕੇ ਮਨੁੱਖ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ।

ਪਰ ਅੱਜ ਦਾ ਮਨੁੱਖ ਇੰਨਾ ਬੇਰਹਿਮ ਹੋ ਚੁੱਕਾ ਹੈ ਕਿ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇਕ ਦਿਨ ਇਹ ਮਨੁੱਖ ਆਪਣੀ ਹੀ 'ਪਾਣੀ ਰੂਪੀ ਜ਼ਿੰਦਗੀ' ਨੂੰ ਖ਼ੁਦ ਹੱਥੀਂ ਖ਼ਤਮ ਕਰਨ ਦੇ ਰਾਹ ਤੁਰੇਗਾ। ਬਾਕੀ ਸੂਬਿਆਂ ਤੋਂ ਬਾਅਦ ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਆ ਰਹੀਆਂ ਰਿਪੋਰਟਾਂ ਅਨੁਸਾਰ ਜੋ ਅੰਕੜੇ ਸਾਹਮਣੇ ਆ ਰਹੇ ਨੇ, ਉਹ ਬੇਹੱਦ ਖ਼ਤਰਨਾਕ, ਦਿਲ ਨੂੰ ਝੰਜੋੜਨ ਵਾਲੇ ਅਤੇ ਹੈਰਾਨੀਜਨਕ ਹਨ।



ਸੂਬੇ ਦੇ ਬਹੁਤ ਸਾਰੇ ਬਲਾਕਾਂ ਅੰਦਰ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਅਤੇ ਜ਼ਹਿਰੀਲਾ ਹੋ ਜਾਣ ਕਾਰਨ ਸਥਿਤੀ ਬੇਹੱਦ ਗੰਭੀਰ ਬਣੀ ਹੋਈ ਹੈ। ਵੱਡੀ ਗਿਣਤੀ ਵਿਚ ਬਲਾਕ ਖ਼ਤਰਨਾਕ ਜ਼ੋਨ ਵਿਚ ਪਹੁੰਚ ਜਾਣ ਤੋਂ ਬਾਅਦ ਉੱਥੇ ਪਾਣੀ ਦਾ ਪੱਧਰ 150 ਫੁੱਟ ਦੇ ਪਾਰ ਪਹੁੰਚ ਚੁੱਕਾ ਹੈ। ਕਈ ਇਲਾਕਿਆਂ ਅੰਦਰ ਇਸ ਤੋਂ ਵੀ ਜ਼ਿਆਦਾ ਜਾਂ ਬਹੁਤ ਸਾਰੀਆਂ ਥਾਵਾਂ 'ਤੇ 140 ਫੁੱਟ ਦੇ ਆਸ-ਪਾਸ ਦਾ ਪੱਧਰ ਹੁਣ ਆਮ ਗੱਲ ਹੈ।

ਸੰਨ 1990 ਦੇ ਦਹਾਕੇ ਦੌਰਾਨ ਨਹਿਰਾਂ ਦੇ ਨਾਲ ਲਗਦੇ ਪਿੰਡਾਂ ਅੰਦਰ ਧਰਤੀ ਹੇਠਲਾ ਮਿੱਠਾ ਪਾਣੀ ਮਹਿਜ਼ 5 ਤੋਂ 10 ਫੁੱਟ ਦੇ ਕਰੀਬ ਹੁੰਦਾ ਸੀ ਪਰ ਸਮਾਂ ਬਦਲਦਿਆਂ ਬਹੁਤੀ ਦੇਰ ਨਾ ਲੱਗੀ। 35 ਕੁ ਵਰ੍ਹਿਆਂ ਬਾਅਦ ਹੀ ਹੁਣ ਨਹਿਰਾਂ ਕੰਢੇ ਵੀ ਪਾਣੀ ਦਾ ਪੱਧਰ 50 ਤੋਂ 70 ਫੁੱਟ ਦੇ ਨੇੜੇ ਪਹੁੰਚ ਗਿਆ ਹੈ। ਧਰਤੀ ਹੇਠਲੇ ਪਾਣੀ ਦੇ ਇਸ ਕਦਰ ਡੂੰਘਾਈ ਅਤੇ ਕੈਮੀਕਲ ਭਰਪੂਰ ਹੋ ਜਾਣ 'ਤੇ ਭਾਵੇਂ ਚਿੰਤਕ ਲੋਕ ਸਮੇਂ-ਸਮੇਂ ਤੇ ਉਪਰਾਲੇ ਕਰਦੇ ਰਹਿੰਦੇ ਹਨ ਪਰ ਹਾਲਾਤ ਹਰ ਰੋਜ਼ ਖ਼ਤਰਨਾਕ ਦਿਸ਼ਾ ਅਤੇ ਦਸ਼ਾ ਵਿਚ ਤਬਦੀਲ ਹੋ ਰਹੇ ਹਨ। ਲੱਖਾਂ ਰੁਪਏ ਦੀ ਲਾਗਤ ਨਾਲ ਪੰਜਾਬ ਦੇ ਖੇਤਾਂ ਅਤੇ ਘਰਾਂ ਵਿਚ ਕੀਤੇ ਜਾ ਰਹੇ ਬੋਰਾਂ ਨਾਲ 400 ਫੁੱਟ ਤੋਂ ਲੈ ਕੇ 600 ਫੁੱਟ ਤੱਕ ਧਰਤੀ ਦਾ ਸੀਨਾ ਛਲਣੀ ਕੀਤਾ ਜਾ ਰਿਹਾ ਹੈ ।

ਇੰਨਾ ਕੁਝ ਹੋਣ ਦੇ ਬਾਵਜੂਦ ਪਾਣੀ ਦੀ ਦੁਰਵਰਤੋਂ ਰੁਕ ਨਹੀਂ ਰਹੀ। ਕੁਝ ਲੋਕ ਪਾਣੀ ਦੇ ਡੂੰਘਾਈ ਵੱਲ ਜਾਣ ਦਾ ਕਾਰਨ ਪੂਸਾ 44 ਝੋਨੇ ਨੂੰ ਦੱਸ ਰਹੇ ਹਨ। ਪਰ ਫੈਕਟਰੀਆਂ ਅੰਦਰ 10-10 ਇੰਚੀ ਬੋਰ ਕਰ ਕੇ ਬਾਹਰ ਸੁੱਟੇ ਜਾ ਰਹੇ ਪਾਣੀ ਨੂੰ ਮਨਫੀ ਕਿਵੇਂ ਕਰ ਸਕਦੇ ਹਾਂ। ਫੈਕਟਰੀਆਂ ਅੰਦਰ ਜਿੱਥੇ ਪਾਣੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ, ਉੱਥੇ ਹੀ ਮੁਨਾਫ਼ਾਖੋਰਾਂ ਵੱਲੋਂ ਪਾਣੀ ਨੂੰ ਕੈਮੀਕਲਾਂ ਰਾਹੀਂ ਪਲੀਤ ਕਰਨ ਦਾ ਕੰਮ ਵੀ ਚਰਮ ਸੀਮਾ 'ਤੇ ਹੈ।

ਇਸ ਸਾਰੇ ਵਰਤਾਰੇ ਦੌਰਾਨ ਬਹੁਤ ਸਾਰੇ ਪਿੰਡਾਂ ਦੇ ਲੋਕ ਕੈਮੀਕਲ ਭਰਪੂਰ ਪਾਣੀ ਪੀਣ ਲਈ ਮਜਬੂਰ ਹਨ ਜਿਸ ਦੇ ਨਾਲ ਸਮਾਜ ਬਿਮਾਰੀਆਂ ਦੀ ਜਕੜ ਵਿਚ ਜਾ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਘਰਾਂ ਦੇ ਅੰਦਰ ਕਰੀਬ 150 ਤੋਂ ਲੈ ਕੇ 200 ਫੁੱਟ ਤੱਕ ਕੀਤੇ ਜਾਂਦੇ ਬੋਰਾਂ ਵਿੱਚੋਂ ਪਾਣੀ ਬਹੁਤ ਵਧੀਆ ਤੱਤ ਭਰਪੂਰ ਆਉਂਦਾ ਸੀ ਪਰ ਹੁਣ ਹਾਲਾਤ ਇੰਨੇ ਭਿਆਨਕ ਹੋ ਚੁੱਕੇ ਹਨ ਕਿ ਉਹ ਮਿੱਠਾ ਪਾਣੀ ਹੁਣ 400 ਫੁੱਟ ਤੋਂ ਬਾਅਦ ਜਾ ਕੇ ਵੀ ਨਸੀਬ ਨਹੀਂ ਹੋ ਰਿਹਾ। ਹਾਲਾਤ ਭਾਵੇਂ ਬਹੁਤ ਖ਼ਤਰਨਾਕ ਹਨ ਪਰ ਅਸੀਂ ਪਾਣੀ ਦੀ ਸੰਭਾਲ ਪ੍ਰਤੀ ਕੋਈ ਵੀ ਠੋਸ ਨੀਤੀ ਨਹੀਂ ਅਪਣਾ ਰਹੇ।

ਸੂਬਾ ਸਰਕਾਰ ਵੱਲੋਂ ਪੰਜਾਬ ਅੰਦਰ ਝੋਨੇ ਦੀ ਲੁਆਈ ਨੂੰ 3 ਜ਼ੋਨਾਂ ਵਿਚ ਵੰਡ ਕੇ 1 ਜੂਨ ਤੋਂ ਲੁਆਈ ਸ਼ੁਰੂ ਕਰਨ ਦੇ ਐਲਾਨ ਤੋਂ ਬਾਅਦ ਕਿਸਾਨਾਂ ਦੇ ਵੱਡੇ ਹਿੱਸੇ ਵੱਲੋਂ ਪੂਸਾ 44 'ਤੇ ਪਾਬੰਦੀ ਦੇ ਬਾਵਜੂਦ ਇਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਮੱਕੀ ਦੀ ਫ਼ਸਲ ਵੀ ਪੰਜਾਬ ਦੇ ਪਾਣੀ ਨੂੰ ਖ਼ਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ । ਇਹ ਵੀ ਪੰਜਾਬ ਦੇ ਹਿੱਤ ਵਿਚ ਨਹੀਂ। ਉਸ ਤੋਂ ਬਾਅਦ ਬਹੁਤ ਸਾਰੇ ਸੱਜਣਾਂ ਵੱਲੋਂ ਧਰਤੀ ਨੂੰ ਠੰਢਾ ਕਰਨ ਦੇ ਮਕਸਦ ਹੇਠ ਖੁੱਲ੍ਹੇਆਮ ਬੇਰਹਿਮੀ ਨਾਲ ਖੇਤਾਂ ਦੇ ਅੰਦਰ ਛੱਡਿਆ ਜਾ ਰਿਹਾ ਪਾਣੀ ਵੀ ਸਾਡੇ ਜੜ੍ਹੀਂ ਬੈਠ ਰਿਹਾ ਹੈ।

ਇਕ ਪਾਸੇ ਅਸੀਂ ਧਰਤੀ ਹੇਠਲੇ ਪਾਣੀ ਦੇ ਡੂੰਘਾ ਹੋ ਜਾਣ ਦੀ ਦੁਹਾਈ ਦੇ ਰਹੇ ਹਾਂ ਅਤੇ ਦੂਜੇ ਪਾਸੇ ਉਸ ਦੀ ਅੰਨ੍ਹੇਵਾਹ ਦੁਰਵਰਤੋਂ ਕੀਤੀ ਜਾ ਰਹੀ ਹੈ।

ਚੰਗਾ ਹੋਵੇ ਜੇਕਰ ਘੱਟ ਸਮੇਂ ਵਿਚ ਪੱਕਣ ਵਾਲੇ ਝੋਨੇ ਦੇ ਬੀਜ ਬੀਜੇ ਜਾਣ, ਫੈਕਟਰੀਆਂ ਅੰਦਰ ਹੋ ਰਹੀ ਪਾਣੀ ਦੀ ਦੁਰਵਰਤੋਂ ਨੂੰ ਸਖ਼ਤੀ ਨਾਲ ਰੋਕਿਆ ਜਾਵੇ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਨਿਰਭਰਤਾ ਵਧਾਉਣ ਤੋਂ ਇਲਾਵਾ ਹਰ ਇਕ ਉਸ ਗੱਲ 'ਤੇ ਪਾਬੰਦੀ ਲੱਗੇ ਜਿਸ ਨਾਲ ਪਾਣੀ ਦੀ ਦੁਰਵਰਤੋਂ ਹੁੰਦੀ ਹੈ। ਜੇਕਰ ਅਸੀਂ ਅੱਜ ਵੀ ਨਾ ਸੰਭਲੇ ਤਾਂ ਸਾਡੀ 'ਜਰਖੇਜ਼ ਧਰਤੀ' ਦਾ ਹਾਲ ਵੀ ਮਹਿਜ਼ ਕੁਝ ਸਮੇਂ ਤੱਕ ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਵਰਗਾ ਹੋ ਜਾਵੇਗਾ। ਇਸ ਦੇ ਜ਼ਿੰਮੇਵਾਰ ਅਸੀਂ ਆਪ ਹੋਵਾਂਗੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ਼ ਨਹੀਂ ਕਰਨੀਆਂ।

# ਭਾਰਤ ਤੇ ਪਾਕਿਸਤਾਨ ਲਈ ਸਬਕ

(ਸਫਾ 2 ਦੀ ਬਾਕੀ)

ਸੰਕਲਪ ਹੈ ਜਿਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕਸ਼ਮੀਰ ਮੁੱਦੇ ਦਾ ਕੌਮਾਂਤਰੀਕਰਨ ਅਤੇ ਪਾਕਿਸਤਾਨ ਨਾਲ ਭਾਰਤ ਦਾ ਜੁੜਵਾਂ ਰਿਸ਼ਤਾ (ਭਾਰਤ ਬਹੁਤ ਸਾਰੇ ਮਾਮਲਿਆਂ ਵਿੱਚ ਇਹ ਦਾਅਵਾ ਕਰਦਾ ਰਿਹਾ ਹੈ ਕਿ ਇਸ ਨੂੰ ਪਾਕਿਸਤਾਨ ਨਾਲ ਜੋੜ ਕੇ ਨਾ ਦੇਖਿਆ ਜਾਵੇ) ਪਹਿਲਾਂ ਹੀ ਹੋ ਚੁੱਕਿਆ ਹੈ। ਜਿੱਥੋਂ ਤੱਕ ਦੋ-ਤਰਫ਼ਾਵਾਦ ਦਾ ਤਾਅਲੁਕ ਹੈ, ਇਸਲਾਮਾਬਾਦ ਦੀ ਕੌਮੀ ਸੁਰੱਖਿਆ ਕਮੇਟੀ ਨੇ 25 ਅਪਰੈਲ ਨੂੰ ਦਿੱਲੀ ਦੇ ਕੀਤੇ ਕੁਝ ਗ਼ੈਰ-ਗਤੀਸ਼ੀਲ ਉਪਾਵਾਂ ਦੀ ਪ੍ਰਤੀਕਿਰਿਆ ਵਜੋਂ ਆਖਿਆ ਸੀ ਕਿ "ਪਾਕਿਸਤਾਨ ਸ਼ਿਮਲਾ ਸੰਧੀ ਸਮੇਤ ਸਾਰੇ ਦੁਵੱਲੇ ਸਮਝੌਤਿਆਂ ਨੂੰ ਰੋਕ ਕੇ ਰੱਖਣ ਦੇ ਹੱਕ ਦਾ ਇਸਤੇਮਾਲ ਕਰੇਗਾ ਜਿੰਨੀ ਦੇਰ ਤੱਕ ਭਾਰਤ ਪਾਕਿਸਤਾਨ ਅੰਦਰ ਦਹਿਸ਼ਤਗਰਦੀ ਨੂੰ ਹਵਾ ਦੇਣ ਦੀਆਂ ਕਾਰਵਾਈਆਂ ਬੰਦ ਨਹੀਂ ਕਰਦਾ, ਕੌਮਾਂਤਰੀ ਕਾਨੂੰਨ ਅਤੇ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਦੇ ਮਤਿਆਂ ਨੂੰ ਪ੍ਰਵਾਨ ਕਰਨ ਲਈ ਸਹਿਮਤ ਨਹੀਂ ਹੁੰਦਾ।" ਪਿਛਲੇ ਹਫ਼ਤੇ ਬਰਤਾਨਵੀ ਵਿਦੇਸ਼ ਮੰਤਰੀ ਡੇਵਿਡ ਲੈਮੀ ਦੇ ਪਾਕਿਸਤਾਨ ਦੌਰੇ ਅਤੇ ਦੁਵੱਲੀ ਗੱਲਬਾਤ ਤੇ ਦੇਰਪਾ ਗੋਲੀਬੰਦੀ ਯਕੀਨੀ ਬਣਾਉਣ ਲਈ ਬਰਤਾਨੀਆ ਤੇ ਅਮਰੀਕਾ ਦੀਆਂ ਕੋਸ਼ਿਸ਼ਾਂ ਦੇ ਹਵਾਲੇ ਕਾਫ਼ੀ ਅਹਿਮ ਹਨ। ਅਮਰੀਕਾ ਹਾਲਾਂਕਿ ਇਹ ਕਹਿ ਸਕਦਾ ਹੈ ਕਿ ਇਸ ਦਾ ਪਾਕਿਸਤਾਨ ਉੱਪਰ ਭਾਵੇਂ ਕੋਈ ਕੰਟਰੋਲ ਨਹੀਂ ਪਰ ਇਸ ਦਾ ਪ੍ਰਭਾਵ ਜ਼ਰੂਰ ਹੈ।

ਦੋਵਾਂ ਦੇਸ਼ਾਂ ਵਿਚਕਾਰ ਰੁਕ-ਰੁਕ ਕੇ ਹੁੰਦੀ ਰਹੀ ਵਿਆਪਕ ਗੱਲਬਾਤ ਜੋ 2004 ਵਿੱਚ ਸ਼ੁਰੂ ਹੋਈ ਸੀ, 2008 ਦੇ ਮੁੰਬਈ ਹਮਲੇ ਤੋਂ ਬਾਅਦ ਇੱਕ ਵਾਰ ਠੱਪ ਕਰ ਦਿੱਤੀ ਗਈ ਸੀ। 2011 ਵਿੱਚ ਇਹ ਮੁੜ ਸ਼ੁਰੂ ਕੀਤੀ ਗਈ ਅਤੇ 2013 ਵਿੱਚ ਦੋ ਭਾਰਤੀ ਫ਼ੌਜੀਆਂ ਦਾ ਸਿਰ ਕਲਮ ਕਰਨ ਦੀ ਘਟਨਾ ਤੋਂ ਬਾਅਦ ਇਹ ਖ਼ਤਮ ਕਰ ਦਿੱਤੀ ਗਈ ਸੀ। ਮੌਜੂਦਾ ਸਰਕਾਰ ਅਧੀਨ ਭਾਵੇਂ ਇਸ ਦਾ ਨਾਂ ਬਦਲ ਕੇ ਸਰਬ ਸਾਂਝੀ ਦੁਵੱਲੀ ਗੱਲਬਾਤ ਕਰ ਦਿੱਤਾ ਗਿਆ ਸੀ ਪਰ ਉੜੀ ਦਹਿਸ਼ਤਗਰਦ ਹਮਲੇ ਤੋਂ ਬਾਅਦ ਇਹ ਕਦੇ ਵੀ ਸ਼ੁਰੂ ਨਾ ਹੋ ਸਕੀ। ਪਹਿਲਗਾਮ ਦੀ ਘਟਨਾ ਤੋਂ ਬਾਅਦ ਹੋਣ ਵਾਲੀ ਗੱਲਬਾਤ ਦੇ ਚੌਖਟੇ ਬਾਰੇ ਗੋਲੀਬੰਦੀ ਪੱਕੇ ਪੈਰੀਂ ਹੋਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ। ਭਾਰਤ ਨੂੰ ਇਹ ਦੰਭ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਉਸ ਦੀ ਜਵਾਬੀ ਕਾਰਵਾਈ ਦਹਿਸ਼ਤਗਰਦ ਢਾਂਚੇ 'ਤੇ ਸੇਧਿਤ ਸੀ ਨਾ ਕਿ ਫ਼ੌਜ 'ਤੇ ਅਤੇ ਇਹ ਬਹੁਤ ਹੀ ਨਪੀ ਤੁਲੀ, ਜ਼ਿੰਮੇਵਾਰੀ ਵਾਲੀ ਸੀ ਅਤੇ ਤਣਾਅ ਭੜਕਾਉਣ ਵਾਲੀ ਨਹੀਂ ਸੀ। ਸਿਤਮਜ਼ਰੀਫ਼ੀ ਇਹ ਹੈ ਕਿ ਅਪਰੇਸ਼ਨ ਸਿੰਧੂਰ ਰਾਹੀਂ ਇਹ ਗੋਲ ਗੰਢ ਤੋੜਨ ਦੀ ਲੋੜ ਸੀ ਕਿ ਦਹਿਸ਼ਤਗਰਦੀ ਅਤੇ ਗੱਲਬਾਤ ਇਕ ਸਾਥ ਨਹੀਂ ਚੱਲ ਸਕਦੇ।




Matrimonial

## ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।


# ਭਾਰਤ-ਪਾਕਿ ਝਗੜੇ ਅਤੇ ਕੌਮਾਂਤਰੀ ਭਾਈਚਾਰਾ



ਅਭੈ ਸਿੰਘ

ਇਸ ਵੇਲੇ ਸਾਡੇ ਦੇਸ਼ ਦੇ ਬਹੁਤ ਸਾਰੇ ਕੋਨਿਆਂ ਤੋਂ ਇਕ ਆਵਾਜ਼ ਆ ਰਹੀ ਹੈ ਕਿ ਸਾਡੀ ਵਿਦੇਸ਼ ਨੀਤੀ ਦੀਆਂ ਬਹੁਤ ਕਮਜ਼ੋਰੀਆਂ ਹਨ ਜਿਸ ਕਰ ਕੇ ਪਾਕਿਸਤਾਨ ਨਾਲ ਹਾਲੀਆ ਝਮੇਲੇ ਦੌਰਾਨ ਦੁਨੀਆ ਦੇ ਦੇਸ਼ ਭਾਰਤ ਦੇ ਹੱਕ ਵਿਚ ਨਹੀਂ ਨਿੱਤਰੇ। ਇਹ ਸਾਡੀ ਵਿਦੇਸ਼ ਨੀਤੀ ਦੀ ਮੁਕੰਮਲ ਨਾਕਾਮੀ ਵੀ ਸਮਝੀ ਜਾਂਦੀ ਹੈ। ਠੀਕ ਹੈ, ਨਾਕਾਮੀਆਂ ਵੀ ਹਨ ਤੇ ਕਮਜ਼ੋਰੀਆਂ ਵੀ ਪਰ ਵੱਡਾ ਸਵਾਲ ਇਹ ਹੈ ਕਿ ਭਾਰਤ ਕਿਸ ਕਿਸਮ ਦੀ ਮਦਦ ਚਾਹੁੰਦਾ ਸੀ, ਜੋ ਨਹੀਂ ਮਿਲੀ। ਪਹਿਲਗਾਮ ਦੇ ਅਤਿਵਾਦੀ ਹਮਲੇ ਦੀ ਸਾਰੀ ਦੁਨੀਆ ਨੇ ਨਿੰਦਾ ਕੀਤੀ ਸੀ, ਬਹੁਤ ਮੁਲਕਾਂ ਨੇ ਭਾਰਤ ਨਾਲ ਹਮਦਰਦੀ ਵੀ ਜਤਾਈ। ਰੂਸ, ਜਪਾਨ ਤੇ ਕਈ ਮੁਲਕਾਂ ਦਾ ਬਹੁਤ ਠੋਕਵਾਂ ਬਿਆਨ ਸੀ ਕਿ ਉਹ ਅਤਿਵਾਦ ਵਿਰੁੱਧ ਹਰ ਲੜਾਈ ਵਿਚ ਭਾਰਤ ਦਾ ਸਾਥ ਦੇਣਗੇ ਲੇਕਿਨ ਇਸ ਦਾ ਮਤਲਬ ਇਹ ਨਹੀਂ ਲਿਆ ਜਾ ਸਕਦਾ ਸੀ ਕਿ ਉਨ੍ਹਾਂ ਨੇ ਪਾਕਿਸਤਾਨ ਵਿਰੁੱਧ ਲੜਾਈ ਵਿਚ ਭਾਰਤ ਦਾ ਸਾਥ ਦੇਣ ਦਾ ਵਚਨ ਦਿੱਤਾ ਸੀ। ਭਾਰਤ ਅੰਦਰ ਵਾਪਰਦੇ ਅਤਿਵਾਦੀ ਹਮਲਿਆਂ ਵਿਚ ਪਾਕਿਸਤਾਨ ਦਾ ਕਿਤਨਾ ਰੋਲ ਹੁੰਦਾ ਹੋਵੇਗਾ, ਇਹ ਵੱਖਰੀ ਗੱਲ ਹੈ ਪਰ ਅਤਿਵਾਦ ਤੇ ਪਾਕਿਸਤਾਨ ਨੂੰ ਸਮ-ਅਰਥੀ ਸ਼ਬਦ ਦੇ ਤੌਰ 'ਤੇ ਨਹੀਂ ਲਿਆ ਜਾ ਸਕਦਾ।




ਪਹਿਲਗਾਮ ਦੀ ਅਤਿਵਾਦੀ ਕਾਰਵਾਈ ਵੱਖਰੀ ਤਰ੍ਹਾਂ ਦੀ ਭਿਅੰਕਰ ਤੇ ਦਰਦਨਾਕ ਸੀ। ਇਸੇ ਵਾਸਤੇ ਸਾਰੀ ਦੁਨੀਆ ਨੇ ਇਸ ਉਪਰ ਦੁੱਖ ਦਾ ਇਜ਼ਹਾਰ ਕੀਤਾ ਲੇਕਿਨ ਸਪੱਸ਼ਟ ਹੈ ਕਿ ਇਸ ਕਾਰਵਾਈ ਨੂੰ ਪਾਕਿਸਤਾਨ ਉਪਰ ਹਵਾਈ ਹਮਲੇ ਕਰਨ ਵਾਸਤੇ ਵਾਜਬ ਕਾਰਨ ਨਹੀਂ ਸਮਝਿਆ ਗਿਆ। ਇਹ ਬਿਲਕੁਲ ਇਸੇ ਤਰ੍ਹਾਂ ਹੈ ਕਿ ਜਦੋਂ ਹਮਾਸ ਦੇ ਅਤਿਵਾਦੀਆਂ ਨੇ ਇਜ਼ਰਾਈਲ 'ਤੇ ਹਮਲਾ ਕਰ ਕੇ 300 ਲੋਕਾਂ ਨੂੰ ਬੰਦੀ ਬਣਾਇਆ ਤੇ ਹਜ਼ਾਰ ਦੇ ਕਰੀਬ ਨਾਗਰਿਕਾਂ ਨੂੰ ਮਾਰ ਦਿੱਤਾ ਤਾਂ ਸਾਰੀ ਦੁਨੀਆ ਨੇ ਨਿੰਦਾ ਕੀਤੀ ਸੀ ਪਰ ਇਸ ਦੇ ਜਵਾਬ ਵਿਚ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੀ ਅੰਧਾ-ਧੁੰਦ ਬੰਬਾਰੀ ਦੀ ਵੀ ਸਭ ਪਾਸਿ ਂ ਨਿੰਦਾ ਹੋਈ।

ਇਜ਼ਰਾਈਲ ਦਾ ਦਾਅਵਾ ਸੀ ਕਿ ਹਮਾਸ ਦੇ ਗੁਰੀਲਿਆਂ ਨੇ ਰਿਹਾਇਸ਼ੀ ਇਮਾਰਤਾਂ ਦੇ ਤਹਿਖਾਨਿਆਂ ਵਿਚ ਆਪਣੇ ਅੱਡੇ ਬਣਾਏ ਹਨ, ਹਥਿਆਰ ਜਮ੍ਹਾਂ ਕੀਤੇ ਹਨ ਤੇ ਇਥੇ ਹੀ ਸੁਰੰਗਾਂ ਬਣਾਈਆਂ ਹੋਈਆਂ ਹਨ। ਇਹ ਗੱਲਾਂ ਸੱਚੀਆਂ ਹੋ ਸਕਦੀਆਂ ਹਨ ਪਰ ਆਲਮੀ ਇਨਸਾਫ਼ ਦਾ ਇਹ ਤਕਾਜ਼ਾ ਤਾਂ ਰਹੇਗਾ ਹੀ ਕਿ ਕੁਝ ਬੇਕਸੂਰ ਲੋਕਾਂ ਨੂੰ ਬੰਦੀ ਬਣਾਏ ਜਾਣ ਤੇ ਕੁਝ ਬੇਕਸੂਰ ਲੋਕਾਂ ਦੇ ਕਤਲ ਦੇ ਇਵਜ਼ ਵਿਚ ਕੁਝ ਹੋਰ ਬੇਕਸੂਰ ਲੋਕਾਂ ਦੀਆਂ ਹੱਤਿਆਵਾਂ ਨਹੀਂ ਕੀਤੀਆਂ ਜਾ ਸਕਦੀਆਂ। ਆਸਮਾਨ ਤੋਂ ਹੇਠਾਂ ਮਿਜ਼ਾਈਲ ਦਾਗਣ ਵਾਲਾ ਬੰਦਾ ਇਸ ਦੀ ਗਾਰੰਟੀ ਨਹੀਂ ਕਰ ਸਕਦਾ ਕਿ ਨਿਸ਼ਾਨੇ ਹੇਠਲੀ ਇਮਾਰਤ ਵਿਚ ਸਿਰਫ ਖ਼ੂਨੀ ਅਤਿਵਾਦੀ ਹੀ ਹੋਣਗੇ; ਇਸ ਵਿਚ ਕੋਈ ਸਾਧਾਰਨ ਵਿਅਕਤੀ, ਕੋਈ ਬੁਜ਼ੁਰਗ, ਔਰਤ ਜਾਂ ਬੱਚਾ ਨਹੀਂ ਹੋਵੇਗਾ। ਕਿਸੇ ਸਿਖਲਾਈ ਕੈਂਪ ਵਿਚ ਸਫ਼ਾਈ ਕਰਮਚਾਰੀ ਵੀ ਹੋ ਸਕਦੇ ਹਨ ਤੇ ਰਸੋਈ ਦੇ ਕਾਰੀਗਰ ਵੀ।

ਹੁਣ ਭਾਰਤ ਵੱਲੋਂ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਦੇ ਵਫ਼ਦ ਦੂਸਰੇ ਮੁਲਕਾਂ ਵਿਚ ਭਾਰਤ ਦਾ ਪੱਖ ਰੱਖਣ ਵਾਸਤੇ ਭੇਜੇ ਗਏ ਹਨ। ਇਸ ਕੰਮ ਦੀ ਕਾਫ਼ੀ ਤਾਰੀਫ਼ ਹੋ ਰਹੀ ਹੈ ਲੇਕਿਨ ਦੇਸ਼ ਵਾਸੀਆਂ ਨੂੰ ਅਜੇ ਵੀ ਸਾਫ਼ ਨਹੀਂ ਕਿ ਇਹ ਕਿਸ ਤਰ੍ਹਾਂ ਦਾ ਪੱਖ ਰੱਖ ਰਹੇ ਹਨ ਤੇ ਦੂਸਰੇ ਦੇਸ਼ਾਂ ਤੋਂ ਕੀ ਮੰਗ ਜਾਂ ਉਮੀਦ ਰੱਖਣਗੇ। ਸਪੱਸ਼ਟ ਹੈ ਕਿ ਹਰ ਮੁਲਕ ਅਤਿਵਾਦ ਦੀ ਨਿੰਦਾ ਕਰੇਗਾ ਤੇ ਇਸ ਦੇ ਵਿਰੁੱਧ ਭਾਰਤ ਦੇ ਨਾਲ ਖੜ੍ਹਾ ਹੋਣ ਦੀ ਜ਼ਾਮਨੀ ਵੀ ਦੇਵੇਗਾ ਪਰ ਕੀ ਕੋਈ ਮੁਲਕ ਪਾਕਿਸਤਾਨ ਵਿਰੁੱਧ ਲੜਾਈ ਵਿਚ ਸਹਾਇਤਾ ਕਰਨ ਦਾ ਵਚਨ ਦੇਵੇਗਾ, ਅਜਿਹਾ ਹੋਣਾ ਬਹੁਤ ਮੁਸ਼ਕਿਲ ਹੈ।

ਇਹ ਸਥਾਪਤ ਦਸਤੂਰ ਹੈ ਕਿ ਕਿਸੇ ਵੀ ਝਗੜੇ ਵਿਚ, ਚਾਹੇ ਉਹ ਦੋ ਵਿਅਕਤੀਆਂ ਵਿਚ ਹੋਵੇ ਜਾਂ ਮੁਲਕਾਂ ਦਰਮਿਆਨ, ਕਿਸੇ ਇਕ ਨੂੰ ਚੁੱਕਣ ਜਾਂ ਹੱਲਾਸ਼ੇਰੀ ਦੇਣ ਵਾਲਾ ਸੱਚਾ ਦੋਸਤ ਨਹੀਂ ਗਿਣਿਆ ਜਾਂਦਾ। ਸੱਚਾ ਦੋਸਤ ਉਹ ਗਿਣਿਆ ਜਾਂਦਾ ਹੈ ਜੋ ਦੋਹਾਂ ਵਿਚ ਸੁਲਾਹ ਸਫ਼ਾਈ ਕਰਵਾਉਣ ਵਿਚ ਮਦਦ ਕਰੇ। ਇਨ੍ਹਾਂ ਦੌਰਿਆਂ ਦੌਰਾਨ ਹੀ ਇੰਗਲੈਂਡ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਜੇ ਭਾਰਤ ਤੇ ਪਾਕਿਸਤਾਨ ਕਿਸੇ ਦੂਸਰੇ ਮੁਲਕ ਵਿਚ ਆਪਸੀ ਗੱਲਬਾਤ ਕਰਨ ਤਾਂ ਚੰਗੇ ਨਤੀਜੇ ਨਿਕਲ ਸਕਦੇ ਹਨ। ਇਹ ਸਾਲਸੀ ਦੀ ਪੇਸ਼ਕਸ਼ ਨਹੀਂ, ਸਿਰਫ਼ ਬੈਠਣ ਦਾ ਪ੍ਰਬੰਧ ਕਰਨ ਦੀ ਤਜਵੀਜ਼ ਹੈ, ਜਿਵੇਂ ਰੂਸ ਤੇ ਯੂਕਰੇਨ ਵਿਚਕਾਰ ਗੱਲਬਾਤ ਸਾਊਦੀ ਅਰਬ 'ਚ ਹੁੰਦੀ ਰਹੀ, ਤੁਰਕੀ ਵਿਚ ਵੀ ਹੋ ਰਹੀ ਹੈ, ਜ਼ਿਆਦਾ ਭਾਵੇਂ ਕੁਝ ਨਹੀਂ ਹੋਇਆ ਪਰ ਚਲੋ, ਦੋਵੇਂ ਮੁਲਕ ਇਕ ਦੂਜੇ ਦੇ ਕੈਦੀਆਂ ਨੂੰ ਛੱਡ ਰਹੇ ਹਨ।

ਜਿਹੜਾ ਹੁਣ ਅਸੀਂ ਦੂਜੇ ਦੇਸ਼ਾਂ ਦੇ ਦੌਰੇ ਕਰ ਕੇ ਆਪਣਾ ਪੱਖ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਇਸ ਦਾ ਸੌਖਾ ਤੇ ਕਾਰਗਰ ਤਰੀਕਾ ਇਹ ਸੀ ਕਿ ਅਸੀਂ

(ਬਾਕੀ ਅਗਲੇ ਸਫੇ 'ਤੇ)

# ਆਪ੍ਰੇਸ਼ਨ ਬਲੂ ਸਟਾਰ ਤੋਂ ਪਹਿਲਾਂ ਪੰਜਾਬ ਵਿਚ ਕੀ-ਕੀ ਵਾਪਰਿਆ

ਭਾਰਤ ਦੀ ਆਜ਼ਾਦੀ ਤੋਂ ਬਾਅਦ ਇਤਿਹਾਸ ਦੀ ਚਰਚਾ ਸ਼ਾਇਦ ਆਪਰੇਸ਼ਨ ਬਲੂ ਸਟਾਰ ਦੇ ਜ਼ਿਕਰ ਤੋਂ ਬਿਨ੍ਹਾਂ ਅਧੂਰੀ ਹੈ। ਜੂਨ 1984 ਵਿੱਚ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਨੂੰ ਆਪਰੇਸ਼ਨ ਬਲੂ ਸਟਾਰ ਕਿਹਾ ਗਿਆ। ਜਦੋਂ ਵੀ ਇਸ ਦਾ ਜ਼ਿਕਰ ਆਵੇਗਾ ਤੇ ਅਕਾਲੀਆਂ ਦੀ ਪੰਜਾਬ ਬਾਰੇ ਖੁਦਮੁਖਤਿਆਰੀ ਦੀ ਮੰਗ ਅਤੇ ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਜਰਨੈਲ ਸਿੰਘ ਭਿੰਡਰਾਵਾਲੇ ਸਮੇਤ ਕਈ ਸਿੱਖ ਆਗੂਆਂ ਦੀ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਬਾਰੇ ਮੰਗਾਂ ਦੀ ਚਰਚਾ ਜ਼ਰੂਰ ਹੋਵੇਗੀ। ਆ ਕੁਝ ਅਹਿਮ ਘਟਨਾਵਾਂ ਵੇਖੀਏ ਤਾਂ ਕਿ ਅਸੀਂ ਆਪਰੇਸ਼ਨ ਬਲੂ ਸਟਾਰ ਦੀਆਂ ਘਟਨਾਵਾਂ ਦੀ ਲੜੀ ਨੂੰ ਆਸਾਨੀ ਨਾਲ ਸਮਝ ਸਕੀਏ।

ਮਤੇ ਵਿੱਚ ਕੇਂਦਰ ਨੂੰ ਵਿਦੇਸ਼ੀ ਮਾਮਲੇ, ਮੁਦਰਾ, ਰੱਖਿਆ ਅਤੇ ਸੰਚਾਰ ਸਮੇਤ ਸਿਰਫ਼ ਪੰਜ ਜ਼ਿੰਮੇਵਾਰੀਆਂ ਆਪਣੇ ਕੋਲ ਰੱਖਦੇ ਹੋਏ ਬਾਕੀ ਦੇ ਅਧਿਕਾਰ ਸੂਬੇ ਨੂੰ ਦੇਣ ਅਤੇ ਪੰਜਾਬ ਨੂੰ ਇੱਕ ਖੁਦਮੁਖਤਿਆਰ ਸੂਬੇ ਦੇ ਰੂਪ ਵਿੱਚ ਸਵੀਕਾਰ ਕਰਨ ਸਬੰਧੀ ਗੱਲਾਂ ਕਹੀਆਂ ਗਈਆਂ ਸਨ।

1977- ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਦੀਆਂ ਧਾਰਮਿਕ ਪ੍ਰਚਾਰ ਨਾਲ ਸਬੰਧਤ ਸੰਸਥਾਵਾਂ ਵਿਚੋਂ ਪ੍ਰਮੁੱਖ ਦਮਦਮੀ ਟਕਸਾਲ ਦੇ ਮੁਖੀ ਚੁਣੇ ਗਏ ਅਤੇ ਉਨ੍ਹਾਂ ਅੰਮ੍ਰਿਤ ਪ੍ਰਚਾਰ ਮੁਹਿੰਮ ਵਿਚ ਤੇਜ਼ੀ ਲਿਆਉਣ ਦੀ ਸ਼ੁਰੂਆਤ ਕੀਤੀ। ਅਪ੍ਰੈਲ, 1978-ਅਖੰਡ ਕੀਰਤਨੀ ਜਥੇ ਤੇ ਦਮਦਮੀ ਟਕਸਾਲ ਨਾਲ ਸਬੰਧਤ ਸਿੱਖਾਂ ਵੱਲੋਂ ਨਿਰੰਕਾਰੀਆਂ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੌਰਾਨ ਅੰਮ੍ਰਿਤਸਰ ਵਿੱਚ ਫਾਇਰਿੰਗ ਦੌਰਾਨ 13 ਸਿੱਖਾਂ ਦੀ ਮੌਤ ਹੋਈ। ਅਸਲ ਵਿੱਚ ਇਸ ਵਾਰਦਾਤ ਦੌਰਾਨ 18 ਜਣੇ ਮਾਰੇ ਗਏ, ਜਿਨ੍ਹਾਂ ਵਿੱਚੋਂ 13 ਸਿੱਖ ਜਥੇ ਨਾਲ ਸਬੰਧਤ ਸਨ, 3 ਨਿਰੰਕਾਰੀ ਅਤੇ 2 ਆਮ ਲੋਕ ਸਨ। ਜੂਨ, 1978-ਅਕਾਲ ਤਖ਼ਤ ਸਾਹਿਬ ਨੇ ਨਿਰੰਕਾਰੀ ਪੰਥ ਦੇ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ।

**ਸਾਕਾ ਜੂਨ '84**

ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿੱਚ ਦਮਦਮੀ ਟਕਸਾਲ ਦੇ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਦੇ ਮਸਲੇ ਬੇਬਾਕੀ ਨਾਲ ਚੁੱਕਣ ਕਾਰਨ ਸਿਆਸਤ ਦੇ ਕੇਂਦਰ ਬਿੰਦੂ ਬਣ ਚੁੱਕੇ ਸਨ। ਅਕਤੂਬਰ 1983 ਵਿੱਚ ਢਿਲਵਾਂ ਬੱਸ ਕਾਂਡ ਦੌਰਾਨ 6 ਹਿੰਦੂ ਮਾਰੇ ਗਏ ਤੇ ਪੰਜਾਬ 'ਚ ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਉੱਤੇ ਭੰਗ ਕਰ ਦਿੱਤਾ ਗਿਆ। ਪੰਜਾਬ ਵਿੱਚ ਹਿੰਸਾ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ ਤੇ 1984 ਵਿੱਚ ਜੂਨ ਤੱਕ ਹਿੰਸਕ ਵਾਰਦਾਤਾਂ ਵਿੱਚ ਦਰਜਨਾਂ ਆਮ ਲੋਕੀ ਮਾਰੇ ਅਤੇ ਪੁਲਿਸ ਮੁਲਾਜ਼ਮ ਮਾਰੇ ਜਾ ਚੁੱਕੇ ਸਨ। ਉਸ ਤੋਂ ਬਾਅਦ ਜੂਨ 1984 ਦੌਰਾਨ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤਾ ਗਿਆ ਹਮਲਾ 'ਆਪਰੇਸ਼ਨ ਬਲੂ ਸਟਾਰ' ਵਜੋਂ ਜਾਣਿਆਂ ਜਾਂਦਾ ਹੈ। ਸਰਕਾਰ ਮੁਤਾਬਕ ਇਹ ਹਮਲਾ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਅਕਾਲ ਤਖ਼ਤ ਉੱਤੇ ਕਬਜ਼ਾ ਕਰੀ ਬੈਠੇ ਹਥਿਆਰਬੰਦ ਖਾੜਕੂਆਂ ਨੂੰ ਦਰਬਾਰ ਸਾਹਿਬ ਕੰਪਲੈਕਸ 'ਚੋਂ ਕੱਢਣ ਲਈ ਕੀਤਾ ਗਿਆ। ਹਮਲੇ ਦੌਰਾਨ ਫੌਜ ਦੀ ਅਗਵਾਈ ਕਰ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਦਾਅਵਾ ਕਰਦੇ ਹਨ ਕਿ ਭਿੰਡਰਾਂਵਾਲੇ ਜਾਂ ਉਨ੍ਹਾਂ ਦੇ ਸਾਥੀ ਵੱਖਰੇ ਰਾਜ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਸਨ ਅਤੇ ਉਨ੍ਹਾਂ ਨੂੰ ਪਾਕਿਸਤਾਨੀ ਫੌਜ ਦੀ ਮਦਦ ਮਿਲ ਸਕਦੀ ਸੀ, ਇਸ ਲਈ ਫੌਜੀ ਐਕਸ਼ਨ ਕਰਨਾ ਜ਼ਰੂਰੀ ਸੀ। ਪਰ ਸਿੱਖ ਵਿਦਵਾਨ ਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਲਾਹਕਾਰ ਰਹੇ ਡਾਕਟਰ ਭਗਵਾਨ ਸਿੰਘ ਇਸ ਦਾਅਵੇ ਨੂੰ ਰੱਦ ਕਰਦੇ ਹਨ, ਉਨ੍ਹਾਂ ਮੁਤਾਬਕ ਇਹ ਯੋਜਨਾ ਪਹਿਲਾਂ ਗਿਣੀ-ਮਿਥੀ ਗਈ ਸੀ।ਕੁਝ ਸਿੱਖ ਆਗੂਆਂ ਮੁਤਾਬਕ ਇਸ ਹਮਲੇ ਰਾਹੀਂ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਮੁਲਕ ਵਿੱਚ ਫਿਰਕੂ ਧਰੁਵੀਕਰਨ ਕਰਕੇ ਆਪਣੇ ਸਿਆਸੀ ਹਿੱਤ ਪੂਰਨਾ ਚਾਹੁੰਦੀਆਂ ਸਨ। ਸਰਕਾਰੀ ਵਾਈਟ ਪੇਪਰ ਮੁਤਾਬਕ ਹਮਲੇ 'ਚ 493 ਆਮ ਲੋਕ ਤੇ 83 ਫੌਜੀ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ। ਪੰਜਾਬ ਪੁਲਿਸ ਦੇ ਤਤਕਾਲੀ ਅਧਿਕਾਰੀ ਅਪਾਰ ਸਿੰਘ ਬਾਜਵਾ ਨੇ 2004 ਵਿੱਚ ਦੱਸਿਆ ਸੀ ਕਿ ਉਨ੍ਹਾਂ 800 ਲਾਸ਼ਾਂ ਆਪ ਗਿਣੀਆਂ ਸਨ। ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਹੋਰ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ। ਇਹ ਲੜੀ 2018 ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ।



ਅਕਤੂਬਰ, 1978- ਲੁਧਿਆਣਾ ਵਿਖੇ 18ਵੇਂ ਅਖਿਲ ਭਾਰਤੀ ਅਕਾਲੀ ਸਮਾਰੋਹ ਦਾ ਆਯੋਜਨ, ਜਿਸ ਵਿੱਚ ਆਨੰਦਪੁਰ ਸਾਹਿਬ ਮਤੇ 'ਤੇ ਇੱਕ ਲਚਕੀਲਾ ਰੁਖ ਅਪਣਾਉਂਦੇ ਹੋਏ ਦੂਜਾ ਮਤਾ ਪਾਸ ਕੀਤਾ ਗਿਆ। ਸਤੰਬਰ, 1979- ਅਕਾਲੀ ਦਲ ਦੀ ਦੋ ਗੁੱਟਾਂ ਵਿੱਚ ਵੰਡ, ਪਹਿਲੇ ਗੁੱਟ ਦੀ ਅਗਵਾਈ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਸਾਂਭੀ ਜਦਕਿ ਦੂਜੇ ਗੁੱਟ ਦੀ ਅਗਵਾਈ ਜਗਦੇਵ ਸਿੰਘ ਤਲਵੰਡੀ ਅਤੇ ਤਤਕਾਲੀ ਐੱਸਜੀਪੀਸੀ ਮੁਖੀ ਗੁਰਚਰਨ ਸਿੰਘ ਟੌਹੜਾ ਦੇ ਹੱਥ ਵਿੱਚ ਆ ਗਈ।

ਅਪ੍ਰੈਲ, 1980-ਨਿਰੰਕਾਰੀ ਪੰਥ ਦੇ ਪ੍ਰਮੁੱਖ ਗੁਰਬਚਨ ਸਿੰਘ 'ਤੇ ਜਾਨਲੇਵਾ ਹਮਲਾ, ਉਸ ਵੇਲੇ ਉਹ ਦਿੱਲੀ ਸਥਿਤ ਆਪਣੇ ਮੁੱਖ ਦਫਤਰ ਆ ਰਹੇ ਸਨ। ਇਸ ਹਮਲੇ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ।

**ਭਿੰਡਰਾਂਵਾਲੇ ਵੱਲੋਂ ਆਤਮ ਸਮਰਪਣ**

ਸਤੰਬਰ, 1981-ਹਿੰਦ ਸਮਾਚਾਰ ਸਮੂਹ ਦੇ ਮੁਖੀ ਲਾਲਾ ਜਗਤ ਨਾਰਾਇਣ ਦੇ ਕਤਲ ਮਾਮਲੇ ਵਿੱਚ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਤਮ ਸਮਰਪਣ ਕੀਤਾ। ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਗਿਆ। ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਮਕਸਦ ਲਈ ਹਿੰਸਾ ਦਾ ਰਾਹ ਅਪਣਾਉਣ ਨੂੰ ਸਹੀ ਸਮਝਦੇ ਸਨ। ਇਸੇ ਮਹੀਨੇ ਦਲ ਖਾਲਸਾ ਦੇ ਗਜਿੰਦਰ ਸਿੰਘ ਅਤੇ ਸਤਨਾਮ ਸਿੰਘ ਪਾਉਂਟਾ ਸਣੇ ਪੰਜ ਮੈਂਬਰ ਸ੍ਰੀਨਗਰ ਤੋਂ ਦਿੱਲੀ ਆ ਰਹੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਹਾਈਜੈਕ ਕਰ ਕੇ ਲਾਹੌਰ ਲੈ ਗਏ। ਅਗਵਾ ਕਰਨਾ ਵਾਲਿਆਂ ਨੇ ਨਕਦ ਰਕਮ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਜੇਲ੍ਹ ਤੋਂ ਰਿਹਾਅ ਕਰਨ ਦੀ ਮੰਗ ਰੱਖੀ।ਅਕਤੂਬਰ, 1981-ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।

ਇਸੇ ਮਹੀਨੇ ਸ਼੍ਰੋਮਣੀ ਅਕਾਲੀ ਦਲ ਅਤੇ ਦਿੱਲੀ ਦੀ ਕੇਂਦਰ ਸਰਕਾਰ ਵਿਚਾਲੇ ਪਹਿਲੇ ਦੌਰ ਦੀ ਗੱਲਬਾਤ ਹੋਈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਲਚਕੀਲਾ ਰੁਖ ਅਪਣਾ ਕੇ ਆਪਣੀਆਂ ਮੰਗਾਂ ਨੂੰ 45 ਤੋਂ ਘਟਾ ਕੇ 15 ਕਰ ਦਿੱਤਾ। ਇਸ ਵਿੱਚ ਇੱਕ ਅਹਿਮ ਸ਼ਰਤ ਸੀ ਭਿੰਡਰਾਂਵਾਲੇ ਦੀ ਬਿਨਾਂ ਕਿਸੇ ਸ਼ਰਤ ਦੇ ਰਿਹਾਈ।

ਅਪ੍ਰੈਲ, 1982- ਸ਼੍ਰੋਮਣੀ ਅਕਾਲੀ ਦਲ ਅਤੇ ਕੇਂਦਰ ਸਰਕਾਰ ਵਿਚਾਲੇ ਤੀਜੇ ਦੌਰ ਦੀ ਗੱਲਬਾਤ। ਇਸ ਗੱਲਬਾਤ ਨੂੰ ਅਕਾਲੀ ਦਲ ਨੇ ਨਾਕਾਮਯਾਬ ਦੱਸਿਆ।

ਇਸੇ ਮਹੀਨੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਵਿਰੋਧ ਨੂੰ ਅੱਗੇ ਵਧਾਉਂਦੇ ਹੋਏ ਯਮੁਨਾ ਸਤਲੁਜ ਲਿੰਕ ਨਹਿਰ ਦਾ ਜ਼ੋਰਦਾਰ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਅਤੇ ਨਹਿਰ ਰੋਕੋ ਮੋਰਚਾ ਖੋਲ੍ਹ ਦਿੱਤਾ।

ਜੁਲਾਈ, 1982- ਭਿੰਡਰਾਂਵਾਲੇ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ 47 ਵਿੱਚ ਆ ਜਾਂਦੇ ਹਨ।

**ਹਾਈਜੈਕ, ਕਤਲ, ਹਿੰਸਾ.. ਸੁਲਗਿਆ ਪੰਜਾਬ**

ਅਗਸਤ, 1982- ਅਕਾਲੀ ਦਲ ਨੇ ਧਰਮ ਯੁੱਧ ਮੋਰਚੇ ਦਾ ਐਲਾਨ ਕੀਤਾ। ਇਸੇ ਮਹੀਨੇ ਦਿੱਲੀ ਤੋਂ ਸ੍ਰੀਨਗਰ ਜਾ ਰਹੇ 126 ਯਾਤਰੀਆਂ ਵਾਲੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਹਾਈਜੈਕ ਕਰ ਕੇ ਲਾਹੌਰ ਵਿੱਚ ਲੈਂਡ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਲਾਹੌਰ ਤੋਂ ਉਸਦੀ ਇਜਾਜ਼ਤ ਨਹੀਂ ਮਿਲੀ। ਇਸ ਤੋਂ ਬਾਅਦ ਜਹਾਜ਼ ਨੂੰ ਅੰਮ੍ਰਿਤਸਰ ਵਿੱਚ ਲੈਂਡ ਕਰਾਇਆ ਗਿਆ। ਅਗਵਾ ਕਰਨ ਵਾਲੇ ਨੂੰ ਅੰਮ੍ਰਿਤਸਰ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਇਸੇ ਮਹੀਨੇ ਇੰਡੀਅਨ ਏਅਰਲਾਈਨਜ਼ ਦੇ ਇੱਕ ਹੋਰ ਜਹਾਜ਼ ਨੂੰ ਜੋਧਪੁਰ ਰਸਤੇ ਮੁੰਬਈ ਤੋਂ ਦਿੱਲੀ ਆਉਂਦੇ ਵੇਲੇ ਹਾਈਜੈਕ ਕੀਤਾ ਗਿਆ। ਇਸ ਜਹਾਜ਼ ਨੂੰ ਵੀ ਲਾਹੌਰ ਵਿੱਚ ਲੈਂਡ ਕਰਨ ਦੀ ਇਜਾਜ਼ਤ ਨਹੀਂ ਮਿਲੀ ਜਿਸ ਤੋਂ ਬਾਅਦ ਅੰਮ੍ਰਿਤਸਰ ਵਿੱਚ ਲੈਂਡਿੰਗ ਕਰਾਈ ਗਈ।

ਅੰਮ੍ਰਿਤਸਰ ਹਵਾਈ ਅੱਡੇ 'ਤੇ ਕਮਾਂਡੋ ਕਾਰਵਾਈ ਵਿੱਚ ਅਗਵਾ ਕਰਨ ਵਾਲੇ ਸਿੱਖ ਮੁਸੀਬਤ ਸਿੰਘ ਦੀ ਮੌਤ।

ਨਵੰਬਰ, 1982- ਦਿੱਲੀ ਵਿੱਚ ਨੌਂਵੇਂ ਏਸ਼ੀਆਈ ਖੇਡਾਂ ਦੇ ਆਯੋਜਨ ਦੌਰਾਨ ਅਕਾਲੀ ਦਲ ਨੇ ਵਿਰੋਧ ਦੀ ਅਪੀਲ ਕੀਤੀ। ਕਈ ਸਿੱਖ ਰਾਜਧਾਨੀ ਵਿੱਚ ਦਾਖਲ ਹੁੰਦੇ ਫੜੇ ਗਏ। ਕੁਝ ਨੂੰ ਜ਼ੁਲਮ ਦਾ ਸ਼ਿਕਾਰ ਬਣਾਇਆ ਗਿਆ। ਸਿੱਖਾਂ 'ਤੇ ਜ਼ੁਲਮ ਢਾਉਣ ਦੇ ਮਾਮਲੇ ਸਭ ਤੋਂ ਵੱਧ ਹਰਿਆਣਾ ਵਿੱਚ ਸਾਹਮਣੇ ਆਏ।

ਅਪ੍ਰੈਲ, 1983- ਪੰਜਾਬ ਪੁਲਿਸ ਦੇ ਡੀਆਈਜੀ ਅਵਤਾਰ ਸਿੰਘ ਅਟਵਾਲ ਦਾ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਅੱਗੇ ਕਤਲ ਕਰ ਦਿੱਤਾ ਗਿਆ।

ਜੂਨ-ਅਗਸਤ, 1983- ਅਕਾਲੀ ਦਲ ਨੇ ਰੇਲ ਰੋਕੋ ਅਤੇ ਕੰਮ ਰੋਕੋ ਮੋਰਚਾ ਖੋਲਿਆ। ਇਸ ਨਾਲ ਆਮ ਜਨਜੀਵਨ ਅਤੇ ਰੇਲ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

ਅਕਤੂਬਰ, 1983- ਦਰਬਾਰਾ ਸਿੰਘ ਦੀ ਅਗਵਾਈ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਭੰਗ ਕਰਕੇ ਸੂਬੇ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰ ਦਿੱਤਾ ਗਿਆ।

**ਸੰਤ ਭਿੰਡਰਾਂਵਾਲੇ ਦਾ ਅਕਾਲ ਤਖ਼ਤ ਡੇਰਾ**

ਦਸੰਬਰ, 1983- ਸੰਤ ਭਿੰਡਰਾਂਵਾਲੇ ਹੁਣ ਦਰਬਾਰ ਸਾਹਿਬ ਦੇ ਗੁਰੂ ਨਾਨਕ ਨਿਵਾਸ ਕੰਪਲੈਕਸ ਦੇ ਸਭ ਤੋਂ ਅਹਿਮ ਹਿੱਸੇ ਯਾਨੀ ਅਕਾਲ ਤਖ਼ਤ ਸਾਹਿਬ ਵਿੱਚ ਪਹੁੰਚ ਗਏ ਸਨ।

ਫਰਵਰੀ, 1984- ਪੰਜਾਬੀ ਦੇ ਚਰਚਿਤ ਮੈਗਜ਼ੀਨ 'ਪ੍ਰੀਤਲੜੀ' ਦੇ ਸੰਪਾਦਕ ਅਤੇ ਸੀਨੀਅਰ ਪੱਤਰਕਾਰ ਸੁਮਿਤ ਸਿੰਘ ਸ਼ੰਮੀ ਦਾ ਕਤਲ ਕਰ ਦਿੱਤਾ ਗਿਆ।

ਅਪ੍ਰੈਲ, 1984- ਸਾਬਕਾ ਵਿਧਾਇਕ ਅਤੇ ਅੰਮ੍ਰਿਤਸਰ ਵਿੱਚ ਭਾਜਪਾ ਪ੍ਰਧਾਨ ਹਰਬੰਸ ਲਾਲ ਖੰਨਾ ਨੂੰ ਉਨ੍ਹਾਂ ਦੇ ਅੰਗਰੱਖਿਅਕ ਸਮੇਤ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਅਗਲੇ ਦਿਨ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਹਿੰਸਾ ਭੜਕ ਗਈ। ਇਸ ਵਿੱਚ ਅੱਠ ਲੋਕ ਮਾਰੇ ਗਏ ਅਤੇ ਨੌਂ ਜ਼ਖ਼ਮੀ ਹੋਏ ਸਨ।

ਇਸੇ ਹਫ਼ਤੇ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਅਤੇ ਕਾਂਗਰਸ ਪਾਰਟੀ ਦੇ ਆਗੂਆਂ ਨਾਲ ਨੇੜਲੇ ਰਿਸ਼ਤੇ ਰੱਖਣ ਵਾਲੇ ਵਿਸ਼ਵਨਾਥ ਤਿਵਾੜੀ ਦਾ ਕਤਲ ਕਰ ਦਿੱਤਾ ਗਿਆ।

ਦੋਵੇਂ ਗੁੱਟਾਂ, ਲੌਂਗੋਵਾਲ ਅਤੇ ਭਿੰਡਰਾਂਵਾਲੇ ਨੇ ਪਰਚੇ ਵੰਡ ਕੇ ਇੱਕ ਦੂਜੇ 'ਤੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੇ ਇਲਜ਼ਾਮ ਲਗਾਏ।

ਮਈ, 1984- ਹਿੰਦ ਸਮਾਚਾਰ ਸਮੂਹ ਦੇ ਸੰਪਾਦਕ ਜਗਤ ਨਾਰਾਇਣ ਦੇ ਕਤਲ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਰਮੇਸ਼ ਚੰਦਰ ਨੇ ਜ਼ਿੰਮੇਵਾਰੀ ਸਾਂਭੀ ਪਰ ਉਸੇ ਮਹੀਨੇ ਉਨ੍ਹਾਂ ਦਾ ਵੀ ਜਲੰਧਰ ਦੇ ਨਾਮਦੇਵ ਚੌਕ 'ਤੇ ਕਤਲ ਕਰ ਦਿੱਤਾ ਗਿਆ।

ਇਹ ਵਾਰਦਾਤ ਉਸੇ ਸ਼ਾਮ ਦੀ ਹੈ ਜਿਸ ਦਿਨ ਸਰਕਾਰ ਨੇ ਸੰਵਿਧਾਨ ਦੀ ਧਾਰਾ 25 ਦੀਆਂ ਕਾਪੀਆਂ ਸਾੜਨ ਕਾਰਨ ਹਿਰਾਸਤ ਵਿੱਚ ਲਏ ਅਕਾਲੀਆਂ ਨੂੰ ਰਿਹਾਅ ਕੀਤਾ ਸੀ। ਸੰਵਿਧਾਨ ਦੀ ਧਾਰਾ 25 ਤਹਿਤ ਸਿੱਖ ਧਰਮ ਹਿੰਦੂ ਮੈਰਿਜ ਐਕਟ ਤਹਿਤ ਆਉਂਦਾ ਹੈ।

ਅਕਾਲੀ ਦਲ ਇਸ ਦਾ ਵਿਰੋਧ ਕਰਦਾ ਰਿਹਾ ਹੈ, ਕਿਉਂ ਕਿ ਉਨ੍ਹਾਂ ਦੀ ਦਲੀਲ ਹੈ ਕਿ ਧਾਰਾ 25 ਸਿੱਖਾਂ ਦੀ ਵੱਖਰੀ ਹਸਤੀ ਮੰਨਣ ਦੀ ਬਜਾਇ ਹਿੰਦੂ ਧਰਮ ਦਾ ਹਿੱਸਾ ਮੰਨਦੀ ਹੈ।

6 ਜੂਨ, 1984- ਦਰਬਾਰ ਸਾਹਿਬ ਵਿੱਚ ਭਾਰਤੀ ਫੌਜ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਾਖ਼ਲ ਹੋ ਗਈ। ਫੌਜ ਨੇ ਹਰਮਿੰਦਰ ਸਾਹਿਬ ਨੂੰ ਚਾਰੇ ਪਾਸਿਓਂ ਘੇਰ ਲਿਆ। ਭਾਰੀ ਗੋਲੀਬਾਰੀ ਅਤੇ ਸੰਘਰਸ਼ ਵਿੱਚ ਸੈਂਕੜੇ ਲੋਕਾਂ ਦੀ ਮੌਤ ਹੋਈ।

ਦਰਬਾਰ ਸਾਹਿਬ ਕੰਪਲੈਕਸ ਉੱਤੇ ਹੋਏ ਇਸ ਹਮਲੇ ਵਿੱਚ ਭਿੰਡਰਾਂਵਾਲੇ ਅਤੇ ਲੈਫਟੀਨੈਂਟ ਜਨਰਲ ਸੁਬੇਗ ਸਿੰਘ ਸਣੇ ਕਈ ਮੁੱਖ ਲੋਕਾਂ ਦੀ ਮੌਤ ਹੋਈ। ਇਸ ਨੂੰ ਆਪਰੇਸ਼ਨ ਬਲੂ ਸਟਾਰ ਕਿਹਾ ਗਿਆ।

## ਤੇਜ਼ੀ ਨਾਲ ਪੈਰ ਪਸਾਰ ਰਿਹਾ ਕੋਰੋਨਾ, 4000 ਦੇ ਪਾਰ ਪਹੁੰਚੇ ਐਕਟਿਵ ਕੇਸ

ਨਵੀਂ ਦਿੱਲੀ- ਦੇਸ਼ ਵਿਚ ਕੋਰੋਨਾ ਦੇ ਕੇਸ ਲਗਾਤਾਰ ਵਧ ਰਹੇ ਹਨ, ਇਸ ਦੌਰਾਨ ਐਕਟਿਵ ਕੇਸਾਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ ਤੇ ਇਹ ਗਿਣਤੀ 3700 ਦੇ ਪਾਰ ਚਲੀ ਗਈ ਹੈ, ਜਿਸ ਨਾਲ ਕੁੱਲ ਕੇਸ 3758 ਹੋ ਗਏ ਹਨ। ਦੇਸ਼ ਵਿਚ ਕੇਰਲ 'ਚ ਸਭ ਤੋਂ ਜ਼ਿਆਦਾ 1400 ਕੇਸ ਹਨ। ਕੇਰਲ ਤੋਂ ਬਾਅਦ ਮਹਾਰਾਸ਼ਟਰ 'ਚ 485 ਅਤੇ ਦਿੱਲੀ 'ਚ 436 ਐਕਟਿਵ ਕੇਸ ਹਨ। ਪਿਛਲੇ 48 ਘੰਟਿਆਂ 'ਚ 1000 ਤੋਂ ਵੱਧ ਨਵੇਂ ਕੇਸ ਸਾਹਮਣੇ ਆਏ ਹਨ। ਸਿਹਤ ਵਿਭਾਗ ਅਨੁਸਾਰ, ਜਨਵਰੀ ਤੋਂ ਹੁਣ ਤਕ ਕੁੱਲ 28 ਲੋਕਾਂ ਦੀ ਮੌਤ ਹੋ ਚੁਕੀ ਹੈ। ਸ਼ਨੀਵਾਰ ਨੂੰ ਬੈਂਗਲੁਰੂ 'ਚ 63 ਸਾਲ ਦੇ ਵਿਅਕਤੀ ਦੀ ਮੌਤ ਹੋਈ। ਇਸ ਮਰੀਜ਼ ਨੂੰ ਦੋਵੇਂ ਵੈਕਸੀਨ ਦੇ ਨਾਲ-ਨਾਲ ਬੂਸਟਰ ਡੋਜ਼ ਵੀ ਲੱਗੀ ਸੀ। ਦਿੱਲੀ 'ਚ ਵੀ 60 ਸਾਲ ਦੇ ਇਕ ਬੁਜ਼ੁਰਗ ਦੀ ਮੌਤ ਹੋਈ ਹੈ। ਕੇਰਲ ਅਤੇ ਮਹਾਰਾਸ਼ਟਰ 'ਚ ਸਭ ਤੋਂ ਜ਼ਿਆਦਾ 7-7 ਲੋਕਾਂ ਦੀ ਮੌਤ ਹੋਈ ਹੈ।



ਕਰਨਾਟਕ ਸਰਕਾਰ ਨੇ ਸ਼ਨੀਵਾਰ ਨੂੰ ਇਕ ਐਡਵਾਈਜ਼ਰੀ ਜਾਰੀ ਕਰ ਕੇ ਲੋਕਾਂ ਨੂੰ ਭੀੜ-ਭਾੜ ਵਾਲੀਆਂ ਜਗ੍ਹਾਂ ਤੋਂ ਦੂਰ ਰਹਿਣ ਅਤੇ ਮਾਸਕ ਪਾਉਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ, ਬੁਖ਼ਾਰ, ਖੰਘ ਤੇ ਛਾਤੀ 'ਚ ਦਰਦ ਜਾਂ ਸਾਹ ਲੈਣ 'ਚ ਤਕਲੀਫ਼ ਹੋਣ 'ਤੇ ਤੁਰੰਤ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ।

ਮਿਜ਼ੋਰਮ 'ਚ ਸੱਤ ਮਹੀਨਿਆਂ ਬਾਅਦ ਕੋਵਿਡ ਦਾ ਪਹਿਲਾ ਮਾਮਲਾ ਮਿਲਿਆ ਹੈ। ਸ਼ੁੱਕਰਵਾਰ ਨੂੰ 2 ਲੋਕਾਂ 'ਚ ਕੋਵਿਡ ਦੀ ਪੁਸ਼ਟੀ ਹੋਈ ਸੀ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੂਬੇ 'ਚ ਅਜਿਹਾ ਆਖ਼ਰੀ ਮਾਮਲਾ ਸੱਤ ਮਹੀਨੇ ਪਹਿਲਾਂ ਆਇਆ ਸੀ।

ਸਿਹਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਕੋਵਿਡ ਪਾਜ਼ੇਟਿਵ ਮਿਲੇ ਮਰੀਜ਼ਾਂ ਦਾ ਇਲਾਜ ਆਇਜ਼ੋਲ ਨੇੜੇ ਫਲਕੋਨ 'ਚ ਜੋਰਮ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਕੀਤਾ ਜਾ ਰਿਹਾ ਹੈ। ਸੂਬੇ ਦੇ ਸਿਹਤ ਵਿਭਾਗ ਦੇ ਇੰਟੀਗ੍ਰੇਟਿਡ ਰੋਗ ਨਿਗਰਾਨੀ ਪ੍ਰੋਗਰਾਮ ਨੇ ਲੋਕਾਂ ਨੂੰ ਨਾ ਡਰਨ ਦੀ ਗੱਲ ਕਹੀ ਹੈ।

## ਭਾਰਤ-ਪਾਕਿ ਝਗੜੇ ਅਤੇ ਕੌਮਾਂਤਰੀ ਭਾਈਚਾਰਾ

(ਸਫਾ 5 ਦੀ ਬਾਕੀ)

ਪਹਿਲਗਾਮ ਦੇ ਹਮਲੇ ਤੋਂ ਫੌਰੀ ਬਾਅਦ ਇਸ ਦੀ ਸੰਯੁਕਤ ਰਾਸ਼ਟਰ ਅੱਗੇ ਸ਼ਿਕਾਇਤ ਕਰਦੇ; ਪਾਕਿਸਤਾਨ ਦੀ ਭੂਮਿਕਾ ਦੇ ਪੂਰੇ ਸਬੂਤ ਰੱਖ ਸਕਦੇ ਸਾਂ। ਉਥੇ ਬਹਿਸ ਕਰਨ ਦਾ ਵੱਡਾ ਲਾਭ ਇਹ ਹੁੰਦਾ ਕਿ ਸਾਡੇ ਸਾਹਮਣੇ ਪਾਕਿਸਤਾਨ ਦਾ ਪੱਖ ਵੀ ਆ ਜਾਂਦਾ ਤੇ ਅਸੀਂ ਉਸ ਦਾ ਜਵਾਬ ਵੀ ਦੇ ਸਕਦੇ। ਅਸਲ ਵਿਚ ਜਵਾਬ ਤੇ ਮੋੜਵਾਂ ਜਵਾਬ ਦੇਣ ਦਾ ਅਖਾੜਾ ਹੀ ਆਲਮੀ ਪੰਚਾਇਤ ਦਾ ਇਕੱਠ ਬਣਦਾ ਹੈ। ਇਹ ਕੁਝ ਆਸਮਾਨਾਂ ਵਿਚ ਮਹਿੰਗੇ ਜੰਗੀ ਜਹਾਜ਼ਾਂ ਰਾਹੀਂ ਸੰਭਵ ਨਹੀਂ ਹੋ ਸਕਦਾ। ਫਿਰ ਜਦੋਂ ਸਾਡੇ ਵਫ਼ਦ ਦੁਨੀਆ ਨਾਲ ਗੱਲਬਾਤ ਕਰਨ ਗਏ ਤਾਂ ਪਹਿਲਾਂ ਦੂਰ-ਦਰਾਜ਼ ਦੇ ਦੇਸ਼ ਹੀ ਚੁਣੇ ਗਏ। ਸਾਡੇ ਗੁਆਂਢੀ ਦੇਸ਼ ਵਿਸਾਰੇ ਹੀ ਰਹਿ ਗਏ। ਮੰਨਿਆ ਕਿ ਪਾਕਿਸਤਾਨ ਨਾਲ ਤਾਂ ਝਗੜਾ ਸੀ ਤੇ ਚੀਨ ਉਸ ਦਾ ਸਾਥ ਦੇ ਰਿਹਾ ਸੀ, ਸਾਨੂੰ ਨੇਪਾਲ, ਭੂਟਾਨ, ਸ੍ਰੀਲੰਕਾ, ਬੰਗਲਾਦੇਸ਼ ਤੇ ਮਾਲਦੀਵ ਨਾਲ ਤਾਂ ਪਹਿਲ ਦੇ ਆਧਾਰ 'ਤੇ ਗੱਲ ਕਰਨੀ ਚਾਹੀਦੀ ਸੀ। ਠੀਕ ਹੈ, ਇਹ ਦੇਸ਼ ਛੋਟੇ ਹਨ, ਇਨ੍ਹਾਂ ਪਾਸ ਸਾਨੂੰ ਦੇਣ ਜੋਗੇ ਜੰਗੀ ਜਹਾਜ਼ ਨਹੀਂ ਹੋਣਗੇ ਪਰ ਇਨ੍ਹਾਂ ਨਾਲ ਸਾਡਾ ਸਭ ਤੋਂ ਨਜ਼ਦੀਕੀ ਰਿਸ਼ਤਾ ਹੈ, ਇਹ ਸਾਡੇ ਗੁਆਂਢੀ ਹੀ ਨਹੀਂ, ਸਾਡਾ ਆਂਢ-ਗੁਆਂਢ ਹੈ, ਸਾਡਾ ਮਹੱਲਾ ਹੈ। ਇਨ੍ਹਾਂ ਮੁਲਕਾਂ ਵਿੱਚੋਂ ਵੀ ਅੱਗੇ ਬੰਗਲਾਦੇਸ਼ ਹੀ ਇੱਕੋ-ਇੱਕ ਮੁਲਕ ਹੈ ਜੋ ਜੰਮੂ ਤੇ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਤਸਲੀਮ ਕਰਦਾ ਹੈ। ਅਸੀਂ ਆਪਣੀ ਵਿਦੇਸ਼ ਨੀਤੀ ਦੀਆਂ ਕਈ ਨਾਕਾਮੀਆਂ ਦੀ ਗੱਲ ਕਰਦੇ ਹਾਂ ਪਰ ਸਭ ਤੋਂ ਵੱਡੀ ਨਾਕਾਮੀ 'ਸਾਰਕ' ਸੰਗਠਨ ਦਾ ਟੁੱਟਣਾ ਹੈ। ਸਭ ਤੋਂ ਵੱਡਾ ਮੁਲਕ ਹੋਣ ਦੇ ਨਾਤੇ ਇਸ ਸੰਗਠਨ ਨੂੰ ਬਣਾਏ ਰੱਖਣਾ ਭਾਰਤ ਦੀ ਜ਼ਿੰਮੇਵਾਰੀ ਹੈ।

ਦਹਿਸ਼ਤਗਰਦੀ ਬਹੁਤ ਦਰਦਨਾਕ ਹੈ ਤੇ ਇਹ ਸਾਰੀ ਦੁਨੀਆ ਵਿਚ ਹੀ ਕਿਧਰੇ ਨਾ ਕਿਧਰੇ ਮੌਜੂਦ ਹੈ। ਇਸ ਬਾਰੇ ਸਾਂਝੀ ਆਲਮੀ ਸੋਚ ਬਣਨੀ ਚਾਹੀਦੀ ਹੈ, ਸਿਰਫ਼ ਨਿੰਦਾ ਕਾਫ਼ੀ ਨਹੀਂ ਹੋਵੇਗੀ, ਨਾ ਹੀ ਅਜਿਹੇ ਪ੍ਰਣ ਕਿ ਦਹਿਸ਼ਤਗਰਦੀ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਵੱਡੇ ਮਾਰੂ ਬੰਬਾਰ ਹਵਾਈ ਜਹਾਜ਼ ਤੇ ਮਿਜ਼ਾਇਲਾਂ ਇਸ ਮਾਮਲੇ ਵਿਚ ਕਿਸੇ ਕੰਮ ਨਹੀਂ ਆ ਸਕਦੀਆਂ। ਸਾਡੇ ਮੁਲਕ ਵਿਚ ਜੰਮੂ ਤੇ ਕਸ਼ਮੀਰ ਤੋਂ ਇਲਾਵਾ ਅਸਾਮ, ਮਨੀਪੁਰ ਆਦਿ ਸੂਬਿਆਂ ਵਿਚ ਵੀ ਦਹਿਸ਼ਤਗਰਦੀ ਹੈ। ਜੇ ਇਸ ਰਾਹੀਂ ਹੁੰਦੀਆਂ ਮੌਤਾਂ ਦਾ ਹਿਸਾਬ ਲਗਾਈਏ ਤਾਂ ਪਿਛਲੇ ਦੋ ਤਿੰਨ ਸਾਲਾਂ ਵਿਚ ਹੀ ਛੱਤੀਸਗੜ੍ਹ ਤੇ ਝਾਰਖੰਡ ਵਿਚ ਵਾਪਰੀਆਂ ਮੌਤਾਂ ਜੰਮੂ ਤੇ ਕਸ਼ਮੀਰ ਨਾਲੋਂ ਕਿਤੇ ਵੱਧ ਹਨ। ਇੱਥੇ ਕਿਹੜੇ ਰਾਫਾਲ ਤੇ ਮਿਰਾਜ ਕੰਮ ਆਉਣਗੇ?

ਇਸ ਵਾਸਤੇ ਸਭ ਤੋਂ ਜ਼ਰੂਰੀ ਹੈ, ਦਹਿਸ਼ਤ-ਗਰਦੀ ਜਾਂ ਅਤਿਵਾਦ ਦੀਆਂ ਜੜ੍ਹਾਂ ਦੀ ਤਲਾਸ਼ ਕਰਨਾ; ਅਜਿਹੀ ਸੋਚ ਦੀਆਂ ਜੜ੍ਹਾਂ ਦੀ ਤਲਾਸ਼ ਕਰਨਾ ਹੈ ਤੇ ਉਸ ਦਾ ਹੱਲ ਤਲਾਸ਼ਣਾ ਹੈ, ਬਾਕੀ ਕੰਮ ਬਾਅਦ ਦੇ ਹਨ।

# ਗੱਲਾਂ ਲਾਹੌਰ ਦੀਆਂ- ਪਹਿਲੀ ਕਿਸ਼ਤ



ਗੁਰਦੁਆਰਾ ਪੰਜਾ ਸਾਹਿਬ






Iqbal Kaiser, Owner Printing Press, Balbir Singh M.A., Baba Nazmi, Rajinder Kaur, Harjinder Singh



Dr. Shumiala Hussain, Professor



Janab Zeeshan Arif Bhatt



'ਸੁਣੋ ਪੰਜਾਬ' ਚੈਨਲ ਦੇ ਅਮਲੇ ਨਾਲ ਬਲਬੀਰ ਸਿੰਘ ਐਮ. ਏ.



Dr. Kalyan Singh Kalyan, Professor



Janab Naeem Derath, Pro-



ਬਲਬੀਰ ਸਿੰਘ ਐਮ. ਏ.

ਮਾਰਚ ਦੇ ਆਖਰੀ ਹਫਤੇ ਅਸੀਂ ਲਹਿੰਦੇ ਪੰਜਾਬ ਜਾਣ ਲਈ ਟੈਕਸੀ ਰਾਹੀਂ ਵਾਹਗਾ ਬਾਰਡਰ ਰਾਹੀਂ ਲਾਹੌਰੀ ਜਾਣ ਵਾਸਤੇ ਇੰਮੀਗ੍ਰੇਸ਼ਨ ਕੋਲੋਂ ਚੈਕਿੰਗ ਮਗਰੋਂ ਲਹਿੰਦੇ ਪਾਸੇ ਜਾ ਕੇ ਟੈਕਸੀ ਲੈ ਕੇ ਲਾਹੌਰ ਜਾਣ ਵਾਸਤੇ ਸਵਾਰ ਹੋ ਗਏ ਤੇ ਫਿਰੋਜ਼ਪੁਰ ਰੋਡ ਲਾਹੌਰ 'ਚ ਅਸੀਂ ਹੋਟਲ ਪਹਿਲਾਂ ਹੀ ਬੁੱਕ ਕੀਤਾ ਹੋਇਆ ਸੀ। ਕੁਝ ਦੇਰ ਆਰਾਮ ਕਰਕੇ ਪਹਿਲੇ ਹੀ ਦਿਨ ਅਸੀਂ ਸ਼ਾਮ ਨੂੰ 'ਸੁਣੋ ਪੰਜਾਬ' ਟੀ. ਵੀ. ਚੈਨਲ ਤੇ ਸ਼ੋਅ ਕਰਨ ਲਈ ਪਹੁੰਚ ਗਏ, ਉਥੇ ਪਹਿਲਾਂ ਹੀ ਡਾ. ਕਲਿਆਣ ਸਿੰਘ ਕਲਿਆਣ ਈਦ ਦੇ ਸ਼ੁਭ ਮੌਕੇ ਤੇ ਟੀ. ਵੀ. ਸ਼ੋਅ ਵਿਚ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ। ਡਾਕਟਰ ਸਾਹਿਬ 'ਦਿਆਲ ਸਿੰਘ ਕਾਲਜ' ਲਾਇਲਪੁਰ- ਲਾਹੌਰ 'ਚ ਪੰਜਾਬੀ ਦੇ ਮੁਖੀ ਪ੍ਰੋਫੈਸਰ ਹਨ ਤੇ ਉਹਨਾਂ ਦੇ ਨਾਲ ਹੀ ਉਹਨਾਂ ਦੀ ਸਹਾਇਕ ਪ੍ਰੋਫੈਸਰ ਡਾਕਟਰ ਸ਼ੁਮਾਇਲਾ ਹੁਸੈਨ ਬੀਬੀ ਵੀ ਆਏ ਹੋਏ ਸਨ ਜੋ ਪੰਜਾਬੀ ਕਿੱਸਿਆਂ ਦਾ 'ਸੁਣੋ ਪੰਜਾਬ' ਤੇ ਸ਼ੋਅ ਕਰਦੇ ਹਨ।

ਉਸ ਦਿਨ ਜਨਾਬ ਨਾਈਮ ਦੀਰਾਥ ਪ੍ਰੋਡਿਊਸਰ ਨਾਲ ਮੁਲਾਕਾਤ ਹੋਈ ਤੇ ਸਟੇਸ਼ਨ ਦੇ ਡਾਇਰੈਕਟਰ ਜੀਸ਼ਾਨ ਆਰਿਫ ਭੱਟ ਨਾਲ ਬਹੁਤ ਹੀ ਖੁੱਲ੍ਹੀਆਂ ਗੱਲਾਂ ਹੋਈਆਂ। ਟੀ. ਵੀ. ਸਟੇਸ਼ਨ ਤੇ ਚਾਹ ਪਾਣੀ ਤੇ ਖਾਣੇ ਦਾ ਵੀ ਇੰਤਜ਼ਾਮ ਕੀਤਾ ਗਿਆ ਸੀ, ਮਹਿਮਾਨ ਨਿਵਾਜੀ ਵਿਚ ਲਾਹੌਰੀਆਂ ਦੀ ਰੀਸ ਨਹੀਂ ਹੈ। ਖੈਰ, ਅਸੀਂ ਟੀ. ਵੀ. 'ਤੇ ਪੂਰੇ ਇਕ ਘੰਟੇ ਦਾ ਸ਼ੋਅ ਕੀਤਾ। ਸਾਡੇ ਨਾਲ ਹੋਰ ਵੀ ਵੱਡੇ-ਵੱਡੇ ਲੋਕ ਬੈਠੇ ਸਨ, ਜਿਹਨਾਂ ਵਿਚ ਜਨਾਬ ਇਕਬਾਲ ਕੈਸਰ ਸਾਹਿਬ ਪ੍ਰੋਫੈਸਰ, ਜੋ ਪਾਕਿਸਤਾਨ ਵਿਚੋਂ ਤਕਰੀਬਨ 134 ਗੁਰੂ ਘਰਾਂ ਦੀਆਂ ਫੋਟੋਆਂ ਸਮੇਤ ਇਕ ਕਿਤਾਬ ਛਪਵਾਈ 1998-98 ਵਿਚ ਉਹ ਅਮਰੀਕਾ ਕੈਲੇਫੋਰਨੀਆ 'ਚ ਗੁਰੂ ਘਰ ਆਪ ਜਾ ਕੇ ਕਿਤਾਬਾਂ ਦੇ ਕੇ ਆਏ ਸਨ। ਇਹ ਉਹ ਗੁਰੂ ਘਰ ਸਨ, ਜਿਹਨਾਂ ਵਿਚ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਸੀ ਪਰ ਉਹਨਾਂ ਦੀ ਲਾਈ ਇਸ ਚਿਣਗ ਨੇ ਅੱਜ ਸਾਰੇ ਗੁਰੂ ਘਰਾਂ ਨੂੰ ਸਿੱਖ ਸੰਗਤਾਂ ਵਾਸਤੇ ਖੋਲ੍ਹਿਆ ਹੋਇਆ ਹੈ। ਪ੍ਰੋਫੈਸਰ ਇਕਬਾਲ ਕੈਸਰ ਸਾਹਿਬ ਉਹ ਖਾਸ ਲੋਕਾਂ 'ਚ ਹਨ, ਜਿਹਨਾਂ ਨੂੰ ਗੁਰਮੁਖੀ ਲਿਪੀ ਵੀ ਪੜ੍ਹਨੀ-ਲਿਖਣੀ ਆਉਂਦੀ ਹੈ। ਉਹ ਵੀ ਸ਼ੋਅ 'ਚ ਮੇਰੇ ਨਾਲ ਹੀ ਸਨ। ਇਕ ਘੰਟੇ ਦੇ ਸ਼ੋਅ ਵਿਚ ਬਹੁਤ ਹਾਸੇ ਮਜ਼ਾਕ, ਗੀਤ-ਸੰਗੀਤ ਤੇ ਬੁ-ਝਾਰਤਾਂ ਵੀ ਪਾਈਆਂ ਗਈਆਂ। ਪ੍ਰੋਗਰਾਮ ਦਾ ਨਾਮ ਹੈ 'ਹਵੇਲੀ ਮਿੱਤਰਾਂ ਦੀ'।

ਖੈਰ ਅਸੀਂ ਪ੍ਰੋਗਰਾਮ ਕਰਨ ਤੋਂ ਮਗਰੋਂ ਕਾਫੀ ਲੇਟ ਹੋ ਕੇ ਹੋਟਲ ਵਾਪਸ ਆਏ।

ਅਗਲੀ ਸਵੇਰ ਅਸੀਂ ਟੈਕਸੀ ਲੈ ਕੇ ਹਸਨ ਅਬਦਾਲ ਲਈ ਚੱਲ ਪਏ, ਯਾਨਿ ਕਿ 'ਪੰਜਾ ਸਾਹਿਬ ਗੁਰੂ ਘਰ' ਵਾਸਤੇ।

ਪੂਰੇ ਪੰਜ ਤੋਂ 6 ਘੰਟੇ ਦਾ ਸਫਰ ਸੀ ਜੋ ਅਸੀਂ ਛੋਟੀ ਕਾਰ 'ਚ ਕੀਤਾ ਤੇ ਗੁਰੂ ਘਰ ਪਹੁੰਚ ਗਏ। ਰਸਤੇ 'ਚ ਇਸਲਾਮਾਬਾਦ, ਰਾਵਲਪਿੰਡੀ ਵੀ ਵੇਖਿਆ ਤੇ ਹੋਰ ਵੀ ਕਈ ਸ਼ਹਿਰ ਵੇਖਦੇ ਗਏ। ਵਾਪਸੀ ਤੇ ਸਾਡੀ ਟੈਕਸੀ ਵਾਲੇ ਨੇ ਗੱਡੀ ਨੂੰ ਚੈਕ ਨਹੀਂ ਕੀਤਾ, ਰੇਡੀਏਟਰ 'ਚ ਪਾਣੀ ਨਾ ਹੋਣ ਕਾਰਨ ਗੱਡੀ ਖਰਾਬ ਹੋ ਗਈ ਤੇ ਅਸੀਂ ਦਰਿਆ ਜਿਹਲਮ ਪਾਰ ਕਰਦੇ ਹੀ ਸੜਕ 'ਤੇ ਖੜ੍ਹ ਗਏ ਪਰ ਮੋਟਰਵੇਅ 'ਤੇ ਪੁਲਿਸ ਦੀ ਗੱਡੀ ਤਕਰੀਬਨ 10 ਮਿੰਟ 'ਚ ਹੀ ਆ ਕੇ ਸਾਡੀ ਮਦਦ ਕਰਨ ਲੱਗੀ। ਉਹਨਾਂ ਨੇ ਸਾਡੇ ਵਾਸਤੇ ਟੋਅ-ਟਰੱਕ ਮੰਗਵਾ ਕੇ ਸਾਨੂੰ ਹਿਫਾਜ਼ਤ ਨਾਲ ਅਗਲੇ ਸ਼ਹਿਰ ਜੋ ਸਾਲਿਮ ਕਸਬਾ ਹੈ, ਉਥੇ ਪਹੁੰਚਾ ਦਿੱਤਾ। ਟੈਕਸੀ ਤਾਂ ਠੀਕ ਹੋਣ ਨੂੰ ਦੇਰ ਲੱਗਣੀ ਸੀ ਪਰ ਸਾਨੂੰ ਇਕ ਟੈਕਸੀ ਮਿਲ ਗਈ, ਜਿਸਨੇ ਹੋਟਲ 'ਚ ਲਾਹੌਰ ਸਾਨੂੰ ਅਗਲੇ ਦੋ ਘੰਟਿਆਂ 'ਚ ਪਹੁੰਚਾ ਦਿੱਤਾ। ਪਰ ਮੋਟਰ ਵੇਅ 'ਤੇ ਪੁਲਿਸ ਨੇ ਬਹੁਤ ਹੀ ਹਿੰਮਤ ਨਾਲ ਮਦਦ ਕਰਕੇ ਸਾਨੂੰ ਬਹੁਤੀ ਦੇਰ ਉਥੇ ਖੱਜਲ-ਖੁਆਰ ਹੋਣ ਤੋਂ ਬਚਾਅ ਕੇ ਸਾਡੇ ਹੋਟਲ ਤੱਕ ਪਹੁੰਚਣ 'ਚ ਬਹੁਤ ਮਦਦ ਕੀਤੀ।

ਇਹ ਸਹੂਲਤ ਅਮਰੀਕਾ, ਕੈਲੇਫੋਰਨੀਆ ਤੋਂ ਬਾਅਦ ਪਾਕਿਸਤਾਨ 'ਚ ਹੀ ਵੇਖੀ ਹੈ ਪਰ ਹਿੰਦੁਸਤਾਨ ਵਿਚ ਇਸ ਤਰ੍ਹਾਂ ਦੀ ਕੋਈ ਸਹੂਲਤ ਨਹੀਂ। ਵੈਸੇ ਮੋਟਰ ਵੇਅ 'ਤੇ ਤਿੰਨ ਟਰੈਕ ਹਨ, ਆਖਰ ਟਰੈਕ ਵਿਚ ਸਿਰਫ ਬੱਸ-ਟਰੱਕ ਤ ਹੋਰ ਭਾਰੀ ਗੱਡੀਆਂ ਹੀ ਚਲਦੀਆਂ ਹਨ ਪਰ ਸੈਂਟਰ 'ਚ ਤੇ ਆਖਰੀ ਟਰੈਕ 'ਚ ਸਿਰਫ ਕਾਰਾਂ ਵਾਸਤੇ ਹੀ ਹੈ, ਜਿਹਨਾਂ ਤੇ ਕਾਰਾਂ ਬਹੁਤ ਹੀ ਚੰਗੇ ਤਰੀਕੇ ਨਾਲ ਚਲਦੀਆਂ ਹਨ ਤੇ ਆਪਣੀਆਂ ਮੰਜ਼ਿਲਾਂ ਤੇ ਠੀਕ-ਠਾਕ ਪਹੁੰਚਦੀਆਂ ਹਨ।

ਪੰਜਾ ਸਾਹਿਬ 'ਚ ਅਸੀਂ ਸਿੰਧ ਤੋਂ ਆਏ ਉਹਨਾਂ ਸਿੰਧੀ ਲੋਕਾਂ ਨੂੰ ਵੀ ਮਿਲੇ ਜੋ ਹੌਲੀ-ਹੌਲੀ ਸਿੱਖ ਧਰਮ 'ਚ ਆਉਣ ਲਈ ਕੋਸ਼ਿਸ਼ ਕਰਦੇ ਹਨ ਤੇ ਲੰਗਰ 'ਚ ਵੀ ਉਹਨਾਂ ਦੇ ਹੀ ਲੋਕ ਔਰਤਾਂ-ਮਰਦ ਲੰਗਰ ਛਕਾਉਣ ਦਾ ਕੰਮ ਕਰਦੇ ਹਨ।

ਪਰ ਕਿਉਂਕਿ ਉਹਨਾਂ ਕੋਲ ਸ਼ਾਇਦ ਹਾਲੇ ਕੋਈ ਚੰਗੀ ਨੌਕਰੀ ਨਹੀਂ, ਇਸ ਲਈ ਗੁਰੂ ਘਰਾਂ 'ਚ ਹੀ ਸੇਵਾ ਕਰਦੇ ਹਨ ਤੇ ਜਦੋਂ ਬਾਹਰਲੇ ਦੇਸ਼ਾਂ ਤੋਂ ਸਿੱਖ ਜਾਂਦੇ ਗੁਰੂ ਘਰਾਂ ਦੇ ਦਰਸ਼ਨਾਂ ਲਈ, ਉਥੇ ਉਹ ਬਾਹਰਲੇ ਸਿੱਖਾਂ ਤੋਂ ਕੁਝ ਇਮਦਾਦ ਮੰਗਦੇ ਹਨ ਇਹ ਕਹਿ ਕੇ ਕਿ ਉਹਨਾਂ ਕੋਲ ਹੋਰ ਕੋਈ ਵਸੀਲਾ ਨਹੀਂ ਹੈ। ਇਸ ਲਈ ਕੁਝ ਮਦਦ ਕਰ ਦਿਓ। ਵੈਸੇ ਬਹੁਤੇ ਸਿੰਧੀ ਹਾਲੇ ਗੁਰੂ ਘਰਾਂ ਦੀਆਂ ਸਰਾਵਾਂ 'ਚ ਹੀ ਰਹਿੰਦੇ ਹਨ ਤੇ ਉਥੇ ਹੀ ਸੇਵਾ ਕਰਦੇ ਹਨ। ਇਹ ਸਿੰਧੀ ਇਸ ਲਈ ਗੁਰੂ ਘਰਾਂ 'ਚ ਆ ਗਏ ਹਨ ਕਿਉਂਕਿ ਪਤਾ ਲੱਗਾ ਸੀ। ਮੁਸਲਮਾਨ ਕੌਮ ਜਬਰਦਸਤੀ ਲੜਕੀਆਂ ਨਾਲ ਨਿਕਾਹ (ਵਿਆਹ) ਕਰਕੇ ਉਹਨਾਂ ਦੀਆਂ ਲੜਕੀਆਂ ਨੂੰ ਮੁਸਲਿਮ ਬਣਨ ਲਈ ਮਜਬੂਰ ਕਰਦੇ ਹਨ। ਇਹ ਕਹਾਣੀ ਸ਼ਾਇਦ ਸਾਰਿਆਂ ਤੇ ਲਾਗੂ ਨਾ ਹੁੰਦੀ ਹੋਵੇ।

ਤੀਸਰੇ ਦਿਨ ਅਸੀਂ ਅਗਲੇ ਸਫਰ ਲਈ ਨਿਕਲਣ ਵਾਸਤੇ ਸਾਡੀ ਪਿਛਲੀ ਵਾਰ ਪਾਕਿਸਤਾਨ ਦੀ ਫੇਰੀ ਵੇਲੇ ਇਕ ਡਰਾਈਵਰ ਨਾਲ ਕੀਤੀ ਵਾਕਫੀਅਤ ਕਰਕੇ ਉਸ ਨੂੰ ਨਾਲ ਲੈ ਕੇ ਸ੍ਰੀ ਕਰਤਾਰਪੁਰ ਸਾਹਿਬ ਲਈ ਜਾਣ ਵਾਸਤੇ ਤਿਆਰ ਹੋ ਗਏ ਤੇ ਸਾਡਾ ਉਹੀ ਡਰਾਈਵਰ ਮਲਕ ਰਜ਼ਾ ਜੋ 26 ਕੁ ਸਾਲਾਂ ਦਾ ਨੌਜਵਾਨ ਹੈ, ਨਾਲ ਜਾਣ ਲਈ ਤੁਰ ਪਏ। ਪਿੰਡੋ ਪਿੰਡੀ 140 ਕੁ ਕਿਲੋਮੀਟਰ ਦਾ ਸਫਰ ਕਰਕੇ ਪਹੁੰਚਣ 'ਚ ਦੋ ਕੁ ਘੰਟੇ ਲੱਗੇ ਤੇ ਗੁਰੂ ਘਰ ਪਹੁੰਚਣ ਲਈ ਸ਼ਹਿਰ ਤੇ ਜ਼ਿਲ੍ਹਾ ਨਾਰੋਵਾਲ ਵਿਚੋਂ ਲੰਘਣਾ ਪੈਂਦਾ ਹੈ ਤੇ ਅਸੀਂ ਗੁਰੂ ਘਰ 11 ਕੁ ਵਜੇ ਪਹੁੰਚ ਗਏ, ਉਸ ਦਿਨ ਈਦ ਦਾ ਦਿਨ ਸੀ ਤੇ ਤਾਰੀਖ ਮਾਰਚ ਦੀ 31, 2025 ਵਾਲੇ ਦਿਨ। ਗੁਰੂ ਘਰ ਵਿਚ ਕੋਈ 50 ਕੁ ਦੇ ਕਰੀਬ ਚੜ੍ਹਦੇ ਪੰਜਾਬ ਤੋਂ ਸਿੱਖ ਪਰਿਵਾਰ ਆਏ ਹੋਏ ਸਨ ਪਰ ਲਹਿੰਦੇ ਪੰਜਾਬ ਵੱਲੋਂ ਇਉਂ ਲੱਗ ਰਿਹਾ ਸੀ, ਜਿਵੇਂ ਸਾਰੇ ਪੰਜਾਬ ਦੇ ਨੌਜਵਾਨ ਇੱਥੇ ਵਹੀਰਾਂ ਘੱਤ ਕੇ ਆਏ ਹੋਣ।

ਐਤਕੀ ਮੋਟਰ ਲਾਗੇ ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਖੂਹ ਦੀਆਂ ਟਿੰਡਾਂ ਵੀ ਪਾਣੀ ਭਰ-ਭਰ ਕੇ ਚਲੇ 'ਚ ਸੁੱਟ ਰਿਹਾ ਸੀ, ਉਥੋਂ ਲੋਕ ਪੀ ਵੀ ਰਹੇ ਹਨ ਤੇ ਬੋਤਲਾਂ 'ਚ ਸਾਫ ਕੀਤਾ ਪਾਣੀ ਵੀ ਨਾਲ ਲਿਜਾ ਰਹੇ ਸਨ। ਅਸੀਂ ਵੀ ਦੋ ਛੋਟੀਆਂ ਬੋਤਲਾਂ ਲੈ ਲਈਆਂ ਤੇ ਲੰਗਰ ਛਕ ਕੇ ਸ਼ਾਮ ਪੈਂਦਿਆਂ ਹੀ ਵਾਪਸ ਲਾਹੌਰ ਵੱਲ ਜਾਣ ਲਈ ਤੁਰ ਪਏ। ਹਨੇਰਾ ਹੁੰਦੇ-ਹੁੰਦੇ ਲਾਹੌਰ ਹੋਟਲ 'ਚ ਪਹੁੰਚ ਗਏ।

(ਚਲਦਾ)

# ਕੌਮਾਂਤਰੀ ਵਿਦਿਆਰਥੀਆਂ ਲਈ ਕੀ ਹੁਣ ਬੰਦ ਹੋਣਗੇ ਅਮਰੀਕੀ ਯੂਨੀਵਰਸਿਟੀਆਂ ਦੇ ਦਰਵਾਜੇ?

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਪ੍ਰਸ਼ਾਸਨ ਨੇ ਦੂਤਾਵਾਸਾਂ ਨੂੰ ਵਿਦਿਆਰਥੀ ਵੀਜ਼ਾ ਲਈ ਇੰਟਰਵਿਊ ਲਈ ਸਮਾਂ ਨਾ ਦੇਣ ਦੇ ਹੁਕਮ ਜਾਰੀ ਕੀਤੇ ਹਨ। ਜਾਣਕਾਰੀ ਮੁਤਾਬਕ ਇੰਟਰਵਿਊ ਲਈ ਸਮਾਂ ਦੇਣ ਤੋਂ ਪਹਿਲਾਂ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਅਕਾਊਂਟਸ ਦੀ ਜਾਂਚ ਕੀਤੀ ਜਾਵੇਗੀ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਹਵਾਲੇ ਨਾਲ ਡਿਪਲੋਮੈਟਿਕ ਅਹੁਦਿਆਂ ਨੂੰ ਸੰਬੋਧਿਤ ਇੱਕ ਮੈਮੋ ਵਿੱਚ ਕਿਹਾ ਗਿਆ ਹੈ ਕਿ ਇਹ ਰੋਕ ਅਗਲੇ ਹੁਕਮਾਂ ਤੱਕ ਜਾਰੀ ਰਹੇਗੀ।

ਮੈਮੋ ਵਿੱਚ ਕਿਹਾ ਗਿਆ ਹੈ ਕਿ ਵਿਦਿਆਰਥੀ ਅਤੇ ਫ਼ੌਰਨ ਐਕਸਚੇਂਜ ਵੀਜ਼ਾ ਲਈ ਅਪਲਾਈ ਕਰਨ ਵਾਲਿਆਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਜਾਂਚ ਨੂੰ ਤੇਜ਼ ਕੀਤਾ ਜਾਵੇਗਾ। ਹਾਲਾਂਕਿ ਅਜਿਹਾ ਕਰਨ ਨਾਲ ਦੂਤਾਵਾਸਾਂ ਅਤੇ ਕੌਂਸਲੇਟਾਂ ਦਾ ਕੰਮਕਾਜ ਪ੍ਰਭਾਵਿਤ ਹੋਵੇਗਾ।



**ਵਿਚਾਰਧਾਰਾ ਨੂੰ ਲੈ ਕੇ ਵਿਰੋਧਾਭਾਸ**

ਇਹ ਟਰੰਪ ਅਤੇ ਅਮਰੀਕਾ ਦੇ ਕੁਝ ਸਭ ਤੋਂ ਵੱਧ ਰੁਤਬੇ ਵਾਲੇ ਕਾਲਜਾਂ ਵਿਚਾਲੇ ਜਾਰੀ ਤਲਖੀ ਦੌਰਾਨ ਵਾਪਰਿਆ ਹੈ। ਜ਼ਿਕਰਯੋਗ ਹੈ ਕਿ ਟਰੰਪ ਦਾ ਇਨ੍ਹਾਂ ਕਾਲਜਾਂ ਬਾਰੇ ਮੰਨਣਾ ਹੈ ਕਿ ਇਹ ਖੱਬੇ-ਪੱਖੀ ਵਿਚਾਰਧਾਰਾ ਦੀ ਹਾਮੀ ਭਰਦੇ ਹਨ। ਟਰੰਪ ਦਾ ਕਹਿਣਾ ਹੈ ਕਿ ਇਨ੍ਹਾਂ ਕਾਲਜਾਂ ਵਿੱਚੋਂ ਕੁਝ ਨੇ ਕੈਂਪਸ ਵਿੱਚ ਯਹੂਦੀ ਵਿਰੋਧੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਭੇਦਭਾਵਪੂਰਨ ਦਾਖਲਾ ਨੀਤੀਆਂ ਦੇ ਸਮਰਥਨ ਕਰਨਾ ਜਾਰੀ ਰੱਖਿਆ ਹੈ।

ਮੰਗਲਵਾਰ ਨੂੰ ਇਹ ਮੈਮੋ ਅਮਰੀਕੀ ਦੂਤਾਵਾਸਾਂ ਨੂੰ ਭੇਜਿਆ ਗਿਆ ਜਿਸ ਵਿੱਚ ਕਿਹਾ ਗਿਆ ਕਿ ਫ਼ੌਰੀ ਪ੍ਰਭਾਵ ਨਾਲ ਵੀਜ਼ਾ ਲੈਣ ਦੇ ਇਛੁੱਕ ਵਿਦਿਆਰਥੀਆਂ ਨੂੰ ਕੋਈ ਨਵੀਂ ਇੰਟਰਵਿਊ ਦੀ ਤਾਰੀਖ਼ ਨਾ ਦਿੱਤੀ ਜਾਵੇ। ਪਰ ਨਾਲ ਹੀ ਇਹ ਵੀ ਕਿਹਾ ਗਿਆ ਕਿ ਜਿਨ੍ਹਾਂ ਦਾ ਪਹਿਲਾਂ ਤੋਂ ਇੰਟਰਵਿਊ ਦਾ ਸਮਾਂ ਮੁਕੱਰਰ ਕਰ ਦਿੱਤਾ ਗਿਆ ਹੈ ਉਨ੍ਹਾਂ ਲਈ ਅਗਲੀ ਪ੍ਰਕਿ-ਰਆ ਮੁਕੰਮਲ ਕੀਤੀ ਜਾ ਸਕਦੀ ਹੈ।

ਡਿਪਲੋਮੈਟਿਕ ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਿਦੇਸ਼ ਵਿਭਾਗ 'ਲੋੜੀਂਦੀ ਸੋਸ਼ਲ ਮੀਡੀਆ ਸਕ੍ਰੀਨਿੰਗ ਅਤੇ ਸੋਸ਼ਲ ਮੀਡੀਆ ਅਕਾਊਂਟਸ ਦੀ ਜਾਂਚ-ਪੜਤਾਲ ਦੇ ਵਿਸਥਾਰ' ਦੀ ਤਿਆਰੀ ਕਰ ਰਿਹਾ ਹੈ। ਇਹ ਸਾਰੀਆਂ ਵਿਦਿਆਰਥੀ ਵੀਜ਼ਾ ਅਰਜ਼ੀਆਂ 'ਤੇ ਲਾਗੂ ਹੋਵੇਗਾ।

**ਜਾਂਚ-ਪੜਤਾਲ ਵਧੇਗੀ**

ਵਿਦੇਸ਼ੀ ਵਿਦਿਆਰਥੀ ਜੋ ਅਮਰੀਕਾ ਵਿੱਚ ਪੜ੍ਹਾਈ ਕਰਨਾ ਚਾਹੁੰਦੇ ਹਨ, ਨੂੰ ਆਮ ਤੌਰ 'ਤੇ ਅਮਰੀਕਾ ਆਉਣ ਦੀ ਪ੍ਰਵਾਨਗੀ ਤੋਂ ਪਹਿਲਾਂ ਆਪਣੇ ਦੇਸ਼ ਵਿੱਚ ਅਮਰੀਕੀ ਦੂਤਾਵਾਸ ਵਿੱਚ ਇੰਟਰਵਿਊ ਦੇਣੀ ਪੈਂਦੀ ਹੈ ਜਿਸ ਦੀ ਤਾਰੀਖ਼ ਦੂਤਾਵਾਸ ਵਲੋਂ ਨਿਰਧਾਰਿਤ ਕੀਤੀ ਜਾਂਦੀ ਹੈ।

ਬਹੁਤ ਸਾਰੀਆਂ ਅਮਰੀਕੀ ਸੰਸਥਾਵਾਂ ਵੱਡੀ ਵਿੱਤੀ ਸਹਾਇਤਾ ਲਈ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰ ਕਰਦੀਆਂ ਹਨ, ਕਿਉਂਕਿ ਉਹ ਅਕਸਰ ਜ਼ਿਆਦਾ ਟਿਊਸ਼ਨ ਫੀਸਾਂ ਦਾ ਭੁਗਤਾਨ ਕਰਦੇ ਹਨ।

ਵਿਦਿਆਰਥੀ ਵੀਜ਼ਿਆਂ ਬਾਰੇ ਪੁੱਛੇ ਜਾਣ 'ਤੇ, ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਮੰਗਲਵਾਰ ਨੂੰ ਪੱਤਰਕਾਰਾਂ ਨੂੰ ਕਿਹਾ, "ਅਸੀਂ ਦੇਸ਼ ਵਿੱਚ ਆਉਣ ਵਾਲੇ ਲੋਕਾਂ ਦੀ ਜਾਂਚ ਦੀ ਪ੍ਰਕਿਰਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਅਸੀਂ ਇਹ ਕਰਨਾ ਜਾਰੀ ਰੱਖਾਂਗੇ।"

ਕੁਝ ਵਕਤ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀਆਂ ਲਈ ਕਰੋੜਾਂ ਡਾਲਰ ਦੇ ਫੰਡਾਂ ਨੂੰ ਫ੍ਰੀਜ਼ ਕਰ ਦਿੱਤਾ ਸੀ ਅਤੇ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਫ਼ੈਸਲਾ ਲਿਆ ਸੀ। ਇਸੇ ਦੇ ਮੱਦੇਨਜ਼ਰ ਵਿਦਿਆਰਥੀਆਂ ਦੇ ਹਜ਼ਾਰਾਂ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਹਾਲਾਂਕਿ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਾਰਵਾਈਆਂ ਨੂੰ ਅਦਾਲਤਾਂ ਨੇ ਫਿਲਹਾਲ ਰੋਕ ਦਿੱਤਾ ਹੈ। ਵ੍ਹਾਈਟ ਹਾਊਸ ਨੇ ਕੁਝ ਅਮਰੀਕੀ ਯੂਨੀਵਰਸਿਟੀਆਂ 'ਤੇ ਇਲਜ਼ਾਮ ਲਗਾਇਆ ਹੈ ਕਿ ਉਹ ਕੈਂਪਸ ਵਿੱਚ ਫ਼ਲਸਤੀਨ ਪੱਖੀ ਸਰਗਰਮੀ ਨੂੰ ਥਾਂ ਦੇਣ ਦੇ ਨਾਲ-ਨਾਲ ਯਹੂਦੀ ਵਿਰੋਧੀਵਾਦ ਦੀ ਇਜਾਜ਼ਤ ਦੇ ਰਹੇ ਹਨ।

ਕਾਲਜਾਂ ਨੇ ਟਰੰਪ ਪ੍ਰਸ਼ਾਸਨ 'ਤੇ ਬੋਲਣ ਦੀ ਆਜ਼ਾਦੀ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਗਾਇਆ ਹੈ। ਹਾਰਵਰਡ ਯੂਨੀਵਰਸਿਟੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਗੁੱਸੇ ਦਾ ਕੇਂਦਰ ਬਿੰਦੂ ਰਹੀ ਹੈ। ਪਿਛਲੇ ਹਫ਼ਤੇ, ਟਰੰਪ ਪ੍ਰਸ਼ਾਸਨ ਨੇ ਹਾਰਵਰਡ ਦੀ ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖਲ ਦੇਣ ਜਾਂ ਵਿਦੇਸ਼ੀ ਖੋਜਕਰਤਾਵਾਂ ਨੂੰ ਅਧਿਐਨ ਕਰਨ ਦੇਣ ਦੇ ਅਖ਼ਤਿਆਰ ਨੂੰ ਰੱਦ ਕਰ ਦਿੱਤਾ। ਬਾਅਦ ਵਿੱਚ ਇੱਕ ਸੰਘੀ ਜੱਜ ਨੇ ਇਸ ਨੀਤੀ ਨੂੰ ਰੋਕ ਦਿੱਤਾ।

ਸਿੱਖਿਆ ਮਾਹਰਾਂ ਮੁਤਾਬਕ ਜੇਕਰ ਇਸ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਇਹ ਯੂਨੀਵਰਸਿਟੀ ਲਈ ਖ਼ਤਰਨਾਕ ਸਾਬਤ ਹੋਵੇਗਾ ਅਤੇ ਇੱਕ ਚੌਥਾਈ ਤੋਂ ਵੱਧ ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀ ਤੋਂ ਬਾਹਰ ਹੋ ਜਾਣਗੇ। ਟਰੰਪ ਪ੍ਰਸ਼ਾਸਨ ਅਮਰੀਕੀ ਸੰਘੀ ਏਜੰਸੀਆਂ ਨੂੰ ਹਾਰਵਰਡ ਯੂਨੀਵਰਸਿਟੀ ਦੀਆਂ ਗ੍ਰਾਂਟਾਂ ਦੀ ਸਮੀਖਿਆ ਕਰਨ ਲਈ ਨਿਰਦੇਸ਼ ਦੇਵੇਗਾ ਤਾਂ ਜੋ ਫੰਡਿੰਗ ਨੂੰ ਸੰਭਾਵੀ ਤੌਰ 'ਤੇ ਖਤਮ ਕੀਤਾ ਜਾ ਸਕੇ ਜਾਂ ਇਸ ਬਾਰੇ ਮੁੜ ਵਿਚਾਰਿਆ ਜਾ ਸਕੇ।

ਵ੍ਹਾਈਟ ਹਾਊਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਰਕਾਰੀ ਸੇਵਾਵਾਂ ਪ੍ਰਸ਼ਾਸਨ (ਜੀਐੱਸਏ) ਏਜੰਸੀਆਂ ਨੂੰ ਇੱਕ ਪੱਤਰ ਭੇਜਣ ਦੀ ਯੋਜਨਾ ਬਣਾ ਰਿਹਾ ਹੈ ਜਿਸ ਵਿੱਚ ਉਨ੍ਹਾਂ ਨੂੰ ਇਹ ਪਛਾਣ ਕਰਨ ਲਈ ਕਿਹਾ ਜਾਵੇਗਾ ਕਿ ਕੀ ਹਾਰਵਰਡ ਨਾਲ ਹੋਏ ਇਕਰਾਰਨਾਮੇ (ਕੰਟਰੈਕਟ) 'ਰੱਦ ਕੀਤੇ ਜਾ ਸਕਦੇ ਹਨ ਜਾਂ ਕਿਤੇ ਹੋਰ ਭੇਜੇ ਜਾ ਸਕਦੇ ਹਨ'।

ਪ੍ਰਸ਼ਾਸਨ ਦਾ ਅੰਦਾਜ਼ਾ ਹੈ ਕਿ ਤਕਰੀਬਨ 30 ਇਕਰਾਰਨਾਮਿਆਂ ਦੀ ਸਮੀਖਿਆ ਕੀਤੀ ਜਾ ਸਕਦੀ ਹੈ, ਜਿਨ੍ਹਾਂ ਦੀ ਕੁੱਲ ਕੀਮਤ 10 ਕਰੋੜ ਡਾਲਰ ਹੈ। ਇਸ ਤੋਂ ਪਹਿਲਾਂ 2650 ਕਰੋੜ ਡਾਲਰ ਦੀਆਂ ਸੰਘੀ ਗ੍ਰਾਂਟਾਂ ਨੂੰ ਫ਼ਰੀਜ਼ ਕਰ ਦਿੱਤਾ ਗਿਆ ਸੀ ਅਤੇ ਹਾਰਵਰਡ ਦੀ ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖਲ ਕਰਨ ਦੀ ਯੋਗਤਾ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਹਾਰਵਰਡ ਯੂਨੀਵਰਸਿਟੀ ਨੇ ਹਾਲੇ ਇਸ ਸਭ ਉੱਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

**ਭਾਰਤੀ ਵਿਦਿਆਰਥੀ ਕਿੱਥੇ ਪੜ੍ਹਨ ਜਾਂਦੇ ਹਨ**

ਮਾਹਰਾਂ ਮੁਤਾਬਕ ਸ਼ਿਕਾਗੋ, ਨਿਊਯਾਰਕ, ਕੈਲੀਫੋਰਨੀਆ, ਟੈਕਸਾਸ ਅਮਰੀਕਾ ਦੇ ਉਹ ਸੂਬੇ ਹਨ, ਜਿੱਥੇ ਭਾਰਤੀ ਵਿਦਿਆਰਥੀ ਪੜ੍ਹਾਈ ਕਰਨ ਜਾਣ ਨੂੰ ਤਰਜੀਹ ਦਿੰਦੇ ਹਨ। ਹਰ ਸਾਲ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹਾਈ ਕਰਨ ਜਾਂਦੇ ਹਨ।

ਅਮਰੀਕਾ ਦੇ ਤਾਜ਼ਾ ਫੈਸਲੇ ਨਾਲ ਵਿਦਿਆਰਥੀ ਕਿਵੇਂ ਪ੍ਰਭਾਵਿਤ ਹੋਣਗੇ ਇਸ ਬਾਰੇ ਵੀਜ਼ਾ ਸਲਾਹਕਾਰ ਭਾਵਿਨ ਠਾਕਰ ਕਹਿੰਦੇ ਹਨ, "ਉਹ ਵਿਦਿਆਰਥੀ ਜਿਨ੍ਹਾਂ ਨੂੰ ਪਹਿਲਾਂ ਹੀ ਤਾਰੀਕ ਮਿਲ ਚੁੱਕੀ ਹੈ ਉਨ੍ਹਾਂ ਨੂੰ ਇਸ ਫੈਸਲੇ ਨਾਲ ਬਹੁਤਾ ਫ਼ਰਕ ਨਹੀਂ ਪਵੇਗਾ ਪਰ ਜਿਨ੍ਹਾਂ ਨੇ ਅਜੇ ਇੰਟਰਵਿਊ ਦੀ ਤਾਰੀਕ ਲੈਣੀ ਹੈ ਉਨ੍ਹਾਂ ਨੂੰ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"

ਉਹ ਕਹਿੰਦੇ ਹਨ, "ਸਤੰਬਰ ਤੋਂ ਪੜ੍ਹਾਈ ਸ਼ੁਰੂ ਕਰਨ ਵਾਲੇ ਵਿਦਿਆਰਥੀ ਇਸ ਫੈਸਲੇ ਨਾਲ ਬਹੁਤੇ ਪ੍ਰਭਾਵਿਤ ਨਹੀਂ ਹੋਣਗੇ ਪਰ ਫੈਸਲਾ ਨਾ ਬਦਲਣ ਦੀ ਸੂਰਤ ਵਿੱਚ ਅਗਲੇ ਸਾਲ ਜਨਵਰੀ ਤੋਂ ਪੜ੍ਹਾਈ ਸ਼ੁਰੂ ਕਰਨ ਵਾਲੇ ਵਿਦਿਆਰਥੀਆਂ ਉੱਤੇ ਅਸਰ ਪੈ ਸਕਦਾ ਹੈ ਕਿਉਂਕਿ ਆਉਣ ਵਾਲੇ ਮਹੀਨਿਆਂ ਦੌਰਾਨ ਉਨ੍ਹਾਂ ਨੇ ਵੀਜ਼ਾ ਪ੍ਰੀਕਿਰਿਆ ਸ਼ੁਰੂ ਕਰਨੀ ਹੁੰਦੀ ਹੈ।"

**ਸੋਸ਼ਲ ਮੀਡੀਆ ਅਕਾਊਂਸਟ ਦੀ ਜਾਂਚ-ਪੜਤਾਲ ਵਧੇਗੀ**

ਸੋਸ਼ਲ ਮੀਡੀਆ ਆਕਾਊਂਟਸ ਦੀ ਜਾਂਚ ਬਾਰੇ ਭਾਵਿਨ ਠਾਕਰ ਕਹਿੰਦੇ ਹਨ, "ਵੀਜ਼ਾ ਦੇਣ ਵੇਲੇ ਸੋਸ਼ਲ ਮੀਡੀਆ ਦੀ ਜਾਂਚ ਕਰਨਾ ਕੋਈ ਵੱਡੀ ਗੱਲ ਨਹੀਂ ਪਰ ਇਸ ਐਲਾਨ ਨਾਲ ਵਿਦਿਆਰਥੀਆਂ ਉੱਤੇ ਨਕਾਰਾਤਮਕ ਅਸਰ ਕਰ ਸਕਦਾ ਹੈ, ਕਿਉਂਕਿ ਇਹ ਖ਼ਬਰ ਬੰਦਿਸ਼ਾਂ ਵਾਲੇ ਰਵੱਈਏ ਨੂੰ ਦਰਸਾਉਂਦੀ ਹੈ।"

ਸੋਸ਼ਲ ਮੀਡੀਆ ਅਕਾਊਂਟਸ ਦੀ ਜਾਂਚ ਕਿਸ ਪੈਮਾਨੇ ਉੱਤੇ ਅਤੇ ਕਿਵੇਂ ਹੋ ਸਕਦੀ ਹੈ ਤਾਂ ਇਸ ਬਾਰੇ ਉਹ ਦੱਸਦੇ ਹਨ ਕਿ, "ਪਹਿਲਾਂ ਵੀ ਸੋਸ਼ਲ ਮੀਡੀਆ ਅਕਾਊਂਟਸ ਦੀ ਜਾਂਚ ਕੀਤੀ ਜਾਂਦੀ ਰਹੀ ਹੈ, ਪਰ ਹੁਣ ਇਸ ਬਾਰੇ ਸਪਸ਼ਟ ਨਹੀਂ ਹੈ ਕਿ ਕਿੰਨੀ ਸਕੈਨਿੰਗ ਹੋਵ-ਗੀ ਅਤੇ ਕਿਸ ਪੱਧਰ ਤੱਕ ਜਾਂਚ ਪੜਤਾਲ ਕੀਤੀ ਜਾਵੇਗੀ। ਇਹ ਪ੍ਰਕਿਰਿਆ ਸ਼ੁਰੂ ਹੋਣ ਬਾਅਦ ਹੀ ਪਤਾ ਲੱਗੇਗਾ ਕਿ ਪੜਤਾਲ ਦੀ ਪ੍ਰਕਿਰਿਆ ਕਿਵੇਂ ਬਦਲੀ ਜਾਵੇਗੀ।"

ਉਹ ਕਹਿੰਦੇ ਹਨ, "ਜੇਕਰ ਹਰ ਕਿਸੇ ਵਿਦਿਆਰਥੀ ਦੇ ਸੋਸ਼ਲ ਮੀਡੀਆ ਅਕਾਊਂਟਸ ਚੈੱਕ ਕੀਤੇ ਜਾਣਗੇ ਤਾਂ ਇਸ ਵਿੱਚ ਸਮਾਂ ਵੀ ਵੱਧ ਲੱਗੇਗਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਕਤਾਰ ਵਿੱਚ ਹਨ,ਇਸ ਲਈ ਪ੍ਰਕਿਰਿਆ ਦੇ ਬਹੁਤ ਹੌਲੀ ਹੋ ਜਾਣ ਦਾ ਖ਼ਦਸ਼ਾ ਹੈ।"

ਉਨ੍ਹਾਂ ਵੱਲੋਂ ਇਹ ਵੀ ਖ਼ਦਸ਼ਾ ਜਤਾਇਆ ਗਿਆ ਕਿ ਪਹਿਲਾਂ ਹੀ ਅਮਰੀਕਾ ਦੇ ਵੀਜ਼ਿਆਂ ਲਈ ਅਰਜ਼ੀਆਂ ਪੈਂਡਿੰਗ ਹਨ, ਇਸ ਲਈ ਇਹ ਪ੍ਰਕਿਰਿਆ ਨੂੰ ਅਪਨਾਉਣ ਲਈ ਉਨ੍ਹਾਂ ਕੋਲ ਕਿੰਨੇ ਸਾਧਨ ਹਨ ਇਹ ਵੀ ਵੱਡਾ ਸਵਾਲ ਹੈ।

ਸੀਅ ਵੇਅ ਕੰਸਲਟੈਂਟ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਦੱਸਦੇ ਹਨ ਕਿ ਸੋਸ਼ਲ ਮੀਡੀਆ ਅਕਾਊਂਟ ਦੀ ਚੈਕਿੰਗ ਨਵੀਂ ਗੱਲ ਨਹੀਂ ਹੈ।

ਉਹ ਦੱਸਦੇ ਹਨ ਕਿ, "ਅਸੀਂ ਵਿਦਿਆਰਥੀਆਂ ਨੂੰ ਪਹਿਲਾਂ ਹੀ ਸੋਸ਼ਲ ਮੀਡੀਆ ਉੱਤੇ ਪੋਸਟਿੰਗ ਦੌਰਾਨ ਸੰਜੀਦਗੀ ਵਰਤਣ ਦੀ ਸਲਾਹ ਦਿੰਦੇ ਹਾਂ ਅਤੇ ਹੁਣ ਇਸ ਪਾਸੇ ਹੋਰ ਧਿਆਨ ਦੇਣ ਲਈ ਆਖਾਂਗੇ।

ਵੀਜ਼ਾ ਸਲਾਹਕਾਰ ਭਾਵਿਨ ਠਾਕਰ ਕਹਿੰਦੇ ਹਨ ਕਿ ਐਰੋਸਪੇਸ ਦੀ ਪੜ੍ਹਾਈ ਲਈ ਅਮਰੀਕਾ, ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਹੈ, ਇਸ ਦੇ ਇਲਾਵਾ ਬਾਇਓਮੈਡੀਕਲ, ਆਈਟੀ ਅਤੇ ਕਾਰੋਬਾਰ ਦੀ ਪੜ੍ਹਾਈ ਲਈ ਵੀ ਵਿਦਿਆਰਥੀ ਉੱਥੇ ਜਾਂਦੇ ਹਨ। 12ਵੀਂ ਤੋਂ ਬਾਅਦ ਮਨੋਵਿਗਿਆਨ ਦੀ ਪੜ੍ਹਾਈ ਦਾ ਵਿਦਿਆਰਥੀਆਂ ਵਿੱਚ ਰੁਝਾਨ ਵੱਧ ਰਿਹਾ ਹੈ। ਮਾਹਰਾਂ ਮੰਨਦੇ ਹਨ ਕਿ ਪਹਿਲਾਂ ਦੇ ਮੁਕਾਬਲੇ ਲੰਘੇ ਕੁਝ ਸਾਲਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਰੁਚੀ ਅਮਰੀਕਾ ਜਾਣ ਵਿੱਚ ਘਟੀ ਹੈ, ਜਿਸ ਦੀ ਮੁੱਖ ਵਜ੍ਹਾ ਵੀਜ਼ਾ ਪ੍ਰਕਿਰਿਆ ਲਈ ਦੁਚਿੱਤੀ ਦੀ ਸਥਿਤੀ ਅਤੇ ਅਸਥਿਰਤਾ ਹੈ।

ਮਾਹਰਾਂ ਮੁਤਾਬਕਾਂ ਅਮਰੀਕਾ ਦਾ ਥਾਂ ਕਈ ਵਿਦਿਆਰਥੀ ਆਸਟ੍ਰੇਲੀਆ ਵਰਗੇ ਮੁਲਕਾਂ ਨੂੰ ਵੀ ਤਰਜੀਹ ਦੇ ਰਹੇ ਹਨ। ਸੀਅ ਵੇਅ ਕੰਸਲਟੈਂਟ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਮੁਤਾਬਕ ਪੰਜਾਬ ਤੋਂ ਵੱਧ ਵਿਦਿਆਰਥੀ ਅਮਰੀਕਾ ਬਿਜ਼ਨੈਸ ਅਤੇ ਅਕਾਊਂਟਿੰਗ ਦੀ ਪੜ੍ਹਾਈ ਕਰਨ ਜਾਂਦੇ ਹਨ ਪਰ ਲੰਘੇ ਕੁਝ ਸਮੇਂ ਤੋਂ ਅਮਰੀਕਾ ਲਈ ਸਟੱਡੀ ਵੀਜ਼ੇ ਵਿੱਚ ਰਿਜੈਕਸ਼ਨ ਦੀ ਦਰ ਵਧੀ ਹੈ। ਉਨ੍ਹਾਂ ਦਾ ਕਹਿਣਾ ਹੈ,"ਇਸ ਤਰ੍ਹਾਂ ਦੀਆਂ ਖ਼ਬਰਾਂ ਤੋਂ ਬਾਅਦ ਵਿਦਿਆਰਥੀ ਹੋਰ ਰਾਹ ਅਪਣਾਉਣ ਨੂੰ ਤਰਜੀਹ ਦੇਣਗੇ।"


TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com




# ਬੰਗਲਾਦੇਸ਼ ਨੂੰ ਮੋਹਰਾ ਬਣਾ ਸਕਦਾ ਹੈ ਪਾਕਿਸਤਾਨ

ਦਿੱਵਿਆ ਕੁਮਾਰ ਸੋਤੀ

ਜਦ ਤੋਂ ਸ਼ੇਖ ਹਸੀਨਾ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਈ ਗਈ ਹੈ, ਤਦ ਤੋਂ ਬੰਗਲਾਦੇਸ਼ ਦੇ ਅੰਦਰੂਨੀ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨਾ ਤਾਂ ਰਾਜਨੀਤਕ ਸਥਿਰਤਾ ਬਹਾਲ ਕਰ ਸਕੀ ਹੈ ਅਤੇ ਨਾ ਹੀ ਹਿੰਦੂ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੀ ਹੈ। ਵਿਦੇਸ਼ ਨੀਤੀ ਦੇ ਮੁਹਾਜ਼ 'ਤੇ ਯੂਨਸ ਅਤੇ ਉਨ੍ਹਾਂ ਦੀ ਟੀਮ ਸੱਤਾ ਵਿਚ ਬਣੇ ਰਹਿਣ ਲਈ ਬੰਗਲਾਦੇਸ਼ ਨੂੰ ਚੀਨੀ ਤੇ ਅਮਰੀਕੀ ਹਿੱਤਾਂ ਵਿਚਾਲੇ ਵੱਡੇ ਭੂ-ਰਾਜਨੀਤਕ ਟਕਰਾਅ ਦਾ ਮੰਚ ਬਣਾਉਣ ਵਿਚ ਲੱਗੀ ਹੋਈ ਹੈ।

ਜਦ ਯੂਨਸ ਨੇ ਸੱਤਾ ਸੰਭਾਲੀ ਸੀ ਤਦ ਇਹੀ ਆਮ ਧਾਰਨਾ ਬਣੀ ਸੀ ਕਿ ਅਮਰੀਕਾ ਦੀ ਸ਼ਹਿ 'ਤੇ ਅਜਿਹਾ ਸੰਭਵ ਹੋਇਆ ਹੈ। ਯੂਨਸ ਉਸ ਸਮੇਂ ਅਮਰੀਕਾ ਦੀ ਡੈਮੋਕ੍ਰੈਟਿਕ ਸਰਕਾਰ ਦੇ ਚਹੇਤੇ ਸਮਝੇ ਜਾਂਦੇ ਸਨ ਅਤੇ ਕੌਮਾਂਤਰੀ ਵਿੱਤੀ ਨੈੱਟਵਰਕ ਵਿਚ ਆਪਣੀ ਪੈਂਠ ਦੇ ਬਲਬੂਤੇ ਉਨ੍ਹਾਂ ਨੇ ਜੋਅ ਬਾਇਡਨ ਦੀ ਡੋਨਾਲਡ ਟਰੰਪ ਵਿਰੁੱਧ ਚੋਣਾਂ ਵਿਚ ਵਿੱਤੀ ਸਹਾਇਤਾ ਵੀ ਕੀਤੀ ਸੀ। ਇਸ ਨੂੰ ਲੈ ਕੇ ਟਰੰਪ ਨੇ ਜਨਤਕ ਤੌਰ 'ਤੇ ਨਾਰਾਜ਼ਗੀ ਪ੍ਰਗਟਾਈ



ਸੀ। ਜਦ ਟਰੰਪ ਸੱਤਾ ਵਿਚ ਪਰਤੇ ਤਾਂ ਯੂਨਸ ਨੇ ਖ਼ੁਦ ਦੀ ਅਣਦੇਖੀ ਮਹਿਸੂਸ ਕੀਤੀ। ਭਾਰਤ ਨਾਲ ਉਹ ਪਹਿਲਾਂ ਹੀ ਤਨਾਤਨੀ ਵਧਾ ਚੁੱਕੇ ਸਨ। ਹਾਲਾਤ ਭਾਂਪ ਕੇ ਆਪਣੀ ਸੱਤਾ ਕਾਇਮ ਰੱਖਣ ਲਈ ਯੂਨਸ ਨੇ ਚੀਨ ਦਾ ਸਹਾਰਾ ਲਿਆ ਅਤੇ ਬੰਗਲਾਦੇਸ਼ ਦੇ ਇਤਿਹਾਸ ਵਿਚ ਉਹ ਪਹਿਲੇ ਰਾਸ਼ਟਰ ਮੁਖੀ ਬਣੇ ਜਿਸ ਨੇ ਆਪਣੀ ਪਹਿਲੀ ਵਿਦੇਸ਼ ਯਾਤਰਾ ਲਈ ਭਾਰਤ ਨੂੰ ਨਾ ਚੁਣ ਕੇ ਚੀਨ ਨੂੰ ਚੁਣਿਆ। ਚੀਨ ਦੌਰੇ 'ਤੇ ਯੂਨਸ ਨੇ ਉਹ ਸਭ ਕੁਝ ਕਿਹਾ ਜਿਸ ਨਾਲ ਚੀਨ ਖ਼ੁਸ਼ ਹੋਵੇ ਅਤੇ ਭਾਰਤ ਅਸੁਰੱਖਿਅਤ ਮਹਿਸੂਸ ਕਰੇ। ਉਨ੍ਹਾਂ ਨੇ ਇਸ਼ਾਰਿਆਂ ਵਿਚ ਇੱਥੋਂ ਤੱਕ ਕਿਹਾ ਕਿ ਬੰਗਲਾਦੇਸ਼ ਇਸ ਸਥਿਤੀ ਵਿਚ ਹੈ ਕਿ ਉੱਤਰ-ਪੂਰਬੀ ਭਾਰਤ ਦਾ ਸੰਪਰਕ ਬਾਕੀ ਭਾਰਤ ਨਾਲੋਂ ਕੱਟ ਸਕਦਾ ਹੈ ਅਤੇ ਇਸ ਖੇਤਰ ਵਿਚ ਉਹ ਸਮੁੰਦਰ ਦਾ ਇਕੱਲਾ ਪਹਿਰੇਦਾਰ ਹੈ।

ਉਨ੍ਹਾਂ ਦਾ ਇਸ਼ਾਰਾ ਸੰਵੇਦਨਸ਼ੀਲ ਚਿਕਨ ਨੈਕ ਜਾਂ ਸਿਲੀਗੁੜੀ ਕੋਰੀਡੋਰ ਨੂੰ ਲੈ ਕੇ ਸੀ। ਇਹ ਪੱਟੀ ਉੱਤਰ-ਪੂਰਬ ਨੂੰ ਬਾਕੀ ਭਾਰਤੀ ਨਾਲ ਜੋੜਦੀ ਹੈ। ਇਸ ਕੋਰੀਡੋਰ ਦੇ ਉੱਤਰ ਵਿਚ ਚੀਨ ਨੇ ਵੱਡੇ ਪੈਮਾਨੇ 'ਤੇ ਫ਼ੌਜ ਤਾਇਨਾਤ ਕੀਤੀ ਹੋਈ ਹੈ। ਯੂਨਸ ਚੀਨ ਨੂੰ ਇਹ ਸੰਦੇਸ਼ ਦੇ ਕੇ ਵੀ ਆਏ ਕਿ ਭਾਰਤ-ਚੀਨ ਫ਼ੌਜੀ ਟਕਰਾਅ ਦੀ ਹਾਲਤ ਵਿਚ ਬੰਗਲਾਦੇਸ਼ ਉਸ ਦੀ ਮਦਦ ਕਰਨ ਵਾਸਤੇ ਤਿਆਰ ਹੈ। ਇਸ ਤੋਂ ਬਾਅਦ ਖ਼ਬਰਾਂ ਆਈਆਂ ਕਿ ਬੰਗਲਾਦੇਸ਼ ਅਤੇ ਚੀਨ ਸਿਲੀਗੁੜੀ ਕੋਰੀਡੋਰ ਦੇ ਸੌ ਕਿੱਲੋਮੀਟਰ ਦੱਖਣ ਵਿਚ ਸਥਿਤ ਹਵਾਈ ਫ਼ੌਜ ਦੇ ਇਕ ਅੱਡੇ ਦਾ ਨਵੀਨੀਕਰਨ ਕਰਨ ਜਾ ਰਹੇ ਹਨ।

ਇਸ 'ਤੇ ਭਾਰਤੀ ਫ਼ੌਜ ਨੇ ਬੰਗਲਾਦੇਸ਼ ਨੂੰ ਸਖ਼ਤ ਸੰਦੇਸ਼ ਦੇਣ ਲਈ ਸਿਲੀਗੁੜੀ ਕੋਰੀਡੋਰ ਦੇ ਕੋਲ 'ਤੀਸਤਾ ਪ੍ਰਹਾਰ' ਨਾਂ ਨਾਲ ਇਕ ਵੱਡੀ ਜੰਗੀ ਮਸ਼ਕ ਕੀਤੀ। ਚੀਨ ਪ੍ਰਤੀ ਝੁਕਾਅ ਦਿਖਾਉਣ ਦੇ ਪਿੱਛੇ ਯੂਨਸ ਦਾ ਇਕ ਮਕਸਦ ਇਹ ਵੀ ਸੀ ਕਿ ਅਮਰੀਕਾ ਉਨ੍ਹਾਂ ਦੀ ਸਾਰ ਲਵੇ। ਕੁਝ ਸਮੇਂ ਬਾਅਦ ਅਜਿਹਾ ਹੋਇਆ ਵੀ। ਅਮਰੀਕਾ ਨੇ ਬੰਗਲਾਦੇਸ਼ ਦੇ ਫ਼ੌਜ ਮੁਖੀ ਵੱਕਾਰ-ਉਜ-ਜ਼ਮਾਂ ਤੋਂ ਜਵਾਬ ਤਲਬ ਕੀਤਾ।

ਉਸੇ ਦੌਰਾਨ ਅਜਿਹੀਆਂ ਵੀ ਖ਼ਬਰਾਂ ਆਈਆਂ ਕਿ ਯੂਨਸ ਸਰਕਾਰ ਨੇ ਅਮਰੀਕਾ ਨੂੰ ਮਿਆਂਮਾਰ ਦੇ ਰਖਾਇਨ ਪ੍ਰਾਂਤ ਤੱਕ ਬੰਗਲਾਦੇਸ਼ ਦੀ ਜ਼ਮੀਨ 'ਤੇ ਇਕ ਕੋਰੀਡੋਰ ਬਣਾਉਣ ਦੀ ਆਗਿਆ ਦਿੱਤੀ ਹੈ ਤਾਂ ਕਿ ਮਿਆਂਮਾਰ ਦੀ ਚੀਨ ਸਮਰਥਕ ਫ਼ੌਜੀ ਸਰਕਾਰ ਵਿਰੁੱਧ ਅਰਾਕਾਨ ਆਰਮੀ ਅਤੇ ਕਚਿਨ-ਕੁਕੀ ਹਥਿਆਰਬੰਦ ਸਮੂਹਾਂ ਨੂੰ ਨਿਰੰਤਰ ਸਹਾਇਤਾ ਪਹੁੰਚਾਈ ਜਾ ਸਕੇ। ਇਸ ਦਾ ਮਕਸਦ ਚੀਨ ਅਤੇ ਮਿਆਂਮਾਰ ਦੀ ਫ਼ੌਜੀ ਸਰਕਾਰ ਦਾ ਪ੍ਰਭਾਵ ਬੰਗਾਲ ਦੀ ਖਾੜੀ ਨਾਲ ਲੱਗਣ ਵਾਲੇ ਇਲਾਕਿਆਂ ਤੋਂ ਸਮਾਪਤ ਕਰਨਾ ਮੰਨਿਆ ਗਿਆ। ਇਸ ਲਈ ਕਾਕਸ ਬਾਜ਼ਾਰ ਦੇ ਹਵਾਈ ਅੱਡੇ 'ਤੇ ਇਕ ਡ੍ਰੋਨ ਬੇਸ ਬਣਾਏ ਜਾਣ ਦੀ ਚਰਚਾ ਵੀ ਤੇਜ਼ੀ ਨਾਲ ਚੱਲੀ। ਇਸ ਨੂੰ ਲੈ ਕੇ ਬੰਗਲਾਦੇਸ਼ ਵਿਚ ਰੱਖਿਆ ਸਬੰਧੀ ਚਿੰਤਾਵਾਂ ਵਧ ਗਈਆਂ ਕਿਉਂਕਿ ਅਰਾਕਾਨ ਆਰਮੀ ਬੋਧੀ ਗੁੱਟ ਹੈ ਅਤੇ ਚਟਗਾਂਵ ਖੇਤਰ ਦੇ ਚਕਮਾ ਬੋਧੀ ਉਸ ਨਾਲ ਜਾ ਸਕਦੇ ਹਨ ਕਿਉਂਕਿ ਬੰਗਲਾਦੇਸ਼ ਦੇ ਇਸਲਾਮੀ ਕੱਟੜਪੰਥੀ ਉਨ੍ਹਾਂ 'ਤੇ ਜ਼ੁਲਮੋ-ਸਿਤਮ ਕਰਦੇ ਆਏ ਹਨ।

ਆਖ਼ਰਕਾਰ ਜਨਰਲ ਵੱਕਾਰ ਨੂੰ ਇਹ ਸੰਕੇਤ ਦੇਣਾ ਪਿਆ ਕਿ ਅਜਿਹਾ ਕੋਈ ਕੋਰੀਡੋਰ ਬਣਨ ਨਹੀਂ ਜਾ ਰਿਹਾ ਹੈ। ਜਲਾਵਤਨੀ ਵਿਚ ਭਾਰਤ ਵਿਚ ਰਹਿ ਰਹੀ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਕਹਿਣਾ ਹੈ ਕਿ ਯੂਨਸ ਨੇ ਦੇਸ਼ ਨੂੰ ਅਮਰੀਕਾ ਦੇ ਹੱਥੀਂ ਵੇਚ ਦਿੱਤਾ ਹੈ। ਜਨਰਲ ਵੱਕਾਰ ਦੀ ਸਥਿਤੀ ਪੇਚੀਦਾ ਹੋ ਗਈ ਹੈ।

ਅਗਲੇ ਮਹੀਨੇ ਉਨ੍ਹਾਂ ਨੇ ਬੀਜਿੰਗ ਜਾਣਾ ਹੈ ਜਿੱਥੇ ਉਨ੍ਹਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਉਹ ਚੀਨ ਦੇ ਨਾਲ ਹਨ ਜਾਂ ਅਮਰੀਕਾ ਦੇ? ਇਹ ਸਭ ਭਾਰਤ ਨਾਲ ਭੂ-ਰਾਜਨੀਤਕ ਰਿਸ਼ਤੇ ਤੋੜ ਕੇ ਚੀਨ ਅਤੇ ਅਮਰੀਕਾ ਵਿਚਾਲੇ ਖੇਡੀ ਜਾ ਰਹੀ ਖੇਡ ਵਿਚ ਦੋਹਰੀ ਚਾਲ ਚੱਲਣ ਦੀ ਯੂਨਸ ਦੀ ਨੀਤੀ ਦਾ ਹੀ ਨਤੀਜਾ ਹੈ। ਜਨਰਲ ਵੱਕਾਰ ਦਾ ਰੁਖ਼ ਹਾਲੇ ਸਪਸ਼ਟ ਨਹੀਂ। ਉਨ੍ਹਾਂ ਨੇ ਯੂਨਸ 'ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਇਸੇ ਸਾਲ ਦਸੰਬਰ ਤੱਕ ਚੋਣਾਂ ਕਰਵਾਈਆਂ ਜਾਣ। ਯੂਨਸ ਇਸ ਵਾਸਤੇ ਤਿਆਰ ਨਹੀਂ ਦਿਸਦੇ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਜ਼ਿਆਦਾ ਦਬਾਅ ਪਾਇਆ ਗਿਆ ਤਾਂ ਉਹ ਅਸਤੀਫ਼ਾ ਦੇ ਦੇਣਗੇ। ਯੂਨਸ ਦੀ ਇਹ ਧਮਕੀ ਰੰਗ ਲਿਆ ਸਕਦੀ ਹੈ ਕਿਉਂਕਿ ਬੰਗਲਾਦੇਸ਼ੀ ਫ਼ੌਜ ਕੌਮਾਂਤਰੀ ਪੱਧਰ 'ਤੇ ਅਜਿਹਾ ਕੋਈ ਸੰਦੇਸ਼ ਨਹੀਂ ਦੇਣਾ ਚਾਹੁੰਦੀ ਕਿ ਇੱਥੇ ਲੋਕਤੰਤਰ ਨੂੰ ਕੋਈ ਖ਼ਤਰਾ ਹੈ। ਅਜਿਹਾ ਕਰਨ ਲਈ ਇਸ ਲਈ ਮਜਬੂਰ ਹੈ ਕਿਉਂਕਿ ਲੋਕਤੰਤਰ ਨੂੰ ਖ਼ਤਰਾ ਹੋਣ 'ਤੇ ਬੰਗਲਾਦੇਸ਼ ਦੇ ਹਿੱਤਾਂ ਨੂੰ ਢਾਹ ਲੱਗ ਸਕਦੀ ਹੈ ਤੇ ਉਸ 'ਤੇ ਅਮਰੀਕਾ ਤੇ ਕਈ ਕੌਮਾਂਤਰੀ ਸੰਸਥਾਵਾਂ ਵਿੱਤੀ ਪਾਬੰਦੀਆਂ ਲਗਾ ਸਕਦੀਆਂ ਹਨ। ਪਤਾ ਨਹੀਂ, ਦੋਵਾਂ ਵਿਚਾਲੇ ਕਿੰਨੇ ਮਤਭੇਦ ਹਨ ਪਰ ਇਸ ਤੋਂ ਇਨਕਾਰ ਨਹੀਂ ਕਿ ਜਨਰਲ ਵੱਕਾਰ ਆਪਣੇ ਲਈ ਕੋਈ ਮੌਕਾ ਦੇਖ ਰਹੇ ਹੋਣ। ਸ਼ੇਖ ਹਸੀਨਾ ਦਾ ਬੰਗਲਾਦੇਸ਼ ਆਉਣਾ ਸੰਭਵ ਨਹੀਂ ਦਿਸਦਾ ਅਤੇ ਵਿਰੋਧੀ ਨੇਤਾ ਖਾਲਿਦਾ ਜ਼ਿਆ ਬਿਰਧ ਤੇ ਬਿਮਾਰ ਹਨ। ਯੂਨਸ ਵੀ 85 ਸਾਲ ਦੇ ਹਨ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਫ਼ੌਜ 'ਤੇ ਹੀ ਨਿਰਭਰ ਹਨ। ਕਿਉਂਕਿ ਸ਼ੇਖ ਮੁਜੀਬੁਰ-ਰਹਿਮਾਨ ਦੀ ਹੱਤਿਆ ਤੋਂ ਬਾਅਦ ਬੰਗਲਾਦੇਸ਼ ਵਿਚ ਦਹਾਕਿਆਂ ਤੱਕ ਫ਼ੌਜ ਨੇ ਹਕੂਮਤ ਦੀ ਵਾਗਡੋਰ ਸੰਭਾਲੀ ਰੱਖੀ, ਇਸ ਲਈ ਸੰਭਵ ਹੈ ਕਿ ਸੈਨਾ ਹੀ ਦੇਰ-ਸਵੇਰ ਦੇਸ਼ ਦੀ ਕਮਾਨ ਸੰਭਾਲ ਲਵੇ। ਇਸ ਅਸਥਿਰ ਦੌਰ ਵਿਚ ਬੰਗਲਾਦੇਸ਼ ਦੇ ਪਾਕਿਸਤਾਨ-ਪ੍ਰਸਤ ਕੱਟੜਪੰਥੀਆਂ ਅਤੇ ਹੋਰ ਕੱਟੜ ਇਸਲਾਮੀ ਤਾਕਤਾਂ ਨੂੰ ਮਜ਼ਬੂਤ ਹੋਣ ਦਾ ਪੂਰਾ ਮੌਕਾ ਮਿਲ ਰਿਹਾ ਹੈ।

ਉਹ ਮਹਿਲਾਵਾਂ ਨੂੰ ਅਧਿਕਾਰ ਦੇਣ ਦਾ ਖੁੱਲ੍ਹ ਕੇ ਵਿਰੋਧ ਕਰ ਰਹੇ ਹਨ। ਇਸ ਤੋਂ ਇਲਾਵਾ ਕੁਝ ਜਹਾਦੀ ਧੜੇ ਭਾਰਤ ਨੂੰ ਧਮਕਾਉਣ ਵਿਚ ਲੱਗੇ ਹੋਏ ਹਨ। ਭਾਰਤ ਨੂੰ ਪਾਕਿਸਤਾਨ ਦੇ ਨਾਲ ਹੀ ਬੰਗਲਾਦੇਸ਼ ਤੋਂ ਵੀ ਬੇਹੱਦ ਚੌਕਸ ਰਹਿਣਾ ਹੋਵੇਗਾ ਕਿਉਂਕਿ ਜਿਵੇਂ ਪਹਿਲਗਾਮ ਹਮਲੇ ਤੋਂ ਪਹਿਲਾਂ ਹਮਾਸ ਅੱਤਵਾਦੀ ਪਾਕਿਸਤਾਨ ਗਏ ਸਨ, ਤਿਵੇਂ ਹੀ ਬੰਗਲਾਦੇਸ਼ ਵਿਚ ਹਮਾਸ ਅਤੇ ਅਲਕਾਇਦਾ ਵਰਗੇ ਅੱਤਵਾਦੀ ਧੜੇ ਸਰਗਰਮ ਹਨ।

ਸੰਨ 2016 ਵਿਚ ਢਾਕਾ ਦੇ ਇਕ ਕੈਫੇ ਵਿਚ ਅੱਤਵਾਦੀਆਂ ਨੇ ਲੋਕਾਂ ਨੂੰ ਉਨ੍ਹਾਂ ਦਾ ਮਜ਼ਹਬ ਪੁੱਛ ਕੇ ਮਾਰਿਆ ਸੀ। ਮਾਰੇ ਜਾਣ ਵਾਲਿਆਂ ਵਿਚ ਇਕ ਭਾਰਤੀ ਲੜਕੀ ਸਮੇਤ ਜ਼ਿਆਦਾਤਰ ਵਿਦੇਸ਼ੀ ਸਨ। ਬੀਤੇ ਕੁਝ ਸਮੇਂ ਤੋਂ ਤੁਰਕੀ ਦੇ ਇਕ ਐੱਨਜੀ ਸਮਰਥਤ ਇਸਲਾਮੀ ਕੱਟੜਪੰਥੀ ਗ੍ਰੇਟਰ ਬੰਗਲਾਦੇਸ਼ ਦਾ ਪ੍ਰਚਾਰ ਕਰ ਰਹੇ ਹਨ ਜਿਸ ਦੇ ਨਕਸ਼ੇ ਵਿਚ ਬੰਗਾਲ, ਡੀਸ਼ਾ ਆਦਿ ਦਰਸਾਏ ਗਏ ਹਨ। ਹੈਰਾਨੀ ਨਹੀਂ ਕਿ ਆਪ੍ਰੇਸ਼ਨ ਸਿੰਧੂਰ ਵਿਚ ਭਾਰਤੀ ਫ਼ੌਜਾਂ ਤੋਂ ਮਾਤ ਖਾਣ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਇਹ ਸਪਸ਼ਟ ਕਹਿਣ ਤੋਂ ਬਾਅਦ ਕਿ ਭਾਰਤ ਪਾਕਿਸਤਾਨ ਹਮਾਇਤੀ ਅੱਤਵਾਦੀ ਹਮਲਾ ਸਹਿਣ ਨਹੀਂ ਕਰੇਗਾ, ਪਾਕਿਸਤਾਨ ਬੰਗਲਾਦੇਸ਼ ਨੂੰ ਮੋਹਰਾ ਬਣਾਉਣ ਦੀ ਪੂਰੀ ਕੋਸ਼ਿਸ਼ ਕਰੇ। ਆਈਐੱਸਆਈ ਭਾਰਤ 'ਤੇ ਅਗਲਾ ਅੱਤਵਾਦੀ ਹਮਲਾ ਕਰਵਾਉਣ ਲਈ ਬੰਗਲਾਦੇਸ਼ੀ ਜਾਂ ਰੋਹਿੰਗਿਆ ਇਸਲਾਮਿਕ ਧੜਿਆਂ ਦੀ ਵਰਤੋਂ ਕਰ ਸਕਦੀ ਹੈ ਤਾਂ ਕਿ ਆਪਣਾ ਪੱਲਾ ਝਾੜਿਆ ਜਾ ਸਕੇ। ਜੇ ਉਹ ਅਜਿਹਾ ਕਰਦੀ ਹੈ ਤਾਂ ਯਕੀਨਨ ਭਾਰਤ ਲਈ ਚੁਣੌਤੀਆਂ ਵਧਣਗੀਆਂ। ਬੰਗਲਾਦੇਸ਼ ਭਾਵੇਂ ਚੀਨ ਵੱਲ ਝੁਕੇ ਜਾਂ ਅਮਰੀਕਾ ਵੱਲ, ਭਾਰਤ ਦੇ ਹਿੱਤਾਂ ਨੂੰ ਹੀ ਨੁਕਸਾਨ ਹੋਵੇਗਾ।

# ਭਾਰਤੀ ਹਵਾਈ ਫ਼ੌਜ ਮੁਖੀ ਦੀਆਂ ਨਸੀਹਤਾਂ

ਏਅਰ ਚੀਫ ਮਾਰਸ਼ਲ ਏਪੀ ਸਿੰਘ ਨੇ ਭਾਰਤੀ ਉਦਯੋਗ ਸੰਘ (ਸੀਆਈਆਈ) ਦੇ ਸਿਖਰ ਸੰਮੇਲਨ ਵਿਚ ਰੱਖਿਆ ਸੌਦਿਆਂ ਅਤੇ ਰੱਖਿਆ ਸਮੱਗਰੀ ਦੇ ਨਿਰਮਾਣ ਪ੍ਰਾਜੈਕਟਾਂ ਵਿਚ ਦੇਰੀ ਨੂੰ ਲੈ ਕੇ ਜਿਹੋ ਜਿਹੀਆਂ ਖ਼ਰੀਆਂ-ਖ਼ਰੀਆਂ ਸੁਣਾਈਆਂ ਹਨ, ਉਹ ਅਜਿਹੀਆਂ ਗੱਲਾਂ ਲਈ ਹੀ ਜਾਣੇ ਜਾਂਦੇ ਹਨ।

ਇਹ ਚੰਗਾ ਵੀ ਹੈ ਕਿਉਂਕਿ ਰੱਖਿਆ ਦੇ ਮੁਹਾਜ਼ 'ਤੇ ਕਿਸੇ ਵੀ ਤਰ੍ਹਾਂ ਦੀ ਦੇਰੀ ਪ੍ਰਵਾਨਯੋਗ ਨਹੀਂ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਜੰਗੀ ਜਹਾਜ਼ ਤੇਜਸ ਦੇ ਨਿਰਮਾਣ ਵਿਚ ਦੇਰੀ 'ਤੇ ਨਾਖ਼ੁਸ਼ੀ ਜ਼ਾਹਰ ਕੀਤੀ ਸੀ। ਹੁਣ ਉਨ੍ਹਾਂ ਨੇ ਇਹ ਕਹਿਣ 'ਚ ਥੋੜ੍ਹੀ ਜਿਹੀ ਵੀ ਝਿਜਕ ਨਹੀਂ ਦਿਖਾਈ ਕਿ ਹਥਿਆਰਾਂ ਅਤੇ ਰੱਖਿਆ ਸਾਜ਼ੋ-ਸਾਮਾਨ ਦੇ ਨਿਰਮਾਣ ਦਾ ਕੋਈ ਵੀ ਪ੍ਰਾਜੈਕਟ ਸਮੇਂ ਸਿਰ ਪੂਰਾ ਨਹੀਂ ਹੁੰਦਾ। ਉਨ੍ਹਾਂ ਦੀ ਇਹ ਗੱਲ ਵੀ ਸਹੀ ਹੈ ਕਿ ਦੂਜੇ ਦੇਸ਼ਾਂ ਤੋਂ ਰੱਖਿਆ ਸਮੱਗਰੀ ਦੀ ਖ਼ਰੀਦ ਦੇ ਜੋ ਸੌਦੇ ਹੁੰਦੇ ਹਨ, ਉਨ੍ਹਾਂ ਤਹਿਤ ਮਿਲਣ ਵਾਲੀ ਸਮੱਗਰੀ ਦੀ ਸਪਲਾਈ ਵਿਚ ਵੀ ਦੇਰੀ ਹੁੰਦੀ ਹੈ।

ਇਸ ਦੀਆਂ ਕਈ ਮਿਸਾਲਾਂ ਹਨ। ਪਹਿਲਾਂ ਤਾਂ ਰੱਖਿਆ ਸੌਦਿਆਂ ਨੂੰ ਅੰਤਿਮ ਰੂਪ ਦੇਣ ਵਿਚ ਹੀ ਚੰਗਾ-ਖ਼ਾਸਾ ਵਕਤ ਲੱਗ ਜਾਂਦਾ ਸੀ। ਇਸ ਕਾਰਨ ਜ਼ਰੂਰੀ ਰੱਖਿਆ ਸਮੱਗਰੀ ਮਿਲਣ ਵਿਚ ਹੋਰ ਦੇਰੀ ਹੁੰਦੀ ਸੀ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਮਨਮੋਹਨ ਸਰਕਾਰ ਲੰਬੇ ਸਮੇਂ ਤੱਕ ਰਾਫੇਲ ਜਾਂ ਇਸ ਵਰਗੇ ਹੋਰ ਜਹਾਜ਼ਾਂ ਦੀ ਖ਼ਰੀਦ ਦਾ ਫ਼ੈਸਲਾ ਹੀ ਨਹੀਂ ਕਰ ਸਕੀ ਸੀ। ਬੇਸ਼ੱਕ ਮੋਦੀ ਸਰਕਾਰ ਨੇ ਰੱਖਿਆ ਸੌਦੇ ਤੇਜ਼ੀ ਨਾਲ ਕਰਨ ਦੇ ਨਾਲ ਹੀ ਦੇਸ਼ ਵਿਚ ਹੀ ਸਰਕਾਰੀ ਅਤੇ ਨਿੱਜੀ ਖੇਤਰ ਦੇ ਸਹਿਯੋਗ ਨਾਲ ਰੱਖਿਆ ਸਮੱਗਰੀ ਦੇ ਨਿਰਮਾਣ ਵੱਲ ਵਾਧੂ ਧਿਆਨ ਦਿੱਤਾ ਹੈ ਅਤੇ ਇਸ ਦੇ ਹਾਂ-ਪੱਖੀ ਨਤੀਜੇ ਵੀ ਮਿਲੇ ਹਨ ਪਰ ਇਸ ਮੁਹਾਜ਼ 'ਤੇ ਸਰਗਰਮੀ ਦਿਖਾਉਣ ਦੀ ਜ਼ਰੂਰਤ ਹੈ।

ਸ਼ਾਇਦ ਇਸ ਜ਼ਰੂਰਤ ਦੀ ਪੂਰਤੀ ਲਈ ਹੀ ਹਾਲ ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਹ ਵੱਡਾ ਐਲਾਨ ਕੀਤਾ ਕਿ ਪੰਜਵੀਂ ਪੀੜ੍ਹੀ ਦੇ ਜੰਗੀ ਜਹਾਜ਼ ਦੇਸ਼ ਵਿਚ ਹੀ ਬਣਾਉਣ ਲਈ ਜਨਤਕ ਖੇਤਰ ਦੇ ਨਾਲ ਹੀ ਨਿੱਜੀ ਖੇਤਰ ਦਾ ਵੀ ਸਹਿਯੋਗ ਲਿਆ ਜਾਵੇਗਾ। ਬੀਤੇ ਕਈ ਸਾਲਾਂ ਵਿਚ ਕਿਉਂਕਿ ਰੱਖਿਆ ਸਮੱਗਰੀ ਬਣਾਉਣ ਵਾਲੀਆਂ ਸਾਡੀਆਂ ਕੰਪਨੀਆਂ ਨੇ ਆਪਣੀ ਸਮਰੱਥਾ ਸਾਬਿਤ ਕਰ ਦਿੱਤੀ ਹੈ, ਇਸ ਲਈ ਉਨ੍ਹਾਂ ਨੂੰ ਹੋਰ ਜ਼ਿਆਦਾ ਹੱਲਾਸ਼ੇਰੀ ਮਿਲਣੀ ਚਾਹੀਦੀ ਹੈ। ਇਸ ਲਈ ਹੋਰ ਵੀ, ਕਿਉਂਕਿ ਆਪ੍ਰੇਸ਼ਨ ਸਿੰਧੂਰ ਨੇ ਇਹ ਸਿੱਧ ਕੀਤਾ ਕਿ ਭਾਰਤੀ ਸੈਨਾ ਉੱਨਤ ਹਥਿਆਰਾਂ ਨਾਲ ਲੈਸ ਹੋਣ ਦੇ ਨਾਲ ਹੀ ਉਨ੍ਹਾਂ ਦੀ ਵਰਤੋਂ ਵਿਚ ਵੀ ਮੁਹਾਰਤ ਰੱਖਦੀ ਹੈ।

ਇਸੇ ਕਾਰਨ ਹਵਾਈ ਫ਼ੌਜ ਦੇ ਮੁਖੀ ਨੇ ਪਾਕਿਸਤਾਨ ਨੂੰ ਬੇਦਮ ਕਰਨ ਅਤੇ ਚੀਨ ਦੀ ਪੋਲ ਖੋਲ੍ਹਣ ਵਾਲੀ ਇਸ ਫ਼ੌਜੀ ਮੁਹਿੰਮ ਨੂੰ ਕੌਮੀ ਜਿੱਤ ਦਾ ਨਾਂ ਦਿੱਤਾ।



ਇਹ ਧਿਆਨ ਰਹੇ ਕਿ ਜਨਰਲ ਬਿਪਿਨ ਰਾਵਤ ਇਹ ਕਿਹਾ ਕਰਦੇ ਸਨ ਕਿ ਭਾਰਤ ਨੂੰ ਆਪਣੀ ਜ਼ਰੂਰਤ ਦੇ ਹਥਿਆਰ ਖ਼ੁਦ ਬਣਾਉਣੇ ਚਾਹੀਦੇ ਹਨ ਕਿਉਂਕਿ ਹੌਲੀ-ਹੌਲੀ ਉਹ ਉੱਨਤ ਹੁੰਦੇ ਜਾਣਗੇ ਅਤੇ ਅਸੀਂ ਰੱਖਿਆ ਸਮੱਗਰੀ ਦੇ ਮਾਮਲੇ ਵਿਚ ਆਤਮ-ਨਿਰਭਰ ਹੋ ਜਾਵਾਂਗੇ।

ਇਸ ਤੱਥ 'ਤੇ ਵੀ ਗ਼ੌਰ ਕੀਤਾ ਜਾਣਾ ਚਾਹੀਦਾ ਹੈ ਕਿ ਜਿਵੇਂ ਸਾਡਾ ਡੀਆਰਡੀਓ ਹੈ, ਉਵੇਂ ਹੀ ਅਮਰੀਕਾ ਦਾ ਡਾਰਪਾ ਹੈ। ਉਸ ਨੇ ਸਮੇਂ ਦੇ ਨਾਲ ਉੱਨਤ ਹਥਿਆਰਾਂ ਤੋਂ ਇਲਾਵਾ ਉਦਯੋਗ-ਧੰਦਿਆਂ ਦੇ ਕੰਮ ਆਉਣ ਵਾਲੇ ਅਜਿਹੇ ਉਪਕਰਨ ਵੀ ਬਣਾਏ ਜੋ ਅਮਰੀਕਾ ਦੀ ਤਰੱਕੀ ਵਿਚ ਸਹਾਇਕ ਬਣੇ। ਇਹੀ ਕੰਮ ਰੱਖਿਆ ਖੇਤਰ ਵਿਚ ਉਤਰੀਆਂ ਸਾਡੀਆਂ ਨਿੱਜੀ ਕੰਪਨੀਆਂ ਵੀ ਕਰ ਸਕਦੀਆਂ ਹਨ।




# ਪੰਜਾਬ ਸਰਕਾਰ 24,000 ਏਕੜ ਖੇਤੀਯੋਗ ਜ਼ਮੀਨ ਕਿਉਂ ਲੈਣਾ ਚਾਹੁੰਦੈ ਹੈ

ਪੰਜਾਬ ਸਰਕਾਰ ਵੱਲੋਂ ਕਰੀਬ 24,000 ਏਕੜ ਖੇਤੀਯੋਗ ਜ਼ਮੀਨ ਨੂੰ ਰਿਹਾਇਸ਼ੀ ਖੇਤਰ ਵਿੱਚ ਤਬਦੀਲ ਕਰਨ ਦੀ ਯੋਜਨਾ ਦਾ ਮੁੱਦਾ ਖ਼ਬਰਾਂ ਵਿੱਚ ਆਉਣ ਮਗਰੋਂ ਸਿਆਸੀ ਵਿਵਾਦ ਬਣ ਗਿਆ ਹੈ। ਹਾਲੇ ਤੱਕ ਸਾਹਮਣੇ ਆਈ ਜਾਣਕਾਰੀ ਮੁਤਾਬਕ, ਪੰਜਾਬ ਸਰਕਾਰ ਦੀ ਯੋਜਨਾ ਹੈ ਕਿ ਇਸ ਵੱਲੋਂ ਮੁੱਖ ਤੌਰ ਉੱਤੇ ਲੁਧਿਆਣਾ ਵਿੱਚ ਪੈਂਦੀ ਇਸ ਜ਼ਮੀਨ ਨੂੰ 'ਅਰਬਨ ਅਸਟੇਟਸ' ਵਿੱਚ ਵਿਕਸਿਤ ਕੀਤਾ ਜਾਵੇਗਾ।

ਇਸ ਨੂੰ ਪੰਜਾਬ ਵਿੱਚ ਸ਼ਹਿਰੀਕਰਨ ਜਾਂ ਰਿਹਾਇਸ਼ੀ ਵਿਕਾਸ ਦਾ ਹੁਣ ਤੱਕ ਦਾ "ਸਭ ਤੋਂ ਵੱਡਾ ਪ੍ਰੋਜੈਕਟ" ਕਿਹਾ ਜਾ ਰਿਹਾ ਹੈ। ਹਾਲਾਂਕਿ ਸਰਕਾਰ ਵੱਲੋਂ ਖੇਤਰਫ਼ਲ ਬਾਰੇ ਕੋਈ ਅਧਿਕਾਰਤ ਅੰਕੜਾ ਜਨਤਕ ਨਹੀਂ ਕੀਤਾ ਗਿਆ ਹੈ। ਪਰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ, "ਸਰਕਾਰ ਲੁਧਿਆਣਾ ਵਿੱਚ ਸ਼ਹਿਰੀਕਰਨ ਦਾ ਪ੍ਰੋਜੈਕਟ ਲਿਆ ਰਹੀ ਹੈ, ਜਿਸ ਤਹਿਤ ਜ਼ਮੀਨ ਲਈ ਅਕਵਾਇਰ ਕਰਨ ਲਈ 'ਲੈਂਡ ਪੂਲਿੰਗ' ਨੀਤੀ ਲਾਗੂ ਕੀਤੀ ਜਾਵੇਗੀ।"

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਸੂਬੇ ਵਿੱਚ ਵਿਰੋਧੀ ਪਾਰਟੀਆਂ ਸਰਕਾਰ ਦੇ ਨਵੇਂ ਪ੍ਰੋਜੈਕਟ ਦਾ ਵਿਰੋਧ ਕਰ ਰਹੀਆਂ ਹਨ। ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਇਸ ਪ੍ਰੋਜੈਕਟ ਖ਼ਿਲਾਫ਼ ਮਤੇ ਪਾਉਣ ਦੀ ਵੀ ਗੱਲ ਕੀਤੀ ਜਾ ਰਹੀ ਹੈ। ਪ੍ਰੋਜੈਕਟ ਦਾ ਵਿਰੋਧ ਕਰਨ ਵਾਲਿਆਂ ਦਾ ਖ਼ਦਸ਼ਾ ਹੈ ਕਿ ਕਿਸਾਨਾਂ ਨੂੰ ਸਹੀ ਮੁੱਲ ਨਹੀਂ ਮਿਲੇਗਾ ਅਤੇ ਖੇਤੀਯੋਗ ਰਕਬੇ ਦਾ ਨੁਕਸਾਨ ਹੋਵੇਗਾ, ਭਾਵੇਂ ਕਿ ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਪ੍ਰਚਾਰ ਗੁਮਰਾਹਕੁੰਨ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿੰਦੇ ਹਨ, "ਕਿਸੇ ਵੀ ਕਿਸਾਨ ਕੋਲੋਂ ਬਿਨਾਂ ਸਹਿਮਤੀ ਦੇ ਜ਼ਮੀਨ ਨਹੀਂ ਲਈ ਜਾਵੇਗੀ।"

ਪੰਜਾਬ ਵਿੱਚ ਪਹਿਲਾਂ ਤੋਂ ਹੀ ਭਾਰਤ ਮਾਲਾ ਪ੍ਰੋਜੈਕਟ ਤਹਿਤ ਜ਼ਮੀਨ ਅਕਵਾਇਰ ਕੀਤੇ ਜਾਣ ਦੀ ਪ੍ਰਕਿਰਿਆ ਦੌਰਾਨ ਕਿਸਾਨਾਂ ਅਤੇ ਪ੍ਰਸ਼ਾਸਨ ਵਿਚਾਲੇ ਟਕਰਾਅ ਸਾਹਮਣੇ ਆ ਰਹੇ ਹਨ। ਇਸ ਤੋਂ ਇਲਾਵਾ ਚਮਕੌਰ ਸਾਹਿਬ ਵਿੱਚ ਪੇਪਰ ਮਿੱਲ, ਬਠਿੰਡਾ ਵਿੱਚ ਗੈਸ ਪਾਈਪਲਾਈਨ ਅਤੇ ਹੋਰ ਉਦਯੋਗਿਕ ਪ੍ਰੋਜੈਕਟਾਂ ਦਾ ਕਿਸਾਨਾਂ ਤੇ ਵਾਤਾਵਰਣ ਕਾਰਕੁੰਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਸਰਕਾਰ ਵੱਲੋਂ ਸ਼ਹਿਰੀਕਰਨ ਲਈ ਲਿਆਂਦੀ ਜਾ ਰਹੀ 'ਲੈਂਡ ਪੂਲਿੰਗ ਪਾਲਿਸੀ' ਕੀ ਹੈ? ਕਿਸਾਨਾਂ ਨੂੰ ਕੀ ਖ਼ਦਸ਼ੇ ਹਨ? ਵਾਹੀਯੋਗ ਜ਼ਮੀਨ ਨੂੰ ਰਿਹਾਇਸ਼ੀ ਜ਼ਮੀਨ ਵਿੱਚ ਬਦਲਣ ਬਾਰੇ ਮਾਹਰਾਂ ਦਾ ਕੀ ਕਹਿਣਾ ਹੈ ਅਤੇ ਪੰਜਾਬ ਸਰਕਾਰ ਦੀ ਇਸ ਬਾਰੇ ਕੀ ਰਾਇ ਹੈ, ਇਸ ਬਾਰੇ ਇਸ ਰਿਪੋਰਟ ਵਿੱਚ ਸਮਝਣ ਦੀ ਕੋਸ਼ਿਸ਼ ਕਰਾਂਗੇ...

### ਲੈਂਡ ਪੂਲਿੰਗ ਪਾਲਿਸੀ

ਸਾਲ 2013 ਵਿੱਚ ਨੋਟੀਫਾਈ ਕੀਤੀ ਗਈ 'ਲੈਂਡ ਪੂਲਿੰਗ ਪਾਲਿਸੀ' ਤਹਿਤ ਸਰਕਾਰ ਜ਼ਮੀਨ ਅਕਵਾਇਰ ਕਰਨ ਲਈ ਮਾਲਕ ਨੂੰ ਪੈਸੇ ਦੇਣ ਦੀ ਥਾਂ ਉਸ ਨੂੰ ਬਦਲੇ ਵਿੱਚ ਵਿਕਸਿਤ ਕੀਤੀ ਹੋਈ ਥਾਂ ਵਿੱਚੋਂ ਹਿੱਸਾ ਦਿੰਦੀ ਹੈ। ਨੀਤੀ ਦੇ ਨੋਟੀਫਿਕੇਸ਼ਨ ਮੁਤਾਬਕ "ਸਰਕਾਰ ਸ਼ਹਿਰੀਕਰਨ ਵਿੱਚ ਜ਼ਮੀਨ ਮਾਲਕਾਂ ਨੂੰ ਭਾਈਵਾਲ ਬਣਾਉਣਾ ਚਾਹੁੰਦੀ ਹੈ ਅਤੇ ਜ਼ਮੀਨ ਨੂੰ ਅਕਵਾਇਰ ਕਰਨ ਨਾਲ ਜੁੜੀਆਂ ਪੇਚੀਦਗੀਆਂ ਨੂੰ ਦੂਰ ਕਰਨਾ ਚਾਹੁੰਦੀ ਹੈ।"

ਬੀਤੇ ਦਿਨੀਂ ਪੰਜਾਬ ਮੰਤਰੀ ਮੰਡਲ ਨੇ ਹਾਊਸਿੰਗ ਡਿਪਾਰਟਮੈਂਟ ਦੀ "ਲੈਂਡ ਪੂਲਿੰਗ ਸਕੀਮ" ਤਹਿਤ ਸੂਬੇ ਵਿੱਚ ਹੋਰ ਅਰਬਨ ਅਸਟੇਟਸ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਜ਼ਮੀਨ ਮਾਲਕਾਂ ਕੋਲੋਂ ਸਿੱਧਾ ਜ਼ਮੀਨ ਖਰੀਦਣ ਦੀ ਨਵੀਂ ਅਤੇ ਵੱਖਰੀ ਪ੍ਰਕਿਰਿਆ ਨੂੰ ਵੀ ਪ੍ਰਵਾਨਗੀ ਦਿੱਤੀ ਹੈ।

ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਤਰੀ ਮੰਡਲ ਦੀ ਬੈਠਕ ਤੋਂ ਬਾਅਦ ਮੀਡੀਆ ਨੂੰ ਦੱਸਿਆ ਸੀ ਕਿ ਸਰਕਾਰ ਕਿਸਾਨਾਂ ਕੋਲੋਂ ਜ਼ਮੀਨ ਲੈ ਕੇ ਉਨ੍ਹਾਂ ਨੂੰ ਵਿਕਸਿਤ ਕਰਕੇ ਦੇਵੇਗੀ। ਉਨ੍ਹਾਂ ਕਿਹਾ ਸੀ, "ਇਸ ਤਹਿਤ ਕਿਸਾਨਾਂ ਨੂੰ ਸਰਕਾਰ 1 ਏਕੜ ਦੇ ਬਦਲੇ 1000 ਸੁਕੇਅਰ ਯਾਰਡ ਰਿਹਾਇਸ਼ੀ ਜ਼ਮੀਨ ਅਤੇ 200 ਗਜ ਕਮਰਸ਼ੀਅਲ ਜ਼ਮੀਨ ਦਿੱਤੀ ਜਾਵੇਗੀ।" ਹਰਪਾਲ ਸਿੰਘ ਚੀਮਾ ਨੇ ਕਿਹਾ ਸੀ, "ਇਹ ਨੀਤੀ ਸਿਰਫ਼ ਮੋਹਾਲੀ ਵਿੱਚ ਹੀ ਵਰਤੀ ਗਈ ਹੈ, ਹੁਣ ਸਰਕਾਰ ਇਸ ਨੂੰ ਲੁਧਿਆਣਾ ਵਿੱਚ ਲੈ ਕੇ ਜਾ ਰਹੀ ਹੈ ਅਤੇ ਸਰਕਾਰ ਵੱਲੋਂ 'ਲੈਟਰ ਆਫ ਇੰਟੈਂਟ' ਮਿਲਣ ਤੋਂ ਬਾਅਦ ਕਿਸਾਨ ਉਨ੍ਹਾਂ ਨੂੰ ਮਿਲੀ ਜ਼ਮੀਨ ਨੂੰ ਵੇਚ ਸਕਦੇ ਹਨ।

### ਵਿਰੋਧੀ ਪਾਰਟੀਆਂ ਕੀ ਕਹਿ ਰਹੀਆਂ ਹਨ?

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਹੈ ਕਿ ਉਹ ਇਸ ਯੋਜਨਾ ਨੂੰ ਨੇਪਰੇ ਨਹੀਂ ਚੜ੍ਹਨ ਦੇਣਗੇ। ਬੁੱਧਵਾਰ ਨੂੰ ਲੁਧਿਆਣਾ ਵਿੱਚ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਨੇ 'ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ' ਦੇ ਦਫ਼ਤਰ ਦੇ ਬਾਹਰ ਮੁਜ਼ਾਹਰਾ ਵੀ ਕੀਤਾ ਗਿਆ।



ਸ਼੍ਰੋਮਣੀ ਅਕਾਲੀ ਦਲ ਤੋਂ ਵਿਧਾਇਕ ਮਨਪ੍ਰੀਤ ਇਯਾਲੀ ਨੇ ਵੀ ਵਿਰੋਧ ਜ਼ਾਹਰ ਕਰ ਰਹੇ ਕਿਸਾਨਾਂ ਦੇ ਪੱਖ ਵਿੱਚ ਆਪਣਾ ਸਮਰਥਨ ਜ਼ਾਹਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕਾਫੀ ਜ਼ਮੀਨ ਉਨ੍ਹਾਂ ਦੇ ਹਲਕੇ ਦਾਖਾ ਵਿੱਚ ਵੀ ਪੈਂਦੀ ਹੈ ਅਤੇ ਉਹ ਕਿਸੇ ਦੀ ਸਹਿਮਤੀ ਦੇ ਬਗ਼ੈਰ ਇਸ ਨੂੰ ਲਾਗੂ ਨਹੀਂ ਹੋਣ ਦੇਣਗੇ। ਭਾਜਪਾ ਦੇ ਸੂਬਾ ਜਨਰਲ ਸਕੱਤਰ ਪਰਮਿੰਦਰ ਬਰਾੜ ਨੇ ਕਿਹਾ, "ਇੰਨੀ ਜ਼ਮੀਨ ਉੱਤੇ ਲੋਕ ਕਿੱਥੋਂ ਲਿਆ ਕਿ ਵਸਾਏ ਜਾਣਗੇ ਇਹ ਦੱਸਿਆ ਜਾਵੇ।" ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਸਰਕਾਰ ਖੇਤੀਯੋਗ ਜ਼ਮੀਨ ਨੂੰ ਕੰਕਰੀਟ ਦੇ ਜੰਗਲ ਵਿੱਚ ਤਬਦੀਲ ਕਰਨ ਜਾ ਰਹੀ ਹੈ।

### ਕਿਸਾਨਾਂ ਅਤੇ ਮਾਹਰਾਂ ਦੇ ਕੀ ਸਵਾਲ ਹਨ?

ਪੰਜਾਬ ਵਿੱਚ ਖੇਤੀਯੋਗ ਜ਼ਮੀਨ ਨੂੰ ਅਕਵਾਇਰ ਕੀਤੇ ਜਾਣ ਬਾਰੇ ਉੱਠਿਆ ਇਹ ਪਹਿਲਾ ਵਿਰੋਧ ਨਹੀਂ ਹੈ। ਇਸ ਤੋਂ ਪਹਿਲਾਂ ਵੀ ਭਾਰਤ-ਮਾਲਾ ਪ੍ਰੋਜੈਕਟ ਦੇ ਜੰਮੂ-ਕੱਟੜਾ ਹਾਈਵੇਅ ਤਹਿਤ ਜ਼ਮੀਨ ਦਾ ਵਾਜਬ ਮੁੱਲ ਨਾ ਮਿਲਣ ਦੇ ਮੁੱਦੇ ਨੂੰ ਲੈ ਕੇ ਵੀ ਆਏ ਦਿਨ ਕਿਸਾਨਾਂ ਦਾ ਵਿਰੋਧ ਸਾਹਮਣੇ ਆਉਂਦਾ ਹੈ। ਵਿਰੋਧ ਕਰਨ ਵਾਲਿਆਂ ਵਿੱਚ ਸ਼ਾਮਲ ਭਾਰਤੀ ਯੂਨੀਅਨ ਡਕੌਂਦਾ ਦੇ ਜਗਰੂਪ ਸਿੰਘ ਹਸਨਪੁਰ ਕਹਿੰਦੇ ਹਨ, "ਜੇਕਰ ਸਰਕਾਰ ਦਾ ਕਹਿਣਾ ਹੈ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਨਹੀਂ ਲਈ ਜਾਵੇਗੀ ਤਾਂ ਜਿਨ੍ਹਾਂ ਪਿੰਡਾਂ ਨੇ ਇਸ ਪ੍ਰੋਜੈਕਟ ਦੇ ਖ਼ਿਲਾਫ਼ ਮਤੇ ਪਾਸ ਕੀਤੇ ਹਨ, ਉਸ ਬਾਰੇ ਸਰਕਾਰ ਨੂੰ ਆਪਣਾ ਪੱਖ ਸਪਸ਼ਟ ਕਰਨਾ ਚਾਹੀਦਾ ਹੈ।"

ਉਹ ਕਹਿੰਦੇ ਹਨ ਜੇਕਰ ਸਰਕਾਰ ਦੀ ਨੀਤੀ ਕਿਸਾਨਾਂ ਦੀ ਸਹਿਮਤੀ ਨਾਲ ਜ਼ਮੀਨ ਲੈਣ ਦੀ ਹੈ ਤਾਂ ਉਨ੍ਹਾਂ ਨੂੰ ਪਿੰਡਾਂ ਦੇ ਨਾਮ ਐਲਾਨਣ ਦੀ ਥਾਂ ਪਿੰਡਾਂ ਵਿੱਚ ਆ ਕੇ ਲੋਕਾਂ ਦੀ ਰਾਇ ਜਾਣਨੀ ਚਾਹੀਦੀ ਹੈ। ਪੰਜਾਬ ਵਿੱਚ ਮੋਹਾਲੀ ਅਤੇ ਨਿਊ ਚੰਡੀਗੜ੍ਹ ਜਿਹੀਆਂ ਥਾਵਾਂ ਉੱਤੇ ਹੋਏ ਸ਼ਹਿਰੀਕਰਨ ਬਾਰੇ ਉਹ ਕਹਿੰਦੇ ਹਨ ਕਿ ਉੱਥੇ ਜ਼ਮੀਨਾਂ ਲੁਧਿਆਣਾ ਜਿੰਨੀਆਂ ਉਪਜਾਊ ਨਹੀਂ ਸਨ ਅਤੇ ਐਕਵਾਇਰ ਕੀਤੀ ਜ਼ਮੀਨ ਦਾ ਰਕਬਾ ਕਾਫੀ ਘੱਟ ਸੀ।ਐੱਮਐੱਸ ਔਜਲਾ ਪੰਜਾਬ ਸਰਕਾਰ ਵਿੱਚ ਸਾਬਕਾ ਡਾਇਰੈਕਟਰ ਟਾਊਨ ਪਲਾਨਿੰਗ ਰਹੇ ਹਨ।

ਉਹ ਦੱਸਦੇ ਹਨ, "ਸ਼ੁਰੂਆਤੀ ਸਮੇਂ ਵਿੱਚ ਇਹ ਫ਼ੈਸਲਾ ਵੱਖ-ਵੱਖ ਪੱਖਾਂ ਨੂੰ ਅਧਾਰ ਬਣਾ ਕੇ ਕੀਤਾ ਜਾਂਦਾ ਸੀ ਕਿ ਵਿਕਾਸ ਕਿਸ ਪਾਸੇ ਵੱਲ ਕਰਨਾ ਹੈ, ਪਰ ਹੁਣ ਜਿਸ ਪਾਸੇ ਵੀ ਵਿਕਾਸ ਕਰਨਾ ਹੈ ਉੱਧਰ ਐਕਸਪ੍ਰੈੱਸਵੇਅ ਬਣਾ ਦਿੱਤਾ ਜਾਂਦਾ ਹੈ।" "ਪੰਜਾਬ ਦੀ ਜ਼ਮੀਨ ਦਾ ਹਰ ਇੰਚ ਉਪਜਾਊ ਹੈ, ਹੁਣ ਇੰਨੇ ਇਲਾਕੇ ਦਾ ਸ਼ਹਿਰੀਕਰਨ ਸ਼ੁਰੂ ਕਰ ਦਿੱਤਾ ਗਿਆ ਹੈ ਜਿਸ ਨੂੰ ਭਰਨ ਵਿੱਚ ਦਹਾਕੇ ਲੱਗ ਜਾਣਗੇ।" "ਉੱਨੀ ਕੁ ਜ਼ਮੀਨ ਹੀ ਵਿਕਾਸ ਲਈ ਖੋਲ੍ਹਣੀ ਚਾਹੀਦੀ ਹੈ ਜਿੰਨੀ ਲੋੜ ਹੈ ਨਹੀਂ ਤਾਂ ਇਸ ਨਾਲ ਫ਼ੂਡ ਸਿਕਿ ਰਿਟੀ (ਖ਼ੁਰਾਕ ਸੁਰੱਖਿਆ) ਦਾ ਵੀ ਖ਼ਤਰਾ ਖੜ੍ਹਾ ਹੋ ਸਕਦਾ ਹੈ।" "ਅਜਿਹੇ ਵਿਕਾਸ ਨਾਲ ਨਿੱਜੀ ਵਾਹਨ ਵਧਣਗੇ ਅਤੇ ਖੇਤੀ ਨਾਲ ਜੁੜੇ ਲੋਕਾਂ ਦੇ ਰੁਜ਼ਗਾਰ ਉੱਤੇ ਅਸਰ ਪੈਂਦਾ ਹੈ।"

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕਹਿ ਚੁੱਕੇ ਹਨ ਕਿ ਕਿਸਾਨਾਂ ਦੀ ਸਹਿਮਤੀ ਤੋਂ ਬਗ਼ੈਰ ਉਨ੍ਹਾਂ ਕੋਲੋਂ ਜ਼ਮੀਨ ਨਹੀਂ ਲਈ ਜਾਵੇਗੀ। ਪਿਛਲੇ 20 ਸਾਲਾਂ ਤੋਂ ਸ਼ਹਿਰੀਕਰਨ ਦੇ ਖੇਤਰ ਵਿੱਚ ਕੰਮ ਕਰੇ ਰਹੇ ਹਰਪ੍ਰੀਤ ਸਿੰਘ ਕਹਿੰਦੇ ਹਨ ਲੈਂਡ ਪੂਲਿੰਗ ਸਕੀਮ ਜ਼ਮੀਨ ਲੈਣ ਦੇ ਹੋਰ ਤਰੀਕਿਆਂ ਵਿੱਚੋ ਇੱਕ ਸਫ਼ਲ ਤਰੀਕਾ ਰਹੀ ਹੈ। ਉਹ ਕਹਿੰਦੇ ਹਨ, "ਖੇਤੀਬਾੜੀਯੋਗ ਜ਼ਮੀਨ ਦੀ ਵਰਤੋਂ ਪੰਜਾਬ ਜਿਹੇ ਛੋਟੇ ਸੂਬੇ ਵਿੱਚ ਹਮੇਸ਼ਾ ਇੱਕ ਵਿਸ਼ਾ ਰਹੀ ਹੈ ਪਰ ਇਹ ਫ਼ੈਸਲਾ ਪੰਜਾਬ ਦੇ ਰਹਿਣ ਵਾਲੇ ਲੋਕਾਂ ਨੇ ਲੈਣਾ ਹੈ ਕਿ ਕੀ ਉਹ ਖੇਤੀਬਾੜੀ ਅਧਾਰਤ ਸੂਬਾ ਰਹਿਣਾ ਚਾਹੁੰਦੇ ਹਨ ਜਾਂ ਹੋਰ ਖੇਤਰਾਂ ਵਿੱਚ ਵੀ ਵਿਕਾਸ ਦੀ ਲੋੜ ਹੈ।"

ਲੁਧਿਆਣਾ ਰਹਿੰਦੇ ਸਮਾਜਿਕ ਕਾਰਕੁਨ ਕੁਲਦੀਪ ਖਹਿਰਾ ਕਹਿੰਦੇ ਹਨ ਕਿ ਪ੍ਰਾਈਵੇਟ ਕਾਲੋਨਾਈਜ਼ਰਜ਼ ਦੇ ਬਦਲ ਵਿੱਚ ਸਰਕਾਰੀ ਵਿਕਾਸ ਕਿਸਾਨਾਂ ਦੇ ਪੱਖੀ ਵੀ ਸਾਬਤ ਹੋ ਸਕਦਾ ਹੈ ਪਰ ਸਰਕਾਰ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਵਿੱਚ ਅਸਫ਼ਲ ਰਹੀ ਹੈ। ਪ੍ਰੋ-ਜੈਕਟ ਬਾਰੇ ਹੋਰ ਜਾਣਕਾਰੀ ਅਤੇ ਸਵਾਲਾਂ ਦੇ ਜਵਾਬ ਲਈ ਗਲਾਡਾ (ਗ੍ਰੇਟਰ ਲੁਧਿਆਣਾ ਏਰੀਆ ਡਵੈਲਪਮੈਂਟ ਅਧਾਰਟੀ) ਦੇ ਚੀਫ਼ ਐਡਮਿਨਸਟ੍ਰੇਰ ਅਤੇ ਪੁੱਡਾ (ਪੰਜਾਬ ਅਰਬਨ ਪਲੈਨਿੰਗ ਐਂਡ ਡਵੈਲਪਮੈਂਟ ਅਥਾਰਟੀ) ਦੇ ਪ੍ਰਿੰਸੀਪਲ ਸੈਕ੍ਰੇਟਰੀ ਨੂੰ ਸੰਪਰਕ ਕੀਤਾ ਗਿਆ ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।

ਮੁੱਖ ਮੰਤਰੀ ਭਗਵੰਤ ਮਾਨ ਵੀ ਬੁੱਧਵਾਰ ਨੂੰ ਪਟਿਆਲਾ ਵਿੱਚ ਇਸ ਮੁੱਦੇ ਉੱਤੇ ਬੋਲੇ। ਉਨ੍ਹਾਂ ਨੇ ਕਿਹਾ ਕਿ 'ਲੈਂਡ ਪੂਲਿੰਗ ਪਾਲਿਸੀ' ਤਹਿਤ ਮਾਲਕ ਦੀ ਸਹਿਮਤੀ ਤੋਂ ਬਗ਼ੈਰ ਜ਼ਮੀਨ ਨਹੀਂ ਲਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ, "ਸਰਕਾਰ ਇੱਕ ਏਕੜ ਥਾਂ ਬਦਲੇ 1000 ਗਜ ਰਿਹਾਇਸ਼ੀ ਪਲਾਟ ਅਤੇ 200 ਗਜ ਕਮਰਸ਼ੀਅਲ ਪਲਾਟ ਦੇਵੇਗੀ। ਸਰਕਾਰ ਇਸ ਜ਼ਮੀਨ ਨੂੰ ਵਿਕਸਿਤ ਕਰਕੇ ਦੇਵੇਗੀ।" ਉਨ੍ਹਾਂ ਕਿਹਾ, "ਕਿਸਾਨ ਇਸ ਥਾਂ ਨੂੰ ਵੇਚਕੇ ਕਿਸੇ ਹੋਰ ਥਾਂ ਖੇਤੀ ਦੀ ਜ਼ਮੀਨ ਵੀ ਲੈ ਸਕਦੇ ਹਨ।" ਉਨ੍ਹਾਂ ਕਿਹਾ, "ਇਸ ਵੇਲੇ ਪੰਜਾਬ ਵਿੱਚ ਸਭ ਤੋਂ ਵੱਧ ਗ਼ੈਰ-ਕਾਨੂੰਨੀ ਕਾਲੋਨੀਆਂ ਹਨ। 1992 ਤੋਂ ਬਾਅਦ ਪੰਜਾਬ ਵਿੱਚ ਕੋਈ ਸਰਕਾਰੀ ਕਲੋਨੀ ਨਹੀਂ ਬਣੀ ਹੈ।" ਭਗਵੰਤ ਮਾਨ ਨੇ ਕਿਹਾ, "ਪੰਜਾਬ ਵਿੱਚ 19,000 ਤੋਂ ਵੱਧ ਗ਼ੈਰ ਕਾਨੂੰਨੀ ਕਾਲੋਨੀਆਂ ਹਨ ਪਰ ਹਰਿਆਣਾ ਵਿੱਚ ਇੱਕ ਵੀ ਨਹੀਂ ਹੈ।" ਉਨ੍ਹਾਂ ਕਿਹਾ ਕਿ ਜੇਕਰ ਲੋਕ ਇਸ ਪਾਲਿਸੀ ਨਾਲ ਸਹਿਮਤ ਨਹੀਂ ਹੋਣਗੇ ਤਾਂ ਲਾਗੂ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ, "ਪਟਿਆਲਾ ਵਿੱਚ ਜ਼ਮੀਨ ਨਹੀਂ ਅਕਵਾਇਰ ਕੀਤੀ ਜਾ ਰਹੀ, ਲੁਧਿਆਣਾ ਵਿੱਚ ਹੁਣ ਚੋਣ ਜ਼ਾਬਤਾ ਲੱਗ ਚੁੱਕਿਆ ਹੈ, ਉਹ ਲੋਕਾਂ ਦੇ ਸੁਝਾਅ ਮੰਗ ਰਹੇ ਹਨ ਇਸ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ ਹੈ।"

### ਪੰਜਾਬ ਅਤੇ ਸ਼ਹਿਰੀਕਰਨ

ਸਾਲ 2023-2024 ਦੇ ਪੰਜਾਬ ਇਕੋਨਮਿਕ ਸਰਵੇ ਦੇ ਮੁਤਾਬਕ ਪੰਜਾਬ ਵਿੱਚ ਸ਼ਹਿਰੀਕਰਨ ਦੀ ਰਫ਼ਤਾਰ ਭਾਰਤ ਪੱਧਰ ਉੱਤੇ ਹੋਏ ਸ਼ਹਿਰੀਕਰਨ ਨਾਲੋਂ ਵੱਧ ਰਹੀ ਹੈ। ਸੂਬੇ ਦੀ 19.9 ਫ਼ੀਸਦ ਸ਼ਹਿਰੀ ਆਬਾਦੀ ਲੁਧਿਆਣਾ ਵਿੱਚ ਰਹਿੰਦੀ ਹੈ ਜਦਕਿ ਅੰਮ੍ਰਿਤਸਰ ਵਿੱਚ 12.8 ਫ਼ੀਸਦ ਅਤੇ ਜਲੰਧਰ ਵਿੱਚ 11.2 ਫ਼ੀਸਦ ਸ਼ਹਿਰੀ ਆਬਾਦੀ ਹੈ।

ਇਸ ਸਰਵੇ ਮੁਤਾਬਕ ਪੰਜਾਬ ਵਿੱਚ ਅਸਾਂਵੇ ਵਿਕਾਸ ਕਾਰਨ ਸਲੱਮ ਏਰੀਆਜ਼ 5.3 ਫ਼ੀਸਦ ਹਨ ਜੋ ਕਿ ਕੌਮੀ ਪੱਧਰ ਉੱਤੇ 5.4 ਫ਼ੀਸਦ ਦੇ ਨੇੜੇ ਹੀ ਹੈ। ਸਾਲ 2011 ਵਿੱਚ ਜਿੱਥੇ ਭਾਰਤ ਪੱਧਰ ਉੱਤੇ 31.10 ਫ਼ੀਸਦ ਆਬਾਦੀ ਸ਼ਹਿਰਾਂ ਵਿੱਚ ਰਹਿੰਦੀ ਸੀ ਉੱਥੇ ਪੰਜਾਬ ਦੀ 37.50 ਫ਼ੀਸਦ ਆਬਾਦੀ ਸ਼ਹਿਰਾਂ ਵਿੱਚ ਰਹਿੰਦੀ ਸੀ। ਹਾਲਾਂਕਿ ਪੰਜਾਬ ਨੂੰ ਖੇਤੀ ਅਧਾਰਤ ਸੂਬੇ ਵਜੋਂ ਗਿਣਿਆ ਜਾਂਦਾ ਹੈ ਪਰ ਪੰਜਾਬ ਸਰਕਾਰ ਦੀ ਹਾਲੀਆ ਰਿਪੋਰਟ ਦੇ ਮੁਤਾਬਕ ਪੰਜਾਬ ਸ਼ਹਿਰੀਕਰਨ ਦੇ ਮਾਮਲੇ ਵਿੱਚ ਭਾਰਤ ਭਰ ਵਿੱਚੋਂ 5ਵੀਂ ਥਾਂ ਉੱਤੇ ਹੈ। ਨਿਊ ਚੰਡੀਗੜ੍ਹ ਟਾਊਨਸ਼ਿਪ ਅਤੇ ਮੋਹਾਲੀ ਦਾ ਵਿਸਥਾਰ ਪੰਜਾਬ ਦੇ ਵੱਡੇ ਸ਼ਹਿਰੀਕਰਨ ਦੇ ਪ੍ਰੋਜੈਕਟਾਂ ਵਿੱਚੋਂ ਇੱਕ ਹੈ।

ਇਸ ਤੋਂ ਇਲਾਵਾ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਜਿਹੇ ਸ਼ਹਿਰਾਂ ਵਿੱਚ ਪ੍ਰਾਈਵੇਟ ਕਾਲੋਨੀਆਂ ਦੇ ਰੂਪ ਵਿੱਚ ਵੀ ਸ਼ਹਿਰੀਕਰਨ ਹੋਇਆ ਹੈ। ਲੁਧਿਆਣਾ ਜਿਹੇ ਸ਼ਹਿਰਾਂ ਵਿੱਚ ਨਿੱਜੀ ਪੱਧਰ ਉੱਤੇ ਗ਼ੈਰ-ਕਾਨੂੰਨੀ ਕਾਲੋਨੀਆਂ ਕੱਟੇ ਜਾਣਾ ਵੀ ਵੱਡਾ ਮੁੱਦਾ ਰਿਹਾ ਹੈ। ਇਨ੍ਹਾਂ ਕਾਲੋਨੀਆਂ ਵਿੱਚ ਸਾਫ਼ ਪਾਣੀ ਅਤੇ ਹੋਰ ਸਰਕਾਰੀ ਸਹੂਲਤਾਂ ਦੀ ਘਾਟ ਕਾਰਨ ਲੋਕਾਂ ਵੱਲੋਂ ਮੁਜ਼ਾਹਰੇ ਵੀ ਕੀਤੇ ਜਾਂਦੇ ਹਨ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਬੀਤੇ ਦਿਨੀਂ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਗਿਆ ਕਿ ਪੰਜਾਬ ਵਿੱਚ ਤੇਜ਼ੀਂ ਨਾਲ ਸ਼ਹਿਰੀਕਰਨ ਹੋ ਰਿਹਾ ਹੈ ਅਤੇ ਲੋਕ ਸ਼ਹਿਰਾਂ ਵੱਲ ਪਰਵਾਸ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਗ਼ੈਰ-ਕਾਨੂੰਨੀ ਕਾਲੋਨੀਆਂ ਦਾ ਵੱਧਣਾ ਦਰਸਾਉਂਦਾ ਹੈ ਕਿ ਪੰਜਾਬ ਵਿੱਚ ਰਿਹਾਇਸ਼ਾਂ ਦੀ ਮੰਗ ਹੈ।

# ਸੁਪਨੇ ਤੇ ਅਸਲੀਅਤ ਵਿਚਾਲੇ ਫ਼ਰਕ ਸਮਝਣ ਦੀ ਜ਼ਰੂਰਤ

ਨੀਂਦ ਮਨੁੱਖ ਲਈ ਪਰਮਾਤਮਾ ਦਾ ਮਹਾਨ ਵਰਦਾਨ ਹੈ। ਇਸ ਦੌਰਾਨ ਹਰ ਮਨੁੱਖ ਸੁਖਦ ਅਤੇ ਦੁਖਦ ਦੋਹਾਂ ਕਿਸਮ ਦੇ ਸੁਪਨੇ ਦੇਖਦਾ ਹੈ। ਇਸ ਵਿਚ ਕੋਈ ਚੋਣ ਕਰਨ ਦੀ ਸੰਭਾਵਨਾ ਨਹੀਂ ਹੁੰਦੀ ਕਿ ਅੱਜ ਸਿਰਫ਼ ਸੁਖਦ ਸੁਪਨਾ ਹੀ ਦੇਖਣਾ ਹੈ ਜਾਂ ਕਦੇ ਵੀ ਦੁਖਦ ਸੁਪਨਾ ਨਹੀਂ ਦੇਖਣਾ। ਕਈ ਵਾਰ ਮਨੁੱਖ ਅਜਿਹੇ ਸੁਪਨੇ ਦੇਖਦਾ ਹੈ ਜਿਨ੍ਹਾਂ ਦੀ ਉਸ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਕਦੇ ਸੁਪਨੇ ਵਿਚ ਉਹ ਰੰਕ ਤੋਂ ਰਾਜਾ ਅਤੇ ਕਦੇ ਰਾਜਾ ਤੋਂ ਰੰਕ ਬਣ ਜਾਂਦਾ ਹੈ। ਸੁਪਨੇ ਵਿਚ ਜੋ ਕੁਝ ਵੀ ਦੇਖਿਆ ਜਾਂਦਾ ਹੈ, ਉਸ ਦੀ ਉਮਰ ਸੁਪਨਾ ਦੇਖੇ ਜਾਣ ਤੱਕ ਹੀ ਰਹਿੰਦੀ ਹੈ।

ਫਿਰ ਵੀ, ਸੁਪਨੇ ਅਤੇ ਹਕੀਕਤ ਵਿਚ ਇਕ ਨਿਸ਼ਚਤ ਸਬੰਧ ਹੈ ਜੋ ਪ੍ਰਭੂ ਉਸ ਸਮੇਂ ਮਨੁੱਖ ਨੂੰ ਸਮਝਾਉਣਾ ਚਾਹੁੰਦਾ ਹੈ ਜਦੋਂ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ ਅਤੇ ਵਿਕਾਰ ਸਰਗਰਮ ਨਹੀਂ ਹੁੰਦੇ ਹਨ। ਅਜਿਹਾ ਸਿਰਫ਼ ਉਸ ਸਮੇਂ ਹੁੰਦਾ ਹੈ ਜਦੋਂ ਉਹ ਸੁੱਤਾ ਹੋਇਆ ਹੁੰਦਾ ਹੈ।

ਸੁਪਨੇ ਇਕ ਤਰ੍ਹਾਂ ਨਾਲ ਜੀਵਨ ਦੇ ਪਾਠ ਹਨ ਜੋ ਮਨੁੱਖ ਨੂੰ ਸੱਚ ਨਾਲ ਜੋੜਦੇ ਹਨ। ਜਿਵੇਂ ਸੁਪਨੇ ਮਨੁੱਖ ਦੀ ਚੋਣ ਤੋਂ ਬਾਹਰ ਹੁੰਦੇ ਹਨ, ਉਸੇ ਤਰ੍ਹਾਂ ਮਨੁੱਖ ਦਾ ਜੀਵਨ ਵਿਚ ਆਉਣ ਵਾਲੇ ਸੁੱਖਾਂ-ਦੁੱਖਾਂ ’ਤੇ ਵੀ ਕੋਈ ਜ਼ੋਰ ਨਹੀਂ ਹੁੰਦਾ। ਜਿਵੇਂ ਨੀਂਦ ਟੁੱਟਣ ’ਤੇ ਦੁਖਦ ਸੁਪਨੇ ਤੋਂ ਮੁਕਤੀ ਮਿਲਦੀ ਹੈ, ਉਸੇ ਤਰ੍ਹਾਂ ਅਗਿਆਨਤਾ ਦੀ ਨੀਂਦ ਤੋਂ ਮੁਕਤ ਹੋਣ ’ਤੇ ਸੁਖਦ ਅਹਿਸਾਸ ਹੁੰਦਾ ਹੈ। ਜਿਵੇਂ ਮਨੁੱਖ ਕਦੇ ਕਲਪਨਾ ਕੀਤੇ ਸੁਪਨੇ ਦੇਖਦਾ ਹੈ, ਉਸੇ ਤਰ੍ਹਾਂ ਜੀਵਨ ਵਿਚ ਕਦੇ ਅਚਾਨਕ ਕੁਝ ਅਜਿਹਾ ਵਾਪਰ ਜਾਂਦਾ ਹੈ ਜਿਸ ਦੀ ਉਸ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਸੁੱਖ ਅਤੇ ਦੁੱਖ ਸੁਪਨੇ ਦੇ ਨਾਲ ਹੀ ਵਿਦਾ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਉਮਰ ਸੁਪਨੇ ਦੀ ਮਿਆਦ ਤੱਕ ਹੀ ਸੀਮਤ ਹੁੰਦੀ ਹੈ। ਹਕੀਕੀ ਜੀਵਨ ਵਿਚ ਵੀ ਅਜਿਹਾ ਹੀ ਹੈ। ਹਰ ਸੁੱਖ ਅਤੇ ਦੁੱਖ ਦੀ ਆਪਣੀ ਉਮਰ ਹੁੰਦੀ ਹੈ। ਉਸ ਨੂੰ ਆਪਣੀ ਉਮਰ ਪੂਰੀ ਕਰਨੀ ਹੀ ਹੁੰਦੀ ਹੈ।

ਇਸ ਨੂੰ ਨਾ ਸਮਝ ਕੇ ਮਨੁੱਖ ਆਪਣੇ ਜੀਵਨ ਵਿਚ ਅਸੰਤੁਲਨ ਪੈਦਾ ਕਰਦਾ ਹੈ। ਮਨੁੱਖ ਸੁਪਨੇ ਵਿਚ ਹੀ ਖ਼ੁਸ਼ ਅਤੇ ਦੁਖੀ ਹੁੰਦਾ ਹੈ ਕਿਉਂਕਿ ਉਹ ਸੁਪਨੇ ਨੂੰ ਹੀ ਸੱਚ ਮੰਨ ਰਿਹਾ ਹੁੰਦਾ ਹੈ। ਹਕੀਕਤ ਵਿਚ ਵੀ ਉਸ ਦੇ ਮਨ ਦੇ ਸੁੱਖ ਅਤੇ ਦੁੱਖ ਇਸ ਲਈ ਹਨ ਕਿਉਂਕਿ ਉਸ ਨੇ ਨਾਸ਼ਵਾਨ ਸੰਸਾਰ ਅਤੇ ਆਪਣੇ ਸਰੀਰ ਨੂੰ ਸੱਚ ਮੰਨਿਆ ਹੋਇਆ ਹੈ। ਜੇ ਉਹ ਇਹ ਮੰਨ ਲਵੇ ਕਿ ਸੰਸਾਰ ਇਕ ਸੁਪਨਾ ਹੈ ਤਾਂ ਉਹ ਸੁੱਖ-ਦੁੱਖ ਤੋਂ ਉੱਪਰ ਉੱਠ ਜਾਵੇਗਾ।

**-ਡਾ. ਸਤਿੰਦਰਪਾਲ ਸਿੰਘ**



# ਡੋਨਲਡ ਟਰੰਪ ਦੀਆਂ ਨੀਤੀਆਂ ਅਤੇ ਬਦਲਦੇ ਵਿਸ਼ਵ ਅਰਥਚਾਰੇ ਵਿੱਚ ਭਾਰਤ



ਰਾਜੀਵ ਖੋਸਲਾ

ਕੁਝ ਮਹੀਨਿਆਂ ਦੌਰਾਨ ਸੰਸਾਰ ਭਰ ਦੇ ਵਿੱਤੀ ਬਾਜ਼ਾਰਾਂ ਅਤੇ ਵਪਾਰ ਨੀਤੀਆਂ ਵਿੱਚ ਅਨਿਸ਼ਚਿਤਤਾ ਹੈ। ਕੌਮਾਂਤਰੀ ਮੁਦਰਾ ਕੋਸ਼, ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ ਆਦਿ ਦੁਆਰਾ ਵਿਸ਼ਵ ਆਰਥਿਕ ਵਿਕਾਸ ਘਟਣ ਦੀਆਂ ਭਵਿੱਖਬਾਣੀਆਂ, ਸੋਨੇ ਦੀਆਂ ਕੀਮਤਾਂ ਵਿੱਚ ਬੇਮਿਸਾਲ ਵਾਧਾ, ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿੱਚ ਉਤਰਾਅ-ਚੜ੍ਹਾਅ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਉਪਰੋਕਤ ਤੱਥਾਂ ਦੀ ਗਵਾਹੀ ਭਰਦੇ ਹਨ। ਇਹ ਘਟਨਾਕ੍ਰਮ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੀਆਂ ਅਨਿਸ਼ਚਿਤ ਇਮੀਗ੍ਰੇਸ਼ਨ (ਪਰਵਾਸ) ਅਤੇ ਟੈਰਿਫ (ਵਿਦੇਸ਼ੀ ਮਾਲ ਤੇ ਕਸਟਮ ਡਿਊਟੀ) ਨੀਤੀਆਂ ਦਾ ਸਿੱਟਾ ਹੈ ਜਿਸ ਕਾਰਨ ਨਾ ਸਿਰਫ ਵਿਸ਼ਵ ਵਪਾਰ ਪ੍ਰਭਾਵਿਤ ਹੋਇਆ ਹੈ ਬਲਕਿ ਦੁਨੀਆ ਦੀ ਆਰਥਿਕ ਵਿਵਸਥਾ ਵਿਚ ਵੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਟਰੰਪ ਨੇ ਹੁਣ ਇਮੀਗ੍ਰੇਸ਼ਨ ਅਤੇ ਟੈਰਿਫ ਮੁੱਦਿਆਂ ’ਤੇ ਆਪਣਾ ਰੁਖ਼ ਕੁਝ ਨਰਮ ਕੀਤਾ ਹੈ। ਉਂਝ, ਇਹ ਕੋਈ ਪਹਿਲੀ ਵਾਰ ਨਹੀਂ ਕਿ ਅਮਰੀਕਾ ਇਉਂ ਸੁਰੱਖਿਆਵਾਦੀ ਬਣਿਆ ਹੈ। ਅਤੀਤ ਵਿੱਚ ਵੀ ਅਮਰੀਕਾ ਵਿਚ ਵੱਖੋ-ਵੱਖ ਰਾਸ਼ਟਰਪਤੀਆਂ ਨੇ ਅਜਿਹੀਆਂ ਨੀਤੀਆਂ ਅਪਣਾਈਆਂ ਹਨ। 1776 ਵਿੱਚ ਆਜ਼ਾਦੀ ਤੋਂ ਬਾਅਦ ਜਾਰਜ ਵਾਸ਼ਿੰਗਟਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣੇ ਜਿਨ੍ਹਾਂ ਨੇ 1790 ਵਿੱਚ ਨੈਚੁਰਲਾਈਜ਼ੇਸ਼ਨ ਐਕਟ ਲਿਆਂਦਾ। ਇਸ ਅਨੁਸਾਰ, ਗੈਰ-ਦਾਗ਼ੀ (non-tianted) ਗੋਰਿਆਂ ਨੂੰ ਅਮਰੀਕਾ ਦੀ ਨਾਗਰਿਕਤਾ ਦਿੱਤੀ ਗਈ (ਅਫਰੀਕੀ ਤੇ ਏਸ਼ਿਆਈ ਲੋਕਾਂ ਨੂੰ ਛੱਡ ਕੇ)। ਉਨ੍ਹਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਬ੍ਰਿਟੇਨ ਜਾਂ ਫਰਾਂਸ (ਜੋ ਉਸ ਵੇਲੇ ਲੜ ਰਹੇ ਸਨ) ਦਾ ਪੱਖ ਲੈਣ ਦੀ ਲੋੜ ਨਹੀਂ। ਸਮੇਂ ਨਾਲ ਆਇਰਲੈਂਡ, ਜਰਮਨੀ, ਪੋਲੈਂਡ, ਇਟਲੀ, ਹੰਗਰੀ, ਇੱਥੋਂ ਤੱਕ ਕਿ ਚੀਨ ਦੇ ਲੋਕ ਵੀ ਅਮਰੀਕਾ ਚਲੇ ਗਏ ਪਰ 1854 ਵਿੱਚ ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੇ ਉਭਾਰ ਨਾਲ ਅਮਰੀਕਾ ਨੇ ਇਮੀਗ੍ਰੇਸ਼ਨ ’ਤੇ ਸਖ਼ਤੀ ਕੀਤੀ। ਆਰਥਰ ਚੈਸਟਰ ਜੋ ਰਿਪਬਲਿਕਨ ਪਾਰਟੀ ਵੱਲੋਂ ਅਮਰੀਕੀ ਰਾਸ਼ਟਰਪਤੀ ਬਣੇ, ਨੇ ਚੀਨੀ ਬੇਦਖਲੀ ਐਕਟ ਲਿਆਂਦਾ ਜਿਸ ਅਨੁਸਾਰ ਚੀਨੀ ਮਜ਼ਦੂਰਾਂ ਦੇ ਇਮੀਗ੍ਰੇਸ਼ਨ ’ਤੇ 10 ਸਾਲਾਂ ਲਈ ਪਾਬੰਦੀ ਲਗਾਈ ਗਈ ਅਤੇ ਚੀਨੀ ਪਰਵਾਸੀਆਂ ਨੂੰ ਨੈਚੁਰਲਾਈਜ਼ਡ ਨਾਗਰਿਕ ਬਣਨ ਤੋਂ ਰੋਕਿਆ ਗਿਆ। ਰਾਸ਼ਟਰਪਤੀ ਕੈਲਵਿਨ ਕੂਲਿਜ (ਡੈਮੋਕ੍ਰੇਟ) ਦੇ ਜੌਨਸਨ-ਰੀਡ ਐਕਟ-1924 ਦੇ ਹੋਂਦ ਵਿਚ ਆਉਣ ਤੋਂ ਬਾਅਦ ਦੁਨੀਆ ਦੇ ਦੂਜੇ ਹਿੱਸਿਆਂ ਤੇ ਕੌਮੀਅਤ ਦੇ ਆਧਾਰ ’ਤੇ ਅਮਰੀਕਾ ਵਿਚ ਇਮੀਗ੍ਰੇਸ਼ਨ ਨੂੰ ਸੀਮਤ ਕਰਨ ਲਈ ਸਖਤ ਕੋਟੇ ਬਣਾਏ ਗਏ ਤਾਂ ਜੋ ਚੀਨ ਨਾਲ ਕੁਝ ਇਨਸਾਫ਼ ਹੋ ਸਕੇ। 1950 ਅਤੇ 60 ਵਾਲੇ ਦਹਾਕੇ ਵਿੱਚ ਜਦੋਂ ਅਮਰੀਕਾ ਹਾਈ-ਟੈੱਕ ਬੁਨਿਆਦੀ ਢਾਂਚਾ, ਹਾਈਵੇਅ, ਸਿਲੀਕਾਨ ਵੈਲੀ ਤੇ ਮਸ਼ੀਨਾਂ ਬਣਾਉਣ ਦੀ ਪ੍ਰਕਿਰਿਆ ’ਚ ਰੁੱਝਿਆ ਸੀ ਤਾਂ ਇਸ ਨੂੰ ਹੁਨਰਮੰਦ ਤੇ ਸਸਤੇ ਮਜ਼ਦੂਰਾਂ ਦੀ ਜ਼ਰੂਰਤ ਮਹਿਸੂਸ ਹੋਈ। ਰਾਸ਼ਟਰਪਤੀ ਲਿੰਡਨ ਜੌਹਨਸਨ (ਡੈਮੋਕ੍ਰੇਟ) ਨੇ ਇਮੀਗ੍ਰੇਸ਼ਨ ਤੇ ਰਾਸ਼ਟਰੀਅਤਾ ਐਕਟ-1963 ਲਿਆਂਦਾ ਜਿਸ ਨੇ ਨਾਗਰਿਕਤਾ ’ਚ ਕਿਸੇ ਵੀ ਰਾਸ਼ਟਰੀਅਤਾ ਦਾ ਪੱਖ ਲੈਣਾ ਬੰਦ ਕਰ ਦਿੱਤਾ।

ਜਿੱਥੋਂ ਤੱਕ ਟੈਰਿਫ ਦਾ ਸਵਾਲ ਹੈ, ਰਿਪਬਲਿਕਨ ਪਾਰਟੀ ਦੇ ਪਹਿਲੇ ਤੇ ਅਮਰੀਕਾ ਦੇ 16ਵੇਂ ਰਾਸ਼ਟਪਤੀ ਅਬਰਾਹਿਮ ਲਿੰਕਨ ਨੇ 1861 ਦੇ ਮੋਰਿਲ ਟੈਰਿਫ ਐਕਟ ਦੀ ਵਰਤੋਂ ਕੀਤੀ। ਐਕਟ-ਭਾਵੇਂ ਰਾਸ਼ਟਪਤੀ ਜੌਨ ਬੁਕਾਨਨ (ਡੈਮੋਕ੍ਰੇਟ) ਦੁਆਰਾ ਲਿੰਕਨ ਦੇ ਰਾਸ਼ਟਰਪਤੀ ਬਣਨ ਤੋਂ ਦੋ ਦਿਨ ਪਹਿਲਾਂ ਹੀ ਲਿਆਂਦਾ ਗਿਆ ਸੀ (ਇਸ ਤਹਿਤ ਔਸਤ ਟੈਰਿਫ ਦਰਾਂ 17% ਤੋਂ 21% ਤੱਕ ਵਧਾ ਦਿੱਤੀਆਂ ਸਨ) ਪਰ ਲਿੰਕਨ ਦੇ ਸ਼ਾਸਨ ਦੌਰਾਨ ਇਹ ਦਰਾਂ ਸਾਲ 1865 ਤੱਕ ਵਧਾ ਕੇ 38% ਕਰ ਦਿੱਤੀਆਂ ਗਈਆਂ। ਇਹ ਦਰਾਂ ਸਾਲ 1894 ਵਿੱਚ ਰਾਸ਼ਟਰਪਤੀ ਕਲੀਵਲੈਂਡ (ਡੈਮੋਕ੍ਰੇਟ) ਨੇ ਘਟਾਈਆਂ। ਮੁੜ ਸਾਲ 1897 ਵਿੱਚ ਵਿਲੀਅਮ ਮੈਕਕਿਨਲੇ ਜਿਸ ਦੀ ਟਰੰਪ ਸਭ ਤੋਂ ਵੱਧ ਪ੍ਰਸ਼ੰਸਾ ਕਰਦੇ ਹਨ, ਨੇ ਡਿੰਗਲੇ ਐਕਟ ਲਿਆਂਦਾ ਅਤੇ ਕੁੱਲ ਟੈਰਿਫ ਦਰਾਂ 48% ਤੱਕ ਵਧਾ ਦਿੱਤੀਆਂ। ਵੁਡਰੋ ਵਿਲਸਨ (ਡੈਮੋਕ੍ਰੇਟ) ਨੇ ਸਾਲ 1913 ਵਿਚ ਇਹ ਟੈਰਿਫ ਦਰਾਂ ਘਟਾਉਣ ’ਤੇ ਜ਼ੋਰ ਲਾਇਆ। 1929 ਵਿੱਚ ਰਾਸ਼ਟਰਪਤੀ ਹਰਬਰਟ ਹੂਵਰ (ਰਿਪਬਲਿਕਨ) ਨੇ ਸਮੂਟ ਐਂਡ ਹਾਆਲੀ



ਐਕਟ ਲਾਗੂ ਕਰ ਕੇ ਸਭ ਤੋਂ ਸਖ਼ਤ ਟੈਰਿਫ ਦਰਾਂ ਦਾ ਐਲਾਨ ਕੀਤਾ ਅਤੇ ਕੁੱਲ ਟੈਰਿਫ ਦਰਾਂ 60% ਤੱਕ ਵਧਾ ਦਿੱਤੀਆਂ। ਇਹ ਦਰਾਂ 1940 ਦੇ ਦਹਾਕੇ ਵਿੱਚ ਫਰੈਂਕਲਿਨ ਰੂਜ਼ਵੈਲਟ (ਡੈਮੋਕ੍ਰੇਟ) ਨੇ ਘਟਾਈਆਂ। ਜ਼ਾਹਿਰ ਹੈ ਕਿ ਸ਼ੁਰੂ ਤੋਂ ਹੀ ਰਿਪਬਲਿਕਨ ਪਾਰਟੀ ਤੋਂ ਚੁਣੇ ਹੋਏ ਰਾਸ਼ਟਰਪਤੀਆਂ ਦਾ ਰੁਝਾਨ ਅਮਰੀਕੀ ਕਾਰੋਬਾਰਾਂ/ਕਾਰੋਬਾਰੀਆਂ ਦੀ ਰੱਖਿਆ ਕਰਨ, ਅਮਰੀਕੀ ਲੋਕਾਂ ਲਈ ਨੌਕਰੀਆਂ ਯਕੀਨੀ ਬਣਾਉਣ, ਅਮਰੀਕਾ ਤੋਂ ਬਾਹਰਲੇ ਕਾਮਿਆਂ ਦੀ ਗਿਣਤੀ ਕੰਟਰੋਲ ਕਰਨ ਅਤੇ ਘਰੇਲੂ ਨਿਰਮਾਣ ਤੇ ਉਦਯੋਗਾਂ ਨੂੰ ਉਤਸ਼ਾਹਤ ਕਰਨ ਵੱਲ ਵੱਧ ਰਿਹਾ ਹੈ। ਡੋਨਲਡ ਟਰੰਪ ਵੀ ਆਪਣੇ ਪੁਰਖਿਆਂ ਦੇ ਨਕਸ਼ੇ-ਕਦਮ ’ਤੇ ਚੱਲ ਰਹੇ ਹਨ।

20 ਜਨਵਰੀ 2025 ਨੂੰ ਰਾਸ਼ਟਰਪਤੀ ਵਜੋਂ ਆਪਣੀ ਦੂਜੀ ਪਾਰੀ ਸ਼ੁਰੂ ਕਰਨ ਦੇ ਨਾਲ ਹੀ ਟਰੰਪ ਨੇ ਇਮੀਗ੍ਰੇਸ਼ਨ ਨੂੰ ਨਿਸ਼ਾਨਾ ਬਣਾਉਣ ਵੱਲ ਸਖਤ ਰੁਖ਼ ਅਪਣਾਇਆ। 20 ਜਨਵਰੀ 2021 ਤੋਂ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਦਾਖਲ ਹੋਏ ਜਾਂ ਅਣਅਧਿਕਾਰਤ ਤਰੀਕੇ ਨਾਲ ਅਮਰੀਕਾ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੀ ਜਾਂਚ ਦੇ ਨਿਰਦੇਸ਼ ਦੇਣ ਤੋਂ ਇਲਾਵਾ ਉਨ੍ਹਾਂ ਨੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਤਹਿਤ ਖ਼ਤਰਾ ਪੈਦਾ ਕਰਨ ਵਾਲਿਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਅਮਰੀਕਾ ਤੋਂ ਕੱਢਣ ਦਾ ਫੈਸਲਾ ਕੀਤਾ। ਉਨ੍ਹਾਂ ਪਰਵਾਸੀਆਂ ਦੁਆਰਾ ਪੈਦਾ ਹੋਣ ਵਾਲੇ ਜਨਤਕ ਸਿਹਤ ਜੋਖ਼ਿਮਾਂ ਦਾ ਹਵਾਲਾ ਦਿੰਦੇ ਹੋਏ ਅਮਰੀਕਾ-ਮੈਕਸਿਕੋ ਸਰਹੱਦ ’ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਅਤੇ ਇਸ ਸਰਹੱਦ ’ਤੇ 1500 ਫੌਜੀ ਤਾਇਨਾਤ ਕਰਨ ਦੇ ਆਦੇਸ਼ ਜਾਰੀ ਕੀਤੇ। ਜਨਵਰੀ ਤੇ ਫਰਵਰੀ ਵਿੱਚ ਟਰੰਪ ਨੇ ਸੈਂਕੜੇ ਅਣਅਧਿਕਾਰਤ ਪਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਭੇਜਣ ਦਾ ਆਦੇਸ਼ ਦਿੱਤਾ ਜਿਸ ਵਿਚ ਭਾਰਤੀ ਮੂਲ ਦੇ ਲੋਕ ਵੀ ਸ਼ਾਮਿਲ ਸਨ।

2 ਅਪਰੈਲ ਤੋਂ ਟਰੰਪ ਨੇ ਆਪਣੀ ਟੈਰਿਫ ਨੀਤੀ ਦਾ ਐਲਾਨ ਕੀਤਾ ਜਿਸ ਅਨੁਸਾਰ ਅਮਰੀਕਾ ’ਚ ਕੁੱਲ ਟੈਰਿਫ ਦਰਾਂ ਦੇ 27% ਤੱਕ ਵਧਣ ਦੀ ਗਣਨਾ ਕੀਤੀ ਗਈ। ਨੀਤੀ ਨੂੰ ਬਾਅਦ ਵਿੱਚ 9 ਅਪਰੈਲ ਨੂੰ ਸੋਧਿਆ ਅਤੇ ਚੀਨ ਤੋਂ ਬਰਾਮਦਾਂ ਨੂੰ ਛੱਡ ਕੇ ਜ਼ਿਆਦਾਤਰ ਬਰਾਮਦ ਉਤਪਾਦਾਂ ’ਤੇ 90 ਦਿਨ ਲਈ 10% ਦਾ ਫਲੈਟ ਟੈਰਿਫ ਲਗਾਇਆ ਗਿਆ। ਟਰੰਪ ਦੀ ਟੈਰਿਫ ਨੀਤੀ ਦੇ ਪ੍ਰਸੰਗ ਵਿੱਚ ਵਿਸ਼ਵ ਅਰਥਵਿਵਸਥਾਵਾਂ ਨੇ ਤਿੰਨ ਪ੍ਰਕਾਰ ਦੀ ਪ੍ਰਤੀਕਿਰਿਆ ਦਿੱਤੀ। ਪਹਿਲੀ ਪ੍ਰਤੀਕਿਰਿਆ ਚੀਨ, ਯੂਰੋਪੀਅਨ ਯੂਨੀਅਨ, ਮੈਕਸਿਕੋ ਤੇ ਕੈਨੇਡਾ ਨੇ ਦਿੱਤੀ ਜਿਸ ਵਿਚ ਉਨ੍ਹਾਂ ਅਮਰੀਕੀ ਸੁਰੱਖਿਆਵਾਦ ਦਾ ਮੁਕਾਬਲਾ ਕਰਨ ਲਈ ਜਵਾਬੀ ਟੈਰਿਫ ਲਗਾਏ। ਦੂਜੀ ਪ੍ਰਤੀਕਿਰਿਆ ਕੋਲੰਬੀਆ, ਵੀਅਤਨਾਮ, ਫਿਜੀ ਤੇ ਤਾਇਵਾਨ ਵਰਗੇ ਦੇਸ਼ਾਂ ਵੱਲੋਂ ਆਈ ਜਿਨ੍ਹਾਂ ਟੈਰਿਫ ਸਵੀਕਾਰ ਕਰ ਕੇ ਅਮਰੀਕਾ ਦੀਆਂ ਸ਼ਰਤਾਂ ਦੀ ਲਗਭਗ ਪੂਰੀ ਤਰ੍ਹਾਂ ਪਾਲਣਾ ਕੀਤੀ। ਤੀਜੀ ਪ੍ਰਤੀਕਿਰਿਆ ਭਾਰਤ, ਜਾਪਾਨ, ਯੂਕੇ ਤੇ ਦੱਖਣੀ ਅਫਰੀਕਾ ਵਰਗੇ ਦੇਸ਼ਾਂ ਵੱਲੋਂ ਆਈ ਜਿਨ੍ਹਾਂ ਅਮਰੀਕਾ ਨਾਲ ਕੂਟਨੀਤਕ ਸਬੰਧਾਂ ਨੂੰ ਕਾਇਮ ਰੱਖਦੇ ਹੋਏ ਟੈਰਿਫ ਦਾ ਪ੍ਰਭਾਵ ਘਟਾਉਣ ਲਈ ਗੱਲਬਾਤ, ਛੋਟਾਂ ਅਤੇ ਰਿਆਇਤਾਂ ਦੀ ਪੈਰਵੀ ਕੀਤੀ।

ਅਮਰੀਕਾ ਨੇ ਭਾਰਤ ਨੂੰ ਕਿਸੇ ਪ੍ਰਕਾਰ ਦੀ ਕੋਈ ਰਾਹਤ ਨਹੀਂ ਦਿੱਤੀ; ਭਾਰਤ ਤੋਂ ਅਮਰੀਕਾ ਨੂੰ ਹੋਣ ਵਾਲੇ ਬਰਾਮਦ ’ਤੇ 26% ਟੈਰਿਫ ਲਗਾਏ, ਭਾਵੇਂ ਭਾਰਤ ਨੇ 13 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਦੁਵੱਲੇ ਵਪਾਰ ਸਮਝੌਤੇ ’ਤੇ ਗੱਲਬਾਤ ਸ਼ੁਰੂ ਕੀਤੀ ਸੀ। ਟੈਰਿਫ ਲਾਗੂ ਹੋਣ ਤੋਂ ਪਹਿਲਾਂ (ਅਪਰੈਲ 2025) ਭਾਰਤ ਨੇ ਅਮਰੀਕੀ ਅਖਰੋਟ, ਬਦਾਮ, ਸੇਬ ਅਤੇ ਕਰੈਨਬੇਰੀ ’ਤੇ ਦਰਾਮਦ ਡਿਊਟੀ ਘਟਾਉਣ ’ਤੇ ਵਿਚਾਰ ਕੀਤਾ ਅਤੇ ਖੇਤੀਬਾੜੀ, ਉ-ਦਯੋਗਿਕ ਤੇ ਖਪਤਕਾਰ ਵਸਤੂਆਂ ਸਮੇਤ 23 ਬਿਲੀਅਨ ਡਾਲਰ ਦੇ 55% ਅਮਰੀਕੀ ਦਰਾਮਦ ’ਤੇ ਟੈਰਿਫ ਘਟਾਉਣ ਦਾ ਪ੍ਰਸਤਾਵ ਰੱਖਿਆ।

ਅਮਰੀਕੀ ਖੇਤੀਬਾੜੀ ਉਤਪਾਦ, ਪੋਲਟਰੀ ਅਤੇ ਪ੍ਰਾਸੈਸਡ ਭੋਜਨ ਵੀ ਵਿਚਾਰ ਅਧੀਨ ਸਨ। ਮਈ ਤੱਕ ਭਾਰਤ ਨੇ ਵਿਆਪਕ ਵਪਾਰ ਸਮਝੌਤੇ ਨੂੰ ਸੁਰੱਖਿਅਤ ਕਰਨ ਲਈ ਅਨੁਕੂਲ ਰੁਖ਼ ਅਪਣਾਇਆ ਪਰ ਟਰੰਪ ਭਾਰਤ ਵੱਲ ਨਰਮ ਨਹੀਂ ਹੋ ਰਹੇ। ਟਰੰਪ ਪ੍ਰਸ਼ਾਸਨ ਦਾ ਭਾਰਤ ਬਾਰੇ ਨਜ਼ਰੀਆ ਹੁਣ ਵੀ ਸਖਤ ਹੈ ਜਿਸ ਨੇ ਇਕ ਵਾਰ ਭਾਰਤ ਨੂੰ ਅਮਰੀਕੀ ਸਾਮਾਨਾਂ ’ਤੇ 17% ਔਸਤ ਟੈਰਿਫ ਲਗਾਉਣ ਕਾਰਨ ‘ਟੈਰਿਫ ਕਿੰਗ’ ਕਰਾਰ ਦਿੱਤਾ ਸੀ; ਉਦੋਂ ਅਮਰੀਕਾ ਭਾਰਤੀ ਬਰਾਮਦਾਂ ’ਤੇ 3.3% ਟੈਰਿਫ ਵਸੂਲਦਾ ਸੀ। ਹੁਣ ਸਫਲ ਸੌਦੇਬਾਜ਼ ਵਾਂਗ ਅਮਰੀਕਾ, ਬੀਮਾ ਖੇਤਰ ਵਿੱਚ 100% ਐੱਫਡੀਆਈ (ਵਿਦੇਸ਼ੀ ਨਿਵੇਸ਼) ਲਈ ਜ਼ੋਰ ਦੇ ਰਿਹਾ ਹੈ ਤਾਂ ਜੋ ਏਆਈਜੀ ਵਰਗੀਆਂ ਕੰਪਨੀਆਂ ਭਾਰਤ ਦੀ ਐੱਲਆਈਸੀ ਨਾਲ ਮੁਕਾਬਲਾ ਕਰ ਸਕਣ ਜੋ 74% ਐੱਫਡੀਆਈ ਸੀਮਾਵਾਂ ਕਾਰਨ ਹਾਵੀ ਹਨ। ਇਸੇ ਤਰ੍ਹਾਂ ਅਮਰੀਕਾ, ਪ੍ਰਚੂਨ ਵਿੱਚ 100% ਐੱਫਡੀਆਈ ਚਾਹੁੰਦਾ ਹੈ ਤਾਂ ਜੋ ਐਮਾਜ਼ਨ, ਕੋਸਟਕੋ ਅਤੇ ਵਾਲਮਾਰਟ ਨੂੰ ਭਾਰਤ ਦੇ ਬਾਜ਼ਾਰਾਂ ਵਿਚ ਪੂਰੀ ਪਹੁੰਚ ਮਿਲ ਸਕੇ।

ਜੇ ਭਾਰਤੀ ਬਾਜ਼ਾਰ ਵਿੱਚ ਬੀਮਾ ਕੰਪਨੀ ਏਆਈਜੀ ਜਾਂ ਪ੍ਰਚੂਨ ਖੇਤਰ ਦੇ ਵਾਲਮਾਰਟ ਅਤੇ ਐਮਾਜ਼ਨ ਦਾ 100% ਐੱਫਡੀਆਈ ਨਾਲ ਦਾਖਲਾ ਹੁੰਦਾ ਹੈ ਤਾਂ ਇਹ ਭਾਰਤ ਦੇ ਆਮ ਲੋਕਾਂ, ਨੌਜਵਾਨਾਂ, ਕਿਸਾਨਾਂ ਤੇ ਛੋਟੇ ਕਾਰੋਬਾਰੀਆਂ ਲਈ ਤਬਾਹੀ ਦਾ ਸਬੱਬ ਹੋਵੇਗਾ। ਇਹ ਕੰਪਨੀਆਂ ਥੋੜ੍ਹੇ ਸਮੇਂ ਵਿਚ ਹੀ ਏਕਾਧਿਕਾਰ ਕਾਇਮ ਕਰ ਕੇ ਕੀਮਤਾਂ ਵਧਾਉਣ ਦੀ ਸਮਰਥਾ ਰੱਖਦੀਆਂ ਹਨ। ਹੁਣ ਤੱਕ ਇਨ੍ਹਾਂ ਪ੍ਰਚੂਨ ਕੰਪਨੀਆਂ ਲਈ ਜ਼ਰੂਰੀ ਹੈ ਕਿ ਉਹ 30% ਸਮੱਗਰੀ ਸਥਾਨਕ ਸਰੋਤਾਂ, ਭਾਵ ਸੂਖਮ ਤੇ ਛੋਟੇ ਉੱਦਮਾਂ, ਵਪਾਰੀਆਂ ਅਤੇ ਕਿਸਾਨਾਂ ਤੋਂ ਪ੍ਰਾਪਤ ਕਰਨ। ਅਜਿਹੀਆਂ ਸ਼ਰਤਾਂ ’ਤੇ ਭਾਰਤ ਦਾ ਆਤਮ-ਸਮਰਪਣ ਕਿਸਾਨਾਂ, ਸੂਖਮ ਵਪਾਰੀਆਂ ਅਤੇ ਛੋਟੇ ਉੱਦਮਾਂ ਦਾ ਗੁਜ਼ਾਰਾ ਖ਼ਤਰੇ ਵਿੱਚ ਪਾ ਦੇਣਗੀਆਂ, ਕਿਉਂਕਿ ਇਹ ਵਿਦੇਸ਼ੀ ਸਟੋਰ ਆਉਣ ਵਾਲੇ ਸਮੇਂ ਦੌਰਾਨ ਅਮਰੀਕੀ ਕਿਸਾਨਾਂ ਦੀ ਉਪਜ ਨੂੰ ਵੀ ਭਾਰਤੀ ਬਾਜ਼ਾਰਾਂ ਵਿੱਚ ਲਿਆਉਣਾ ਸ਼ੁਰੂ ਕਰ ਸਕਦੇ ਹਨ। ਛੋਟੇ ਕਾਰੋਬਾਰੀ ਅਤੇ ਕਰਿਆਨਾ ਸਟੋਰ ਜੋ ਪਹਿਲਾਂ ਹੀ ਈ-ਕਾਮਰਸ ਦੇ ਖਤਰੇ ਦਾ ਸਾਹਮਣਾ ਕਰ ਰਹੇ ਹਨ, ਅਜਿਹੇ ਹਾਲਾਤ ਵਿਚ ਬੰਦ ਹੋ ਜਾਣਗੇ। ਬੀਮਾ ਏਜੰਟਾਂ ਨੂੰ ਵੀ ਕਮਿਸ਼ਨ ਗੁਆਉਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੀਮਾ ਵਿੱਚ ਸ਼ਹਿਰੀ ਕੇਂਦਰਤ ਅਮਰੀਕੀ ਨੀਤੀਆਂ ਪੇਂਡੂ ਕਵਰੇਜ ਨੂੰ ਸੀਮਤ ਕਰ, ਸਿਹਤ ਸੰਭਾਲ ਅਤੇ ਫਸਲ ਬੀਮਾ ਨੂੰ ਪ੍ਰਭਾਵਤ ਕਰ ਸਕਦੀਆਂ ਹਨ।

ਟਰੰਪ ਆਪਣੇ ਮਨਸੂਬੇ ਕਿਸੇ ਵੀ ਕੀਮਤ ’ਤੇ ਭਾਰਤ ਤੋਂ ਮਨਵਾ ਕੇ ਅਮਰੀਕਾ ’ਚ ਵਾਹ-ਵਾਹ ਲੁੱਟਣਾ ਚਾਹੁੰਦੇ ਹਨ। ਭਾਰਤ-ਪਾਕਿ ਵਿਵਾਦ ’ਚ ਵਿਚੋਲਗੀ ਕਰ ਕੇ ਜਾਂ ਭਾਰਤ ਤੋਂ ਟਿਮ ਕੁੱਕ ਦੇ ਐਪਲ ਦੀ ਵਾਪਸੀ ਦੀ ਧਮਕੀ ਦੇ ਕੇ ਉਹ ਸ਼ਕਤੀਸ਼ਾਲੀ ਦਿਸਣਾ ਚਾਹੁੰਦੇ ਹਨ ਤਾਂ ਜੋ ਭਾਰਤ ਨਾਲ ਦੁਵੱਲੇ ਵਪਾਰ ਸਮਝੌਤੇ ’ਚ ਬਿਹਤਰ ਸੌਦੇਬਾਜ਼ੀ ਕਰ ਸਕਣ। ਹੁਣ ਇਹ ਸਾਡੇ ‘ਵਿਸ਼ਵ ਗੁਰੂ’ ’ਤੇ ਨਿਰਭਰ ਹੈ ਕਿ ਇਹ ਭਾਰਤ ਤੇ ਭਾਰਤੀਆਂ ਦੇ ਹਿੱਤਾਂ ਦੀ ਕਿਵੇਂ ਰੱਖਿਆ ਕਰਦੇ ਹਨ।

# ਕੈਨੇਡਾ ਵੱਲੋਂ ਜੀ-7 ਸੰਮੇਲਨ ਦੀਆਂ ਤਿਆਰੀਆਂ

ਟੋਰਾਂਟੋ- ਕੈਨੇਡਾ ਇਸ ਮਹੀਨੇ ਆਪਣੀ ਧਰਤੀ ‘ਤੇ ਕਰਵਾਈ ਜਾਣ ਵਾਲੀ ਜੀ-7 ਦੇਸ਼ਾਂ ਦੇ ਸੰਮੇਲਨ ਲਈ ਕਾਫ਼ੀ ਉਤਸ਼ਾਹਿਤ ਨਜ਼ਰ ਆ ਰਿਹਾ ਹੈ। ਜੂਨ ਦੀ 15 ਤਰੀਕ ਤੋਂ 17 ਤਰੀਕ ਤਕ ਅਲਬਰਟਾ ਦੇ ਕਨਨਾਸਕਿਸ ਸ਼ਹਿਰ ‘ਚ ਹੋਣ ਵਾਲੇ ਇਸ ਸੰਮੇਲਨ 'ਚ ਭਾਗ ਲੈਣ ਲਈ ਜੀ-7 ਦੇਸ਼ਾਂ ਦੇ ਮੁਖੀਆਂ ਤੋਂ ਇਲਾਵਾ ਹੋਰ ਵੀ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨੂੰ ਸੱਦਾ ਪੱਤਰ ਭੇਜੇ ਜਾ ਰਹੇ ਹਨ। ਕੈਨੇਡਾ ਵੱਲੋਂ ਜੀ-ਦੇਸ਼ਾਂ ਜਿਨ੍ਹਾਂ ‘ਚ ਫਰਾਂਸ, ਬਰਤਾਨੀਆਂ, ਜਰਮਨੀ, ਇਟਲੀ, ਜਪਾਨ, ਅਮਰੀਕਾ ਤੋਂ ਇਲਾਵਾ ਕੈਨੇਡਾ ਖੁਦ ਸ਼ਾਮਲ ਹੈ, ਤੋਂ ਇਲਾਵਾ ਕੈਨੇਡਾ ਵੱਲੋਂ ਹੁਣ ਤੱਕ ਅਸਟਰੇਲੀਆ, ਦੱਖਣੀ ਅਫਰੀਕਾ, ਯੂਕਰੇਨ, ਮੈਕਸੀਕੋ ਤੋਂ ਹੋਰ ਵੀ ਵੱਖ ਵੱਖ-ਵੱਖ ਮੁਲਕਾਂ ਦੇ ਆਗੂਆਂ ਨੂੰ ਸੱਦਾ ਪੱਤਰ ਭੇਜੇ ਜਾ ਰਹੇ ਹਨ।



ਕੈਨੇਡਾ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਸੰਮੇਲਨ ‘ਚ ਭਾਗ ਲੈਣ ਦਾ ਸੱਦੇ ਦੀ ਖ਼ਬਰ ਹੈ। ਦੱਸਣਯੋਗ ਹੈ ਕਿ ਬੀਤੀ 25 ਮਈ ਨੂੰ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ ਸੀ ਕਿ ਉਹਨਾਂ ਦੀ ਭਾਰਤ ਦੇ ਹਮਰੁਤਬਾ ਐਸ ਜੈ ਸ਼ੰਕਰ ਨਾਲ ਵਧੀਆ ਮਾਹੌਲ ‘ਚ ਗੱਲਬਾਤ ਹੋਈ ਅਤੇ ਆਪਸੀ ਵਪਾਰ ‘ਚ ਸਹਿਯੋਗ ਕਰਨ ਲਈ ਦੋਵੇਂ ਅੱਗੇ ਗੱਲਬਾਤ ਜਾਰੀ ਰੱਖਣ ਦੇ ਚਾਹਵਾਨ ਹਨ ।

# ਸਾਈਕਲ ਚਲਾਓ, ਰੋਗ ਭਜਾਓ

ਬਲਦੇਵ ਸਿੰਘ ਬੇਦੀ

ਅੱਜ-ਕੱਲ੍ਹ ਭਾਵੇਂ ਆਵਾਜਾਈ ਦੇ ਅਨੇਕ ਸਾਧਨ ਉ-ਪਲਬਧ ਹਨ ਪਰ ਸਾਈਕਲ ਵਰਗਾ ਪੁਰਾਣਾ ਤੇ ਪ੍ਰਭਾਵਸ਼ਾਲੀ ਸਾਧਨ ਅਜੇ ਵੀ ਆਪਣੀ ਅਹਿਮੀਅਤ ਕਾਇਮ ਰੱਖ ਰਿਹਾ ਹੈ। ਇਹ ਨਾ ਸਿਰਫ਼ ਸਭ ਤੋਂ ਸਸਤਾ ਵਾਹਨ ਹੈ, ਸਗੋਂ ਵਾਤਾਵਰਨ-ਮਿੱਤਰ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਵੀ ਹੈ।



ਸਾਈਕਲ ਇਕ ਅਜਿਹਾ ਵਾਹਨ ਹੈ ਜੋ ਪ੍ਰਦੂਸ਼ਣ ਤੋਂ ਰਹਿਤ ਹੈ। ਇਸ ਦੀ ਵਰਤੋਂ ਨਾਲ ਨਾ ਸਿਰਫ਼ ਥੋੜ੍ਹਾ ਜਿਹਾ ਭਾਰ ਢੋਇਆ ਜਾ ਸਕਦਾ ਹੈ ਸਗੋਂ ਇਸ ਨਾਲ ਸਾਡੀ ਸਰੀਰਕ ਕਸਰਤ ਵੀ ਹੁੰਦੀ ਹੈ। ਅਜੋਕੇ ਦੌਰ ’ਚ ਮੋਟਰ-ਗੱਡੀਆਂ ਜਿੱਥੇ ਸਾਡੇ ਸਮੇਂ ਦੀ ਬੱਚਤ ਕਰ ਰਹੀਆਂ ਹਨ, ਉੱਥੇ ਹੀ ਇਨ੍ਹਾਂ ਨੇ ਸਾਡੀ ਸਰੀਰਕ ਸਰਗਰਮੀ ਨੂੰ ਵੀ ਘੱਟ ਕਰ ਦਿੱਤਾ ਹੈ। ਇਸ ਦਾ ਨਤੀਜਾ ਮੋਟਾਪਾ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਤੇ ਹੋਰ ਕਈ ਬਿਮਾਰੀਆਂ ਦੇ ਰੂਪ ਵਿਚ ਵੇਖਣ ਨੂੰ ਮਿਲ ਰਿਹਾ ਹੈ।

ਜੇ ਅਸੀਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਵੀ ਸਾਈਕਲ ਚਲਾਈਏ ਤਾਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਬਚਾਅ ਹੋ ਸਕਦਾ ਹੈ। ਅੱਜ-ਕੱਲ੍ਹ ਮਨੁੱਖ ਮੰਜ਼ਿਲ ਤੱਕ ਛੇਤੀ ਪੁੱਜਣ ਦੀ ਦੌੜ ’ਚ ਵਿਖਾਵੇ ਵਾਲੀ ਜ਼ਿੰਦਗੀ ਜਿਉਣ ਲੱਗ ਪਿਆ ਹੈ। ਵਿਅਰਥ ਦੀ ਸ਼ਾਨੋ-ਸ਼ੌਕਤ ਵਾਸਤੇ ਅਸੀਂ ਇਕੱਲੇ ਹੋਣ ਦੇ ਬਾਵਜੂਦ ਕਾਰਾਂ ਚਲਾ ਰਹੇ ਹਾਂ ਜਿਸ ਨਾਲ ਨਾ ਸਿਰਫ਼ ਆਰਥਿਕ ਬੋਝ ਵਧ ਰਿਹਾ ਹੈ ਸਗੋਂ ਪ੍ਰਦੂਸ਼ਣ ਤੇ ਟਰੈਫਿਕ ਜਾਮ ਵੀ ਵਧ ਰਹੇ ਹਨ।

ਜਦੋਂ ਸਾਨੂੰ ਡਾਕਟਰ ਸਲਾਹ ਦਿੰਦੇ ਹਨ ਕਿ ਸਵੇਰੇ ਸਾਈਕਲ ਚਲਾਇਆ ਕਰੋ ਤਾਂ ਅਸੀਂ ਜਿਮ ’ਚ ਜਾ ਕੇ ਬਣਾਉਟੀ ਸਾਈਕਲਾਂ ’ਤੇ ਪੈਸਾ ਖ਼ਰਚ ਕਰਦੇ ਹਾਂ। ਕੀ ਉਹੀ ਕਸਰਤ ਅਸੀਂ ਕੁਦਰਤੀ ਹਵਾ ਖਾਂਦੇ ਹੋਏ ਮੁਫ਼ਤ ’ਚ ਸੜਕਾਂ ’ਤੇ ਨਹੀਂ ਕਰ ਸਕਦੇ। ਅਸੀਂ ਅਕਸਰ ਬਜ਼ੁਰਗਾਂ ਨੂੰ ਵੇਖਦੇ ਹਾਂ ਜੋ ਅੱਜ ਵੀ ਅੱਸੀ-ਅੱਸੀ ਸਾਲ ਦੀ ਉਮਰ ਵਿਚ ਸਾਈਕਲ ਚਲਾ ਰਹੇ ਹਨ ਤੇ ਸਿਹਤਮੰਦ ਜੀਵਨ ਗੁਜ਼ਾਰ ਰਹੇ ਹਨ।

ਉਹ ਮੰਨਦੇ ਹਨ ਕਿ ਸਾਈਕਲ ਉਨ੍ਹਾਂ ਲਈ ਕੋਈ ਸਾਧਾਰਨ ਵਾਹਨ ਨਹੀਂ ਸਗੋਂ ਸੰਜੀਵਨੀ ਬੂਟੀ ਹੈ। ਜੇ ਗੱਲ ਪੁਰਾਣੇ ਸਮਿਆਂ ਦੀ ਕਰੀਏ ਤਾਂ ਸਾਈਕਲ ਕਿਸੇ ਸਮੇਂ ਆਵਾਜਾਈ ਦਾ ਮੁੱਖ ਸਾਧਨ ਹੁੰਦਾ ਸੀ। ਵਿਦਿਆਰਥੀ, ਕਿਸਾਨ, ਮਜ਼ਦੂਰ ਜਾਂ ਕਹਿ ਲਓ ਕਿ ਹਰ ਵਰਗ ਦਾ ਵਿਅਕਤੀ ਸਾਈਕਲ ਚਲਾਉਂਦਾ ਸੀ।

ਇਹ ਗ਼ਰੀਬ ਦਾ ਸਾਥੀ ਤੇ ਮੱਧ ਵਰਗ ਦੀ ਸ਼ਾਨ ਸੀ। ਉਨ੍ਹਾਂ ਸਮਿਆਂ ’ਚ ਜਦੋਂ ਵਿਆਹ-ਸ਼ਾਦੀਆਂ ਹੁੰ-ਦੀਆਂ ਸਨ ਤਾਂ ਜਵਾਈ ਨੂੰ ਤੋਹਫ਼ੇ ਵਜੋਂ ਸਾਈਕਲ ਦਿੱਤੀ ਜਾਂਦੀ ਸੀ ਤੇ ਉਹ ਵੀ ਟੌਹਰ ਨਾਲ ਆਪਣੇ ਸੁਹਰੇ-ਘਰ ਸਾਈਕਲ ’ਤੇ ਜਾਂਦਾ ਹੁੰਦਾ ਸੀ। ਸਾਈਕਲ ਦੇ ਵਧਦੇ ਮਹੱਤਵ ਨੂੰ ਵੇਖਦਿਆਂ ਹੀ ਹਰ ਸਾਲ 3 ਜੂਨ ਨੂੰ ਵਿਸ਼ਵ ਸਾਈਕਲ ਦਿਵਸ ਮਨਾਇਆ ਜਾਂਦਾ ਹੈ।

ਇਸ ਦਿਵਸ ਦਾ ਮਕਸਦ ਲੋਕਾਂ ਵਿਚ ਸਾਈਕਲ ਦੀ ਉਪਯੋਗਿਤਾ, ਸਿਹਤ ਤੇ ਵਾਤਾਵਰਨ ਨਾਲ ਇਸ ਦੇ ਸਬੰਧ ਅਤੇ ਆਰਥਿਕ ਲਾਭਾਂ ਬਾਰੇ ਜਾਗਰੂਕਤਾ ਫੈਲਾਉਣਾ ਹੈ। ਕਈ ਸਥਾਨਾਂ ’ਤੇ ਇਸ ਦਿਨ ਸਾਈਕਲ ਰੈਲੀਆਂ, ਰੇਸਾਂ ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਂਦੇ ਹਨ ਜੋ ਲੋਕਾਂ ਨੂੰ ਸਾਈਕਲਿੰਗ ਵੱਲ ਉਤਸ਼ਾਹਤ ਕਰਦੇ ਹਨ।

Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545

Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

ਤੁਸੀਂ ਆਪਣੇ ਬਿਜਨਸ ਦਾ ਪ੍ਰਚਾਰ ਕਰਨ ਲਈ ਸਾਨੂੰ ਇਸ਼ਤਿਹਾਰ ਭੇਜ ਸਕਦੇ ਹੋ।

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
ਸਾਲ 1912 ਵਿੱਚ ਮਰਾਠੀ ਸੰਤ ਪੁੰਡਲੀਕ ਦੇ ਜੀਵਨ ਤੋਂ ਪ੍ਰੇਰਿਤ ਹੋ ਕੇ ਬਣੀ ਫਿਲਮ 'ਪੁੰਡਲੀਕ' ਨਾਲ ਬਣੇ ਬਾਲੀਵੁੱਡ ਵਿੱਚ ਪੜ੍ਹੇ-ਲਿਖੇ ਫ਼ਨਕਾਰਾਂ ਦੀ ਕਦੀ ਕੋਈ ਕਮੀ ਨਹੀਂ ਰਹੀ। ਇੱਥੇ ਬੀਤੇ ਸੌ ਤੋਂ ਵੀ ਵੱਧ ਸਾਲਾਂ ਵਿੱਚ ਅਨੇਕ ਅਜਿਹੇ ਫ਼ਨਕਾਰ ਆਏ ਜੋ ਚੰਗੇ ਪੜ੍ਹੇ-ਲਿਖੇ, ਹੁਨਰਮੰਦ, ਮਿਹਨਤੀ ਅਤੇ ਸਿਰੜੀ ਸਨ ਤੇ ਆਪਣੀ ਕਲਾ ਦੇ ਬਲਬੂਤੇ ਉਨ੍ਹਾਂ ਨੇ ਬੌਲੀਵੁੱਡ ਵਿੱਚ ਉਚੇਰੇ ਮੁਕਾਮ ਹਾਸਿਲ ਕੀਤੇ, ਪਰ ਇੱਕ ਕੌੜਾ ਸੱਚ ਇਹ ਵੀ ਰਿਹਾ ਹੈ ਕਿ ਉਨ੍ਹਾਂ ਸਿਤਾਰਿਆਂ ਦੀ 'ਕਿਸਮਤ' ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਤਾਂ ਹੀ ਉਹ ਖ਼ੁਦ ਇਹ ਕਹਿੰਦੇ ਸਨ ਕਿ ਜੇ ਉਨ੍ਹਾਂ ਨੂੰ ਕਿਸਮਤ ਦਾ ਸਾਥ ਨਾ ਮਿਲਦਾ ਤਾਂ ਉਹ ਕਾਮਯਾਬੀ ਦਾ ਸਿਖਰ ਹਾਸਿਲ ਨਾ ਕਰ ਸਕਦੇ।

ਦਰਅਸਲ, ਬਾਲੀਵੁੱਡ ਵਿੱਚ 'ਕਿਸਮਤ' ਦਾ ਸੰਕਲਪ ਬੜਾ ਮੰਨਿਆ ਜਾਂਦਾ ਹੈ ਕਿਉਂਕਿ ਇੱਥੇ ਕਈ ਅਜਿਹੇ ਸਿਤਾਰੇ ਵੀ ਆਏ ਜੋ ਕਲਾ ਦੇ ਧਨੀ ਸਨ, ਪਰ ਬਦਕਿਸਮਤੀ ਨਾਲ ਉਨ੍ਹਾਂ ਨੂੰ ਸਹੀ ਸਮੇਂ 'ਤੇ ਸਹੀ ਮੌਕੇ ਨਹੀਂ ਮਿਲ ਸਕੇ ਜਿਸ ਕਰਕੇ ਉਹ ਬੁਲੰਦੀਆਂ ਤੱਕ ਨਾ ਪੁੱਜ ਸਕੇ। ਇਸ ਦੇ ਉਲਟ ਕੁੱਝ ਅਜਿਹੇ ਕਲਾਕਾਰ ਵੀ ਬਾਲੀਵੁੱਡ ਦਾ ਹਿੱਸਾ ਬਣੇ ਜਿਨ੍ਹਾਂ ਵਿੱਚ ਕਲਾਕਾਰੀ ਦਾ ਮਾਦਾ ਦੂਜਿਆਂ ਦੇ ਮੁਕਾਬਲੇ ਕਿਤੇ ਘੱਟ ਸੀ, ਪਰ ਕਿਸਮਤ ਉਨ੍ਹਾਂ ਨੂੰ ਵੱਡੇ-ਵੱਡੇ ਮੌਕੇ ਪ੍ਰਦਾਨ ਕਰਦੀ ਗਈ ਤੇ ਉਹ ਸਫਲਤਾ ਦਾ ਸਫ਼ਰ ਤੈਅ ਕਰਦੇ ਗਏ। 'ਕਿਸਮਤ' ਦੇ ਗੇੜ ਸਦਕਾ ਬਾਲੀਵੁੱਡ ਅੰਦਰ ਆਪਣਾ ਕਰੀਅਰ ਸ਼ੁਰੂ ਕਰਕੇ ਤੇ ਫਿਰ ਸਖ਼ਤ ਮਿਹਨਤ ਅਤੇ ਸਿਰੜ ਸਦਕਾ ਚੋਖਾ ਨਾਮ ਕਮਾਉਣ ਵਾਲੇ ਕੁੱਝ ਫ਼ਨਕਾਰਾਂ ਬਾਰੇ ਇੱਥੇ ਗੱਲ ਕਰਦੇ ਹਾਂ।





**ਕੇ. ਐਲ. ਸਹਿਗਲ:** 1904 ਵਿੱਚ ਜੰਮੂ ਵਿਖੇ ਪੈਦਾ ਹੋਏ ਕੁੰਦਨ ਲਾਲ ਸਹਿਗਲ ਦੇ ਪਿਤਾ ਅਮਰ ਚੰਦ ਸਹਿਗਲ ਤਹਿਸੀਲਦਾਰ ਸਨ ਤੇ ਸਖ਼ਤ ਸੁਭਾਅ ਦੇ ਮਾਲਕ ਸਨ। ਘਰ ਵਿੱਚ ਆਇਦ ਵੱਖ-ਵੱਖ ਪਾਬੰਦੀਆਂ ਦੇ ਚੱਲਦਿਆਂ ਕੁੰਦਨ ਲਾਲ ਨੇ ਘਰੋਂ ਭੱਜਣ ਦਾ ਫ਼ੈਸਲਾ ਲੈ ਲਿਆ ਤੇ ਘਰੋਂ ਭੱਜਣ ਉਪਰੰਤ ਉਸ ਨੇ ਕਦੇ ਮੁਰਾਦਾਬਾਦ ਰੇਲਵੇ ਸਟੇਸ਼ਨ 'ਤੇ ਘੜੀ ਨੂੰ ਚਾਬੀ ਦੇਣ ਦੀ ਛੋਟੀ ਜਿਹੀ ਨੌਕਰੀ ਕੀਤੀ ਤੇ ਕਦੇ ਉਹ 'ਰਮਿੰਗਟਨ ਕੰਪਨੀ' ਦੇ ਟਾਈਪਰਾਈਟਰ ਵੇਚਣ ਵਾਲੇ ਸੇਲਜ਼ਮੈਨ ਵਜੋਂ ਦਰ-ਬ-ਦਰ ਫਿਰਿਆ। ਕਿਸਮਤ ਦਾ ਗੇੜ ਵੇਖੋ ਕਿ ਇੱਕ ਸ਼ਾਦੀ ਸਮਾਗਮ ਵਿੱਚ ਆਪਣੇ ਇੱਕ ਮਿੱਤਰ ਦੇ ਕਹਿਣ 'ਤੇ ਉਸ ਨੇ ਮਾਈਕ 'ਚ ਇੱਕ ਗੀਤ ਪੇਸ਼ ਕਰ ਦਿੱਤਾ ਤੇ ਉਸ ਸਮਾਗਮ ਵਿੱਚ ਮਹਿਮਾਨ ਵਜੋਂ ਹਾਜ਼ਰ ਫਿਲਮਸਾਜ਼ ਬੀ.ਐਨ. ਸਰਕਾਰ ਉਸ ਦਾ ਗੀਤ ਸੁਣ ਕੇ ਬੇਹੱਦ ਪ੍ਰਭਾਵਿਤ ਹੋਇਆ ਤੇ ਉਸ ਨੇ ਆਪਣੀ ਫਿਲਮ ਕੰਪਨੀ 'ਨਿਊ ਥੀਏਟਰਜ਼' ਵਿਖੇ ਕੁੰਦਨ ਲਾਲ ਨੂੰ ਬੁਲਾ ਕੇ ਸੰਗੀਤਕਾਰ ਆਰ। ਸੀ। ਬੋਰਾਲ ਦੇ ਹਵਾਲੇ ਕਰ ਦਿੱਤਾ। ਉਸ ਵਕਤ ਦੇ ਨਾਮਵਰ ਗਾਇਕਾਂ ਪਹਾੜੀ ਸਾਨਿਆਲ ਅਤੇ ਕੇ. ਸੀ. ਡੇਅ ਦੀ ਹਾਜ਼ਰੀ ਵਿੱਚ ਜਦੋਂ ਕੁੰਦਨ ਲਾਲ ਸਹਿਗਲ ਨੇ ਅਲਾਪ ਲੈ ਕੇ ਗੀਤ ਗਾਇਆ ਤਾਂ ਸਭ ਹੈਰਾਨ ਰਹਿ ਗਏ ਤੇ ਉਨ੍ਹਾਂ ਨੇ ਤੁਰੰਤ ਉਸ ਨੂੰ ਗਲ ਨਾਲ ਲਾ ਕੇ ਖ਼ੂਬ ਪ੍ਰਸ਼ੰਸਾ ਕੀਤੀ। 1932 ਵਿੱਚ ਬਣੀ ਫਿਲਮ 'ਮੁਹੱਬਤ ਕੇ ਆਂਸੂ' ਕੁੰਦਨ ਲਾਲ ਸਹਿਗਲ ਦੀ ਬਤੌਰ ਅਦਾਕਾਰ ਪਹਿਲੀ ਫਿਲਮ ਰਹੀ ਜਦੋਂ ਕਿ ਬਤੌਰ ਗਾਇਕ ਆਈ ਉਸ ਦੀ ਫਿਲਮ 'ਪੂਰਨ ਭਗਤ' ਵੀ ਸੁਪਰਹਿੱਟ ਰਹੀ। ਇਸ ਤਰ੍ਹਾਂ ਬਾਪ ਦੇ ਡਰ ਕਰਕੇ ਘਰੋਂ ਭੱਜੇ ਕੁੰਦਨ ਲਾਲ ਸਹਿਗਲ ਨੂੰ ਕਿਸਮਤ ਨੇ ਬੌਲੀਵੁੱਡ ਵਿੱਚ ਲੈ ਆਂਦਾ ਤੇ ਕੇ. ਐਲ. ਸਹਿਗਲ ਦੇ ਨਾਂ ਨਾਲ ਅਮਰ ਗਾਇਕ ਤੇ ਅਦਾਕਾਰ ਬਣਾ ਦਿੱਤਾ। ਕਿੰਨੀ ਦਿਲਚਸਪ ਗੱਲ ਹੈ ਕਿ ਬਾਪ ਤੋਂ ਡਰਦਿਆਂ ਸਹਿਗਲ ਸਾਹਿਬ ਨੇ ਆਪਣੀਆਂ ਕਿੰਨੀਆਂ ਹੀ ਫਿਲਮਾਂ 'ਸਹਿਗਲ ਕਸ਼ਮੀਰੀ' ਦੇ ਨਾਂ ਹੇਠ ਕੀਤੀਆਂ ਸਨ।



**ਮਹਿਬੂਬ ਖ਼ਾਨ:** 1909 ਵਿੱਚ ਉੱਤਰ ਪ੍ਰਦੇਸ਼ ਦੇ ਪਿੰਡ ਬਿਲਮੌਰਾ ਵਿਖੇ ਜਨਮੇ ਫਿਲਮਸਾਜ਼ ਮਹਿਬੂਬ ਖ਼ਾਨ ਦਾ ਨਾਮ ਫਿਲਮ 'ਮਦਰ ਇੰਡੀਆ' ਕਰਕੇ ਸਦਾ ਅਮਰ ਰਹੇਗਾ। ਕੇ. ਐਲ. ਸਹਿਗਲ ਵਾਂਗ ਹੀ ਘਰੋਂ ਭੱਜ ਕੇ ਮੁੰਬਈ ਪੁੱਜੇ ਮਹਿਬੂਬ ਖ਼ਾਨ ਨੇ 1927 ਵਿੱਚ ਇੰਪੀਰੀਅਲ ਫਿਲਮ ਕੰਪਨੀ ਵਿੱਚ ਬਤੌਰ 'ਐਕਸਟਰਾ ਕਲਾਕਾਰ' ਕੇਵਲ 30 ਰੁਪਏ ਮਹੀਨਾ ਦੀ ਤਨਖ਼ਾਹ 'ਤੇ ਆਪਣਾ ਕਰੀਅਰ ਸ਼ੁਰੂ ਕੀਤਾ ਸੀ। ਫਿਰ 'ਸਾਗਰ ਮੂਵੀਟੋਨ' ਨਾਮਕ ਫਿਲਮ ਕੰਪਨੀ ਵਿੱਚ ਨੌਕਰੀ ਦੌਰਾਨ ਉਸ ਦੇ ਮਨ 'ਚ ਪਟਕਥਾ ਲਿਖਣ ਦਾ ਵਿਚਾਰ ਆਇਆ ਤੇ ਆਪਣੇ ਵਿਚਾਰ ਨੂੰ ਸਾਕਾਰ ਰੂਪ ਦੇ ਕੇ ਉਸ ਨੇ ਕੰਪਨੀ ਦੇ ਮਾਲਕ ਚਮਨ ਦੇਸਾਈ ਨੂੰ ਪਟਕਥਾ ਸੁਣਾਈ ਜੋ ਉਸ ਨੂੰ ਬਹੁਤ ਪਸੰਦ ਆਈ ਤੇ ਉਸ ਨੇ ਉਸ ਪਟਕਥਾ 'ਤੇ ਫਿਲਮ ਨਿਰਦੇਸ਼ਿਤ ਕਰਨ ਦਾ ਜ਼ਿੰਮਾ ਵੀ ਮਹਿਬੂਬ ਖ਼ਾਨ ਨੂੰ ਹੀ ਸੌਂਪ ਦਿੱਤਾ। 1935 ਵਿੱਚ 'ਜਜਮੈਂਟ ਆਫ ਗੌਡ' ਦੇ ਨਾਂ ਹੇਠ ਰਿਲੀਜ਼ ਹੋਈ ਇਹ ਫਿਲਮ ਸਫਲ ਰਹੀ ਤੇ ਉਪਰੰਤ ਮਹਿਬੂਬ ਖ਼ਾਨ ਨੇ 'ਔਰਤ', 'ਜਾਗੀਰਦਾਰ', 'ਮਨਮੋਹਨ', 'ਵਤਨ', 'ਏਕ ਹੀ ਰਾਸਤਾ', 'ਰੋਟੀ', 'ਨਿਰਦੋਸ਼', 'ਨਈ ਰੌਸ਼ਨੀ', 'ਆਨ', 'ਬਹਿਨ', 'ਮਦਰ ਇੰਡੀਆ' ਅਤੇ 'ਸਨ ਆਫ ਇੰਡੀਆ' ਜਿਹੀਆਂ ਸ਼ਾਹਕਾਰ ਫਿਲਮਾਂ ਨਾਲ ਬਾਲੀਵੁੱਡ ਦੀ ਝੋਲੀ ਭਰ ਦਿੱਤੀ। ਕਿਸਮਤ ਦਾ ਗੇੜ ਵੇਖੋ ਘਰੋਂ ਭੱਜ ਕੇ ਮੁੰਬਈ 'ਚ ਅਦਾਕਾਰ ਬਣਨ ਆਇਆ ਮਹਿਬੂਬ ਖ਼ਾਨ ਬੌਲੀਵੁੱਡ ਦਾ ਮਹਿਬੂਬ ਫਿਲਮ ਨਿਰਦੇਸ਼ਕ ਹੋ ਨਿੱਬੜਿਆ।

**ਨਿਰੂਪਾ ਰਾਏ:** ਬਾਲੀਵੁੱਡ ਵਿੱਚ ਅਮਿਤਾਭ ਬੱਚਨ ਦੀ ਮਾਂ ਵਜੋਂ ਸਭ ਤੋਂ ਵੱਧ ਭੂਮਿਕਾਵਾਂ ਅਦਾ ਕਰਨ ਵਾਲੀ ਅਦਾਕਾਰਾ ਨਿਰੂਪਾ ਰਾਏ ਦਾ ਅਸਲ ਨਾਂ ਕਾਂਤਾ ਸੀ ਤੇ 1933 ਵਿੱਚ ਜਨਮੀ ਕਾਂਤਾ ਦਾ ਵਿਆਹ ਕੇਵਲ 14 ਸਾਲ ਦੀ ਉਮਰ ਵਿੱਚ ਕਿਸ਼ੋਰ ਚੰਦ ਉਰਫ਼ ਕਮਲ ਰਾਏ ਨਾਲ ਹੋ ਗਿਆ ਸੀ। ਕਮਲ ਰਾਏ ਫਿਲਮਾਂ ਵਿੱਚ ਬਤੌਰ ਹੀਰੋ ਕੰਮ ਕਰਨ ਦੀ ਚਾਹਤ ਰੱਖਦਾ ਸੀ। ਇਸ ਸਿਲਸਿਲੇ ਵਿੱਚ ਇੱਕ ਦਿਨ ਉਹ ਗੁਜਰਾਤੀ ਫਿਲਮ ਨਿਰਦੇਸ਼ਕ ਬੀ. ਐਮ. ਵਿਆਸ ਨੂੰ ਮਿਲਿਆ ਜਿਸ ਨੇ ਉਸ ਨੂੰ ਬਤੌਰ ਹੀਰੋ ਲੈਣ ਤੋਂ ਸਾਫ਼ ਮਨ੍ਹਾ ਕਰ ਦਿੱਤਾ, ਪਰ ਕਮਲ ਰਾਏ ਦੇ ਨਾਲ ਆਈ ਉਸ ਦੀ ਧਰਮ ਪਤਨੀ ਨਿਰੂਪਾ ਰਾਏ ਨੂੰ ਬਤੌਰ ਹੀਰੋਇਨ ਲੈਣ ਦੀ ਪੇਸ਼ਕਸ਼ ਜ਼ਰੂਰ ਕਰ ਦਿੱਤੀ।

ਕਿਸਮਤ ਨੇ ਕਮਲ ਦੀ ਥਾਂ ਨਿਰੂਪਾ ਰਾਏ ਨੂੰ ਸਿਲਵਰ ਸਕਰੀਨ ਦਾ ਹਿੱਸਾ ਬਣਨ ਦਾ ਮੌਕਾ ਦੇ ਦਿੱਤਾ ਤੇ ਨਿਰੂਪਾ ਰਾਏ ਨੇ 150 ਰੁਪਏ ਪ੍ਰਤੀ ਮਹੀਨਾ ਦੀ ਤਨਖ਼ਾਹ 'ਤੇ ਫਿਲਮ 'ਰਣਕ ਦੇਵੀ' ਸਾਈਨ ਕਰ ਲਈ ਜੋ ਕਾਮਯਾਬ ਰਹੀ। 'ਹਰ ਹਰ ਮਹਾਂਦੇਵ' ਅਤੇ 'ਦੋ ਬੀਘਾ ਜ਼ਮੀਨ' ਜਿਹੀਆਂ ਫਿਲਮਾਂ ਨਾਲ ਕੌਮਾਂਤਰੀ ਨਾਮਣਾ ਖੱਟਣ ਵਾਲੀ ਨਿਰੂਪਾ ਰਾਏ ਨੇ ਕੁੱਲ ਤਿੰਨ ਸੌ ਕੇ ਕਰੀਬ ਫਿਲਮਾਂ ਵਿੱਚ ਕੰਮ ਕੀਤਾ ਸੀ ਜਦੋਂ ਕਿ ਉਸ ਨੇ ਕਦੇ ਸੁਫ਼ਨੇ 'ਚ ਵੀ ਨਹੀਂ ਸੋਚਿਆ ਸੀ ਕਿ ਉਹ ਇੱਕ ਅਦਾਕਾਰਾ ਬਣੇਗੀ।

**ਹਸਰਤ ਜੈਪੁਰੀ:** ਮੁੰਬਈ ਵਿਖੇ ਬਤੌਰ ਬੱਸ ਕੰਡਕਟਰ ਕੰਮ ਕਰਨ ਵਾਲਾ ਨਾਮਵਰ ਗੀਤਕਾਰ ਹਸਰਤ ਜੈਪੁਰੀ ਵੀ ਘਰੋਂ ਭੱਜ ਕੇ ਹੀ ਇੱਥੇ ਆਇਆ ਸੀ। ਸ਼ਾਇਰੀ ਕਹਿਣ ਦਾ ਸ਼ੌਕ ਰੱਖਣ ਵਾਲੇ ਹਸਰਤ ਨੇ ਇੱਕ ਮੁਸ਼ਾਇਰੇ ਵਿੱਚ ਆਪਣੀ ਇੱਕ ਨਜ਼ਮ ਇਸ ਕਦਰ ਦਿਲਕਸ਼ ਅੰਦਾਜ਼ 'ਚ ਪੜ੍ਹੀ ਕਿ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਖ਼ੁਸ਼ਕਿਸਮਤੀ ਨਾਲ ਉਸ ਮੁਸ਼ਾਇਰੇ ਵਿੱਚ ਪ੍ਰਿਥਵੀ ਰਾਜ ਕਪੂਰ ਵੀ ਤਸ਼ਰੀਫ਼ ਫਰਮਾ ਰਹੇ ਸਨ। ਉਨ੍ਹਾਂ ਨੇ ਹਸਰਤ ਨੂੰ ਤੁਰੰਤ ਰਾਜ ਕਪੂਰ ਨੂੰ ਮਿਲਣ ਦੀ ਸਲਾਹ ਦੇ ਦਿੱਤੀ ਜੋ ਉਸ ਵੇਲੇ ਫਿਲਮ 'ਬਰਸਾਤ' ਬਣਾ ਰਿਹਾ ਸੀ। ਰਾਜ ਨੇ ਹਸਰਤ ਨੂੰ ਗੀਤ ਲਿਖਣ ਦਾ ਮੌਕਾ ਦਿੱਤਾ ਤੇ ਆਪਣੇ ਗੀਤਾਂ ਕਰਕੇ ਫਿਲਮ ਸੁਪਰਹਿੱਟ ਰਹੀ। ਇਸ ਤੋਂ ਬਾਅਦ ਹਸਰਤ ਜੈਪੁਰੀ ਨੇ ਚਾਰ ਹਜ਼ਾਰ ਦੇ ਕਰੀਬ ਗੀਤ ਰਚੇ ਜਿਨ੍ਹਾਂ ਵਿੱਚ 'ਤੇਰੀ ਪਿਆਰੀ ਪਿਆਰੀ ਸੂਰਤ ਕੋ ਕਿਸੀ ਕੀ ਨਜ਼ਰ ਨਾ ਲਗੇ', 'ਜਾਨੇ ਕਹਾਂ ਗਏ ਵੋ ਦਿਨ', ''ਬਹਾਰੋ ਫ਼ੂਲ ਬਰਸਾ ਮੇਰਾ ਮਹਿਬੂਬ ਆਇਆ ਹੈ', 'ਜ਼ਿੰਦਗੀ ਇੱਕ ਸਫ਼ਰ ਹੈ ਸੁਹਾਨਾ' ਅਤੇ 'ਯੇਹ ਮੇਰਾ ਪ੍ਰੇਮ ਪੱਤਰ ਪੜ੍ਹ ਕਰ ਕਿ ਤੁਮ ਨਾਰਾਜ਼ ਨਾ ਹੋਨਾ' ਆਦਿ ਜਿਹੇ ਕਈ ਸਦਾਬਹਾਰ ਗੀਤ ਸ਼ਾਮਿਲ ਹਨ।



**ਮਧੂਬਾਲਾ:** ਖ਼ੂਬਸੂਰਤ ਅਦਾਕਾਰਾ ਮੁਮਤਾਜ਼ ਜਹਾਂ ਬੇਗਮ ਉਰਫ਼ ਮਧੂਬਾਲਾ ਦੇ ਪਿਤਾ ਅਤਾਉੱਲਾ ਖ਼ਾਂ ਕਿਸੇ ਕੰਪਨੀ 'ਚ ਮੁਲਾਜ਼ਮ ਸਨ। ਉਨ੍ਹਾਂ ਦੀ ਚੰਗੀ ਤਨਖ਼ਾਹ ਕਰਕੇ ਉਨ੍ਹਾਂ ਦਾ ਪਰਿਵਾਰ ਬੜਾ ਖ਼ੁਸ਼ਹਾਲ ਜੀਵਨ ਜੀਅ ਰਿਹਾ ਸੀ ਕਿ ਇੱਕ ਦਿਨ ਅਚਾਨਕ ਵੱਡਾ ਘਾਟਾ ਪੈਣ ਕਰਕੇ ਕੰਪਨੀ ਬੰਦ ਹੋ ਗਈ ਤੇ ਮਧੂਬਾਲਾ ਦਾ ਪਰਿਵਾਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਗਿਆ। ਪਿਤਾ ਨੇ ਆਪਣੀ ਸੱਤ ਕੁ ਸਾਲ ਦੀ ਧੀ ਮੁਮਤਾਜ਼ ਨੂੰ ਬੌਲੀਵੁੱਡ ਦੇ ਦਰਵਾਜ਼ੇ 'ਤੇ ਜਾ ਖੜ੍ਹਾ ਕੀਤਾ ਤੇ ਬਤੌਰ ਗਾਇਕਾ ਅਤੇ ਬਾਲ ਅਦਾਕਾਰਾ ਮੁਮਤਾਜ਼ ਉਰਫ਼ ਮਧੂਬਾਲਾ ਨੂੰ ਫਿਲਮ 'ਬਸੰਤ' ਵਿੱਚ ਕੰਮ ਕਰਨ ਦਾ ਮੌਕਾ ਮਿਲ ਗਿਆ। ਇਸ ਉਪਰੰਤ ਤਾਂ ਫਿਰ ਚੱਲ ਸੋ ਚੱਲ। 'ਦੁਲਾਰੀ', 'ਪਾਰਸ', 'ਇਮਤਿਹਾਨ', 'ਮਹਿਲ', 'ਝੁਮਰੂ', 'ਪਾਸਪੋਰਟ', 'ਹਾਫ਼ ਟਿਕਟ', 'ਚਲਤੀ ਕਾ ਨਾਮ ਗਾੜੀ' ਅਤੇ ਹਿੰਦੀ ਸਿਨੇਮਾ ਦੀ ਨਾਯਾਬ ਫਿਲਮ 'ਮੁਗ਼ਲ-ਏ-ਆਜ਼ਮ' ਆਦਿ ਫਿਲਮਾਂ ਵਿੱਚ ਆਪਣੀ ਲਾਮਿਸਾਲ ਅਦਾਕਾਰੀ ਦੇ ਜਲਵੇ ਵਿਖਾਉਣ ਵਾਲੀ ਮਧੂਬਾਲਾ ਦਾ 1969 ਵਿੱਚ ਛੋਟੀ ਉਮਰੇ ਹੀ ਦੇਹਾਂਤ ਹੋ ਗਿਆ ਸੀ। ਪਿਤਾ ਦੀ ਬਦਕਿਸਮਤੀ ਨੇ ਧੀ ਦੀ ਖ਼ੁਸ਼ਕਿਸਮਤੀ ਦੇ ਬੂਹੇ ਖੋਲ੍ਹ ਦਿੱਤੇ ਸਨ।

**ਓ.ਪੀ. ਨਈਅਰ:** ਅੰਮ੍ਰਿਤਸਰ ਵਿਖੇ ਬਤੌਰ ਸੰਗੀਤ ਅਧਿਆਪਕ ਕੰਮ ਕਰਨ ਵਾਲੇ । ਪੀ. ਨਈਅਰ ਦਾ ਜਨਮ 1926 ਵਿੱਚ ਲਾਹੌਰ ਵਿਖੇ ਹੋਇਆ ਸੀ। ਫਿਲਮ 'ਕਨੀਜ਼' ਲਈ ਪਿੱਠਵਰਤੀ ਸੰਗੀਤ ਦੇ ਕੇ ਆਪਣਾ ਕਰੀਅਰ ਸ਼ੁਰੂ ਕਰਨ ਵਾਲਾ ਨਈਅਰ ਕਾਫ਼ੀ ਸਮਾਂ ਅਸਫਲ ਰਹਿਣ ਮਗਰੋਂ ਥੱਕ ਹਾਰ ਕੇ ਅੰਮ੍ਰਿਤਸਰ ਪਰਤ ਆਇਆ ਸੀ. ਡੀ. ਐਸ. ਪੰਚੋਲੀ ਦੀ ਫਿਲਮ 'ਆਸਮਾਨ' ਨੇ ਉਸ ਨੂੰ ਮਾੜੀ ਮੋਟੀ ਪਹਿਚਾਣ ਜ਼ਰੂਰ ਦਿੱਤੀ, ਪਰ ਕੰਮ ਨਾ ਦਿੱਤਾ। ਉਸ ਵੱਲੋਂ ਉੱਘੇ ਫਿਲਮਸਾਜ਼ ਗੁਰੂਦੱਤ ਦੀ ਫਿਲਮ 'ਬਾਜ਼' ਲਈ ਦਿੱਤਾ ਸੰਗੀਤ ਵੀ ਫਿਲਮ ਦੇ ਫਲਾਪ ਰਹਿਣ ਕਰਕੇ ਬੇਕਾਰ ਚਲਾ ਗਿਆ। ਅਖ਼ੀਰ ਉਸ ਨੇ ਪੱਕੇ ਤੌਰ 'ਤੇ ਮੁੰਬਈ ਛੱਡਣ ਦਾ ਫ਼ੈਸਲਾ ਕਰ ਲਿਆ ਤੇ ਫਿਲਮ 'ਬਾਜ਼' ਲਈ ਆਪਣਾ ਮਿਹਨਤਾਨਾ ਲੈਣ ਵਾਸਤੇ ਗੁਰੂਦੱਤ ਦੇ ਕੋਲ ਗਿਆ। ਗੁਰੂਦੱਤ ਨੇ ਆਰਥਿਕ ਤੰਗੀ ਦਾ ਹਵਾਲਾ ਦਿੰਦਿਆਂ ਪੈਸੇ ਦੇਣ ਤੋਂ ਅਸਮਰੱਥਾ ਜ਼ਾਹਿਰ ਕੀਤੀ ਤੇ ਕਿਹਾ ਕਿ ਜੇਕਰ ਉਸ ਦੀ ਅਗਲੀ ਫਿਲਮ 'ਆਰਪਾਰ' ਲਈ ਨਈਅਰ ਸੰਗੀਤ ਦੇ ਦੇਵੇ ਤਾਂ ਉਸ ਦਾ ਪੂਰਾ ਹਿਸਾਬ ਜਲਦੀ ਹੀ ਕਰ ਦੇਣਗੇ। ਮਨੋਂ ਨਾ ਚਾਹੁੰਦਿਆਂ ਹੋਇਆਂ ਵੀ ਨਈਅਰ ਨੇ ਉਕਤ ਪੇਸ਼ਕਸ਼ ਪ੍ਰਵਾਨ ਕਰ ਲਈ ਤੇ ਫਿਲਮ ਲਈ ਸੰਗੀਤ ਰਚਨਾ ਕਰ ਦਿੱਤੀ। 'ਕਭੀ ਆਰ ਕਭੀ ਪਾਰ ਲਾਗਾ ਤੀਰੇ ਨਜ਼ਰ' ਸਣੇ ਇਸ ਫਿਲਮ ਦੇ ਸਾਰੇ ਗੀਤ ਸੁਪਰਹਿੱਟ ਰਹੇ ਤੇ ਫਿਲਮ ਨੇ ਬਾਕਸ ਆਫ਼ਿਸ 'ਤੇ ਭਾਰੀ ਸਫਲਤਾ ਹਾਸਿਲ ਕੀਤੀ। ਮੁੰਬਈ ਛੱਡ ਕੇ ਜਾਣ ਦਾ ਫ਼ੈਸਲਾ ਕਰਨ ਵਾਲੇ ਨਈਅਰ ਨੇ ਮੁੜ ਕੇ ਕਦੇ ਮੁੰਬਈ ਨਾ ਛੱਡੀ ਤੇ ਕਈ ਵਰ੍ਹਿਆਂ ਤੱਕ ਮਨਮੋਹਕ ਸੰਗੀਤ ਸਦਕਾ ਬੌਲੀਵੁੱਡ ਦੀ ਝੋਲੀ ਭਰਦਾ ਰਿਹਾ।

**ਬੀ. ਆਰ. ਚੋਪੜਾ:** 1914 ਵਿੱਚ ਲੁਧਿਆਣਾ ਵਿਖੇ ਜਨਮੇ ਬਲਦੇਵ ਰਾਜ ਚੋਪੜਾ ਨੇ ਅੰਗਰੇਜ਼ੀ ਸਾਹਿਤ ਵਿੱਚ ਐਮ.ਏ. ਪਾਸ ਕੀਤੀ ਸੀ ਤੇ 'ਸਿਨੇ ਹੈਰਾਲਡ' ਨਾਮਕ ਫਿਲਮੀ ਅਖ਼ਬਾਰ ਕੱਢਣ ਉਪਰੰਤ ਆਪਣੀ ਫਿਲਮ ਕੰਪਨੀ ਖੋਲ੍ਹ ਲਈ।

ਮਾੜੀ ਕਿਸਮਤ ਕਿ ਕੰਪਨੀ ਦੇ ਖੁੱਲ੍ਹਦਿਆਂ ਹੀ ਮੁਲਕ ਦਾ ਬਟਵਾਰਾ ਹੋ ਗਿਆ ਤੇ ਸਭ ਕੁੱਝ ਛੱਡ ਕੇ ਚੋਪੜਾ ਨੂੰ ਪਰਿਵਾਰ ਸਣੇ ਲਾਹੌਰ ਤੋਂ ਮੁੰਬਈ ਦਾ ਰੁਖ਼ ਕਰਨਾ ਪਿਆ। ਇੱਥੇ ਆ ਕੇ ਆਪਣਾ ਸਭ ਕੁੱਝ ਵੇਚ ਵੱਟ ਕੇ ਅਤੇ ਯਾਰਾਂ-ਦੋਸਤਾਂ ਤੋਂ ਕਰਜ਼ਾ ਲੈ ਕੇ ਉਸ ਨੇ ਫਿਲਮ 'ਕਰਵਟ' ਬਣਾਈ ਜੋ ਬੁਰੀ ਤਰ੍ਹਾਂ ਅਸਫ਼ਲ ਰਹੀ।

# ਔਰਤਾਂ ਨੂੰ ਮਦਦ ਦੇਣ ਲਈ ਪਤੀ ਖਾਣਾ ਬਣਾਉਣ, ਬੱਚਿਆਂ ਨੂੰ ਸਾਂਭਣਾ ਸਿੱਖ ਰਹੇ ਨੇ ਇੰਡੋਨੇਸ਼ੀਆ ਦੇ ਲੋਕ

**(ਸਫਾ 20 ਦੀ ਬਾਕੀ)**

ਚਿੱਤਰ ਇੱਕ ਨਿੱਜੀ ਕਮਰੇ ਵਿੱਚ ਇੱਕ ਕੰਧ ਨੂੰ ਸਜਾਇਆ ਹੈ ਜਿਸ ਦੇ ਕੋਨੇ ਵਿੱਚ ਇੱਕ ਪੰਘੂੜਾ ਹੈ। ਇੱਥੇ, ਉਹ ਪਰਿਵਾਰ ਜਿਨ੍ਹਾਂ ਦੇ ਬੱਚੇ ਮਰ ਗਏ ਹਨ ਆਪਣੇ ਬੱਚਿਆਂ ਦੀਆਂ ਲਾਸ਼ਾਂ ਨੂੰ ਦੇਖ ਅਤੇ ਫੜ੍ਹ ਸਕਦੇ ਹਨ, ਜੋ ਕਿ ਵਾਪਰੀ ਘਟਨਾ ਨੂੰ ਸਵੀਕਾਰ ਕਰਨ ਅਤੇ ਪ੍ਰਕਿਰਿਆ ਕਰਨ ਵਿੱਚ ਮਦਦ ਕਰ ਸਕਦਾ ਹੈ। ਐਸਏਐਲਟੀ ਨੇ ਇਸ ਨੂੰ ਇੱਕ ਪਰਿਵਾਰ ਦਾ ਸਮਰਥਨ ਕਰਨ ਤੋਂ ਬਾਅਦ ਸਥਾਪਤ ਕੀਤਾ ਜੋ ਆਪਣੇ ਅੱਠਵੇਂ ਮਰੇ ਹੋਏ ਜਨਮ ਦਾ ਅਨੁਭਵ ਕਰ ਰਿਹਾ ਹੈ।

ਸਭ ਹੇਠਲੀ ਮੰਜ਼ਿਲ 'ਤੇ ਇਸ ਨੇ ਇੱਕ ਵਿਸ਼ੇਸ਼ ਵਾਰਡ ਸਥਾਪਤ ਕੀਤਾ ਹੈ ਤਾਂ ਜੋ ਜਣੇਪੇ ਦੌਰਾਨ ਬੱਚੇ ਨੂੰ ਗੁਆਉਣ ਵਾਲੀਆਂ ਮਾਵਾਂ ਨੂੰ ਨਵਜੰਮੇ ਬੱਚਿਆਂ ਨੂੰ ਪਾਲਦੇ ਅਤੇ ਜਨਮ ਦਾ ਜਸ਼ਨ ਮਨਾਉਣ ਵਾਲਿਆਂ ਵਿੱਚ ਦੇਖਭਾਲ ਨਾ ਕਰਨੀ ਪਵੇ। ਐਸਏਐਲਟੀ ਪ੍ਰੀ-ਟਰਮ ਬੱਚਿਆਂ ਦੀਆਂ ਮਾਵਾਂ ਦਾ ਵੀ ਸਹਾਇਤਾ ਕਰਦਾ ਹੈ, ਜਿਨ੍ਹਾਂ ਬਾਰੇ ਮੁਗਾਜ਼ਾਂਬੀ-ਮੇਕੀ ਕਹਿੰਦੀ ਹੈ ਕਿ "ਬਹੁਤ ਸਾਰੇ ਮਜ਼ਾਕ ਅਤੇ ਬਦਕਾਰੀ ਦੇ ਇਲਜ਼ਾਮਾਂ" ਦਾ ਸਾਹਮਣਾ ਕਰ ਸਕਦੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਗਰਭ ਅਵਸਥਾ ਦੌਰਾਨ ਔਰਤਾਂ ਨੂੰ ਮਾਨਸਿਕ ਸਿਹਤ ਬਾਰੇ ਜਲਦੀ ਸਿੱਖਿਅਤ ਕਰਨਾ ਮਹੱਤਵਪੂਰਨ ਹੈ ਅਤੇ ਇਹ ਗੈਂਬੀਆ ਵਿੱਚ ਇੱਕ ਵੱਖਰੇ ਪ੍ਰੋਗਰਾਮ ਦਾ ਕੇਂਦਰ ਹੈ।

ਚਮਕਦਾਰ ਰੰਗਾਂ ਦੇ ਕੱਪੜੇ ਪਹਿਨੇ ਔਰਤਾਂ ਦਾ ਇੱਕ ਸਮੂਹ ਇੱਕ ਅਸਥਾਈ ਢੋਲ ਦੀ ਤਾਲ 'ਤੇ ਝੂਮਦਾ ਤੇ ਤਾੜੀਆਂ ਵਜਾਉਂਦਾ ਹੈ। ਇੱਕ ਗਾਇਕਾ ਇੱਕ ਲਾਈਨ ਗਾਉਂਦੀ ਹੈ, ਜਿਸ ਨੂੰ ਦੂਜੀਆਂ ਗਾਉਂਦੀਆਂ ਹਨ। ਕੁੱਝ ਗਰਭਵਤੀ ਔਰਤਾਂ ਨੱਚਣ ਲਈ ਉੱਠਦੀਆਂ ਹਨ। ਗਾਉਣਾ ਖ਼ੁਸ਼ੀ ਭਰਿਆ ਹੈ, ਪਰ ਇਹ ਗਰਭਵਤੀ ਮਾਵਾਂ ਲਈ ਸਰੀਰਕ ਅਤੇ ਮਾਨਸਿਕ ਸਿਹਤ ਬਾਰੇ ਗੰਭੀਰ ਸੰਦੇਸ਼ ਦਿੰਦਾ ਹੈ, ਆਇਰਨ ਦੀਆਂ ਗੋਲੀਆਂ ਲੈਣ ਤੋਂ ਲੈ ਕੇ ਤਣਾਅ ਤੋਂ ਬਚਣ ਤੱਕ।

ਸੀਐਚਆਈਐਮਈ (ਕਮਿਊਨਿਟੀ ਹੈਲਥ ਇਨਟਰਵੈਨਸ਼ਨ ਥਰੋ ਮਿਊਜ਼ੀਕਲ ਐਂਗੇਜ਼ਮੈਂਟ) ਪ੍ਰੋਜੈਕਟ ਦਾ ਉਦੇਸ਼ ਇਨ੍ਹਾਂ ਸੰਗੀਤਕ ਇਕੱਠਾਂ ਦੀ ਵਰਤੋਂ ਚਿੰਤਾ ਘਟਾਉਣ, ਮੂਡ ਨੂੰ ਉੱਚਾ ਚੁੱਕਣ ਅਤੇ ਲੋਕਾਂ ਨੂੰ ਸਮਾਜਿਕ ਤੌਰ 'ਤੇ ਜੋੜਨ ਲਈ ਕਰਨਾ ਹੈ। ਸੱਭਿਆਚਾਰਕ ਸੰਚਾਰਕ ਕਲਾਕਾਰ ਕਨਯੇਲੇਂਗ ਹਨ ਆਪਣੇ ਸੰਗੀਤ ਅਤੇ ਹਾਸੇ ਲਈ ਜਾਣੇ ਜਾਂਦੇ ਹਨ, ਜੋ ਅਕਸਰ ਵਿਆਹਾਂ ਵਰਗੇ ਸਮਾਗਮਾਂ ਵਿੱਚ ਦਿਖਾਈ ਦਿੰਦੇ ਹਨ। ਗੈਂਬੀਆ ਦੇ ਰਾਸ਼ਟਰੀ ਮਾਨਸਿਕ ਸਿਹਤ ਪ੍ਰੋਗਰਾਮ ਦੀ ਪ੍ਰਬੰਧਕ ਜਾਰਾ ਮਾਰੇਗਾ ਦੱਸਦੇ ਹਨ ਕਿ ਉਨ੍ਹਾਂ ਨੂੰ "ਜ਼ਖ਼ਮੀ ਇਲਾਜ ਕਰਨ ਵਾਲੇ" ਵਜੋਂ ਦੇਖਿਆ ਜਾਂਦਾ ਹੈ ਜੋ ਮੁਸੀਬਤਾਂ ਤੋਂ ਠੀਕ ਹੋ ਗਏ ਹਨ ਅਤੇ ਹੁਣ ਦੂਜਿਆਂ ਦੀ ਮਦਦ ਕਰ ਰਹੇ ਹਨ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਕੰਮ "ਸਾਡੀਆਂ ਮਜ਼ਬੂਤ ਸੱਭਿਆਚਾਰਕ ਅਤੇ ਮੌਖਿਕ ਪਰੰਪਰਾਵਾਂ ਨਾਲ ਮੇਲ ਖਾਂਦਾ ਹੈ। ਸੰਗੀਤ ਕੁਦਰਤੀ ਤੌਰ 'ਤੇ ਰੁਕਾਵਟਾਂ ਨੂੰ ਤੋੜਦਾ ਹੈ।"

ਯੂਕੇ ਅਤੇ ਦੱਖਣੀ ਅਫਰੀਕਾ ਦੇ ਖੋਜਕਰਤਾਵਾਂ ਦੀ ਅਗਵਾਈ ਵਿੱਚ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਸੈਸ਼ਨਾਂ ਵਿੱਚ ਸ਼ਾਮਲ ਹੋਣ ਵਾਲੀਆਂ ਗਰਭਵਤੀ ਔਰਤਾਂ ਨੇ ਡਿਪਰੈਸ਼ਨ ਦੇ ਲੱਛਣਾਂ ਵਿੱਚ ਮਹੱਤਵਪੂਰਨ ਕਮੀ ਦੀ ਰਿਪੋਰਟ ਕੀਤੀ। ਯੂਕੇ ਦੇ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ ਤੋਂ ਫੰਡਿੰਗ ਦੇ ਨਾਲ, ਦੱਖਣੀ ਅਫਰੀਕਾ ਅਤੇ ਲੇਸੋਥੋ ਵਿੱਚ ਵੀ ਇਸੇ ਤਰ੍ਹਾਂ ਦੇ ਤਰੀਕਿਆਂ ਦੀ ਪਰਖ ਕੀਤੀ ਜਾ ਰਹੀ ਹੈ। ਇੰਡੋਨੇਸ਼ੀਆ ਅਤੇ ਜ਼ਿੰਬਾਬਵੇ ਵਾਂਗ, ਕਲੰਕ ਅਤੇ ਸਮਝ ਦੀ ਘਾਟ ਇੱਥੇ ਵੀ ਸਮੱਸਿਆਵਾਂ ਹਨ। ਹਾਲਾਂਕਿ, ਐਂਜੀ ਅਤੇ ਨੂਰ ਵਰਗੀਆਂ ਔਰਤਾਂ ਲਈ, ਆਪਣੀਆਂ ਕਹਾਣੀਆਂ ਸੁਣਾਉਣਾ ਪਰਿਵਰਤਨਸ਼ੀਲ ਰਿਹਾ ਹੈ। ਐਂਜੀ ਕਹਿੰਦੇ ਹਨ, "ਮੈਂ ਜਿੰਨਾ ਜ਼ਿਆਦਾ ਬੋਲਿਆ, ਮੈਂ ਆਪਣੀ ਰਿਕਵਰੀ ਵਿੱਚ ਓਨੀ ਹੀ ਜ਼ਿਆਦਾ ਕਾਮਯਾਬ ਹੋਈ।"

# ਥੇਹ

ਕਹਾਣੀ/ – ਅਜਮੇਰ ਸਿੱਧੂ

ਅੱਜ ਮੇਰਾ ਹਸਪਤਾਲੋਂ ਆਏ ਦਾ ਨੌਂਵਾਂ ਦਿਨ ਏ। ਡਾਕਟਰ ਦਿਮਾਗ ਦਾ ਕੈਂਸਰ ਦੱਸਦੇ ਨੇ। ਓਪਰੇਸ਼ਨ ਕਰਨ ਤੋਂ ਬਾਅਦ ਵੀ ਚੌਵੀ ਪੱਚੀ ਦਿਨ ਰੱਖੀ ਛੱਡਿਆ। ਵੈਸੇ ਮੈਂ ਹਸਪਤਾਲ ਰਹਿਣਾ ਨਈਂ ਚਾਹੁੰਦਾ ਸੀ। ਉਥੇ ਰਹਿਣ ਨਾਲ ਤਾਂ ਮੇਰਾ ਰੋਗ ਹੋਰ ਵਧਦਾ ਸੀ। ਉਥੇ ਗੱਲਾਂ ਈ ਆਲੇ-ਦੁਆਲੇ ਇੱਦਾਂ ਦੀਆਂ ਲਿਖੀਆਂ ਹੋਈਆਂ ਸਨ। ਦਿਲ ਘਬਰਾ ਜਾਂਦਾ ਸੀ। ਮੈਂ ਕਈ ਵਾਰ ਭੱਜਣ ਦੀ ਕੋਸ਼ਿਸ਼ ਕੀਤੀ ਪਰ ਭੱਜ ਨ੍ਹੀਂ ਹੋਇਆ।

ਮਸਾਂ ਛੁੱਟੀ ਮਿਲੀ। ਪਰ ਮੇਰੀ ਹਾਲਤ ਨੂੰ ਬਹੁਤਾ ਫ਼ਰਕ ਨਹੀਂ ਪਿਆ। ਮੈਂ...। ਮੈਨੂੰ ਡਰ ਲੱਗੀ ਜਾਂਦੈ। ਅਜੇ ਤੜਕੇ ਪਾਠੀ ਬੋਲਿਆ ਸੀ, ਜਦੋਂ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਪਹਿਲਾਂ ਤਾਂ ਸਾਰੀ ਰਾਤ ਮੇਰੇ ਸਰੀਰ 'ਤੇ ਕੀੜੀ ਘੁੰਮਦੀ ਰਹੀ। ਸੌਣ ਨਾ ਦਿੱਤਾ। ਫੜਨ ਦੀ ਕੋਸ਼ਿਸ਼ ਵੀ ਕੀਤੀ ਪਰ ਹੱਥੇ ਨ੍ਹੀਂ ਆਈ।... ਪਰ ਇਹ ਸ਼ਰੇਆਮ ਸਾਹਮਣੇ ਘੁੰਮੀ ਜਾਂਦਾ।

ਪਰਸੋਂ ਵੀ ਬਹੂ ਨੇ ਬਚਾ ਲਿਆ । ਇਹ ਤਾਂ ਡੰਗ ਮਾਰਨ ਲੱਗਾ ਸੀ । ਖੈਰ...। ਹੁਣ ਤਾਂ ਕੰਧ ਉੱਤੇ ਘੁੰਮੀ ਜਾਂਦਾ। ਕਾਲਾ ਸ਼ਾਹ ਕੌਡੀਆਂ ਆਲਾ ਏ। ਮੈਨੂੰ ਲਗਦੈ ਇਹ ਆਪਣੀ ਪੁਰਾਣੀ ਜਗ੍ਹਾ ਲੱਭਦਾ। ਪਹਿਲਾਂ ਇੱਥੇ ਬਾਬੇ ਨਾਨਕ ਦਾ ਕਲੈਂਡਰ ਹੁੰਦਾ ਸੀ । ਉਹਨਾਂ ਉੱਤੇ ਫਨ ਖਿਲਾਰ ਕੇ ਛਾਂ ਕੀਤੀ ਹੁੰਦੀ ਸੀ । ਉਦੋਂ ਤਾਂ ਇਹਨੇ ਕਹਿਰ ਕਰ 'ਤਾ। ਇਹਦੇ ਵਿੱਚ ਜਾਨ ਆ ਗਈ ਸੀ। ਸਿੱਧਾ ਮੇਰੇ ਮੰਜੇ 'ਤੇ ਆ ਚੜ੍ਹਿਆ ਸੀ। ਰਜਾਈ 'ਚੋਂ ਲੱਭਿਆ ਨਹੀਂ ਸੀ । ਮੈਂ ਚੀਕਾਂ ਮਾਰਦਾ ਰਹਿ ਗਿਆ ਸੀ।

ਬੁੜ੍ਹਾ ਆਤੂ ਕਹਿੰਦਾ ਸੀ ਸੱਪਾਂ ਨੂੰ ਧਰਤੀ ਵਿਹਲ ਦੇ ਦਿੰਦੀ ਏ। ਨ੍ਹੀਂ ਤਾਂ ਨਰਭਿੰਦਰ ਨੇ ਮਾਰ ਦੇਣਾ ਸੀ। ਹੁਣ ਫੇਰ ਕੰਧ ਤੋਂ ਮੇਰੇ ਵੱਲ ਫਨ ਖ਼ਿਲਾਰੀ ਆਉਂਦਾ।...ਇਹ ਤਾਂ ਨੇੜੇ ਪਹੁੰਚ ਗਿਆ । ਦੌਣ ਵਾਲੇ ਪਾਸੇ ਆ ਚੜ੍ਹਿਆ। ਮੈਂ...। ਮੈਂ...। ਇਹਦੀ ਜੀਭ...।''

''ਨ੍ਹੀਂ... ।'' ''ਕੀ ਹੋਇਆ...ਚਾਚਾ ਜੀ ।''

''ਆਜਾ ਪੁੱਤ...ਆਜਾ! ਅੱਜ ਤੂੰ ਮੈਨੂੰ ਫੇ' ਬਚਾ ਲਿਆ । ਨ੍ਹੀਂ ਤਾਂ ਏਹ ਆਪਣਾ ਕਾਰਾ ਕਰ ਚੱਲਿਆ ਸੀ...। ਜੀਉਂਦੀ ਵਸਦੀ ਰਹੁ।''

ਇਹ ਬਹੂ ਬੜੀ ਚੰਗੀ ਏ । ਮੇਰੀਆਂ ਚੀਕਾਂ ਸੁਣ ਕੇ ਭੱਜੀ ਆਈ। ਨਾਲੇ ਇਹਨੂੰ ਦੇਖ ਕੇ ਕੌਡੀਆਂ ਵਾਲਾ ਵੀ ਹਰਨ ਸੂੰਹ ਹੋ ਗਿਆ। ਇਹ ਬੜੀ ਦਲੇਰ ਏ । ਕਈ ਵਾਰ ਡਰ ਵੀ ਜਾਂਦੀ ਏ। ਇਹ ਵੱਡੇ ਦੀ ਨੂੰਹ ਏ।

ਮੈਤੋਂ ਵੱਡਾ ਸੇਵਾ ਸੂੰਹ ਏ। ਉਹਨੇ ਆਪਣਾ ਮੁੰਡਾ ਨਰਭਿੰਦਰ ਤਾਂ ਵਿਆਹ ਲਿਆ ਸੀ । ਬਹੂ ਵੱਲੋਂ ਜ਼ਮੀਨ ਰਲਦੀ ਸੀ । ਅਜੇ ਕੁੜੀ ਕੁਆਰੀ ਬੈਠੀ ਏ । ਮੇਰਾ ਖ਼ਿਆਲ...ਸਤਾਈਆਂ ਨੂੰ ਢੁੱਕਣ ਡਹੀਓ ਏ । ਕੁੜੀ ਮੇਰੇ ਨੇੜੇ ਨੀਂ ਆਂਦੀ । ਇੱਕ ਵਾਰੀ ਮੈਤੋਂ ਜ਼ਿਆਦਾ ਕੁੱਟ ਹੋ ਗਈ ਸੀ। ਪਤਾ ਨ੍ਹੀਂ ਲੱਗਿਆ ਮੇਰੇ ਦਿਮਾਗ ਨੂੰ ਕੀ ਹੋਇਆ । ਬੱਸ...। ਏਹੋ ਜਿਹੀਆਂ ਕੁੜੀਆਂ ਦੇਖ ਕੇ ਮੇਰਾ ਤਾਂ ਸਿਰ ਫਟਣ ਨੂੰ ਕਰਦੈ ।...ਫੇ' ਦੌਰਾ ਪੈ ਜਾਂਦੇ। ਹਾਏ! ਧੀਆਂ ਧਿਆਣੀਆਂ...। ਕਿੱਡਾ ਪਾਪ... । ਨਹੀਂ...।

ਹੁਣ ਬਾਹਰ ਧੁੱਪ ਨਿਕਲ ਆਈ ਏ।

''ਚਾਚਾ ਜੀ, ਰੋਟੀ ਖਾ ਲੋ'।'' ਬਹੂ ਰੋਟੀ ਲੈ ਆਈ ਏ। ਟੇਬਲ 'ਤੇ ਰੋਟੀ ਰੱਖ ਕੇ ਮੁੜਵੇਂ ਪੈਰੀਂ ਅਖ਼ਬਾਰ ਵੀ ਰੱਖ ਗਈ। ਮੈਂ ਮੋਟੀ-ਮੋਟੀ ਖ਼ਬਰ ਦੇਖਣ ਲੱਗ ਪਿਆ ਹਾਂ। ਤੀਜੇ ਸਫ਼ੇ 'ਤੇ ਜਾ ਕੇ ਮੇਰਾ ਹੱਥ ਰੁਕ ਗਿਆ ਹੈ।...ਸਾਹ ਫੁੱਲਣ ਲੱਗ ਪਿਆ ਹੈ।...ਕਾਹਲੀ ਨਾਲ ਪੜ੍ਹਨ ਲੱਗ ਪਿਆ ਹਾਂ।...ਲੱਛਣ...ਭਾਰ ਘਟਣ ਲੱਗਦਾ ਹੈ । ਬੁਖਾਰ, ਦਸਤ...ਮੇਰਾ ਸਾਹ ਧੌਂਕਣੀ ਵਾਂਗੂੰ ਚੱਲਣ ਲੱਗ ਪਿਆ ਹੈ। ਮੇਰੀਆਂ ਪੁੜਪੁੜੀਆਂ ਦੀਆਂ ਨਾੜਾਂ ਉੱਭਰ ਆਈਆਂ ਹਨ। ਲਗਦਾ ਫਟ ਜਾਣਗੀਆਂ । ਮੈਂ ਘੁੱਟ ਕੇ ਫੜ ਲਈਆਂ ਨੇ । ਅੱਖਾਂ ਅੱਗੇ ਹਨੇਰਾ ਹੋ ਗਿਆ ਹੈ । ਜ਼ੋਰ ਦੀ ਖੜਾਕਾ ਹੋਇਆ ਹੈ।

ਹੁਣ ਮੈਂ ਠੀਕ ਹਾਂ। ਮਸਾਂ ਸ਼ਾਂਤ ਹੋਇਆ। ਰੋਟੀ ਵਾਲਾ ਥਾਲ ਪਰ੍ਹਾਂ ਡਿੱਗਿਆ ਪਿਆ ਹੈ। ਅਖ਼ਬਾਰ ਆਲੂ ਮਟਰਾਂ ਦੀ ਸਬਜ਼ੀ ਨਾਲ ਲਿਬੜੀ ਪਈ ਹੈ । ਬਹੂ ਕਿਚਨ ਵਿੱਚ ਖੜ੍ਹੀ ਦੇਖ ਰਹੀ ਹੈ। ਬਚਾਰੀ ਡਰੀ ਪਈ ਏ ਪਰ ਮੈਨੂੰ ਪਤਾ ਨ੍ਹੀਂ ਕੀ ਹੋ ਜਾਂਦਾ ਹੈ। ਆਪਣੇ ਬੱਚਿਆਂ ਨਾਲ...। ਮੈਨੂੰ ਕੀ ਲੋੜ ਏ ਅਖ਼ਬਾਰ ਦੇ ਇਹੋ ਜਿਹੇ ਲੇਖ ਪੜ੍ਹਨ ਦੀ। ਮੈਂ ਕਿਹੜਾ ਪੜ੍ਹ ਕੇ ਅਫ਼ਸਰ ਲੱਗਣਾ।

''ਆਜਾ ਧੀਏ ! ਚੁੱਕ ਲੈ ਭਾਂਡੇ । ਪਤਾ ਨੀ ਦਿਮਾਗ ਨੂੰ ਕੀ ਅੱਗ ਲੱਗ ਗਈ।'' ਮੈਂ ਬਹੂ ਨੂੰ ਆਪਣੀ ਹਾਲਤ ਦੱਸਦਾ ਹਾਂ । ਉਹ ਭਾਂਡੇ ਟੀਂਡੇ ਚੁੱਕ ਕੇ ਰਸੋਈ 'ਚ ਲੈ ਜਾਂਦੀ ਏ। ਮੁੜਵੇਂ ਪੈਰੀਂ ਪੋਚਾ ਵੀ ਲਾ ਦਿੰਦੀ ਏ। ਮੈਂ ਬਹੂ ਦੀ ਦੁਬਾਰਾ ਲਿਆਂਦੀ ਰੋਟੀ ਖਾ ਕੇ ਉਹਤੋਂ ਮਾਫ਼ੀ ਮੰਗਦਾ ਹਾਂ।

''ਪਤਾ... ਨੀਂ ਅਕਲ 'ਤੇ ਕੀ ਪਰਦਾ ਪੈ ਗਿਆ, ਧੀਏ । ਮੈਂ ਤਾਂ...।''

''ਰੋਂਦੇ ਕਿਉਂ ਓ ਚਾਚਾ ਜੀ। ਮੈਂ ਤੁਹਾਡੀ ਹਾਲਤ ਸਮਝਦੀ ਆਂ। ਹੁਣ ਤੁਸੀਂ ਠੀਕ ਓ। ਡਾਕਟਰ ਸਾਹਿਬ ਕਹਿੰਦੇ ਸੀ, ਤੁਸੀਂ ਬਿਲਕੁਲ ਠੀਕ ਓ। ਅੱਗੇ ਨਾਲੋਂ ਦੇਖੋ ਚਿਹਰੇ ਤੇ ਕਿੰਨਾ ਨੂਰ ਆ। ਬੱਸ ਦਵਾਈ ਖਾਈ ਜਾਓ। ਫੇ' ਦੇਖੋ।'' ਬਹੂ ਮੈਨੂੰ ਦਿਲਾਸਾ ਦੇ ਰਹੀ ਹੈ ਪਰ ਮੈਨੂੰ ਇਹ ਝੂਠਾ ਝੂਠਾ ਲਗਦਾ। ਮੈਨੂੰ ਮੇਰੀ ਜ਼ਿੰਦਗੀ ਦਾ ਪਤੈ। ''ਕਿਹੜੀਆਂ ਸੋਚਾਂ 'ਚ ਪੈ 'ਗੇ ਚਾਚਾ ਜੀ।...ਮੈਨੂੰ ਪਤੈ। ਮੈਂ ਅੱਜੇ ਜਸਪਿੰਦਰ ਨੂੰ ਚਿੱਠੀ ਲਿਖਦੀ ਹਾਂ। ਉਹ ਤੁਹਾਨੂੰ... ।''

''ਨਈਂ...ਨਈਂ...।'' ਮੇਰਾ ਸਾਹ ਤੇਜ਼ ਹੋ ਗਿਆ ਹੈ। ਸਿਰ ਫਟਣ ਨੂੰ ਕਰ ਰਿਹੈ। ਮੈਂ ਮੰਜੇ ਤੇ ਪੈ ਗਿਆ ਹਾਂ । ਬਹੂ ਜਸਪਿੰਦਰ ਨੂੰ ਚਿੱਠੀ ਲਿਖਣ ਲਈ ਪੈੱਨ ਲੱਭਣ ਲੱਗ ਪਈ ਹੈ।

ਬਹੂ ਦਾ ਸੁਭਾਅ ਤਾਂ ਵਧੀਆ। ਇਹਦੇ ਪਰਿਵਾਰ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਬੱਸ ਇਹੋ ਬਚੀ ਸੀ। ਉਂਝ ਇਹਦੇ ਵਿਚਾਰ ਬੜੇ ਨੇਕ ਨੇ। ਮੈਨੂੰ ਥੋੜ੍ਹਾ- ਥੋੜ੍ਹਾ ਸਮਝਦੀ ਏ। ਮੇਰੀ ਸੇਵਾ ਪੂਰੀ ਕਰਦੀ ਏ। ਮੇਰੇ ਦੁੱਖਾਂ ਦੀ ਦਾਰੂ....।

ਮੈਂ ਕਨੇਡਾ ਤੋਂ ਵਾਪਸ ਆਇਆ ਸੀ। ਚੁੱਪ ਰਹਿੰਦਾ ਸੀ। ਮਨ ਬੁਝਿਆ ਜਿਹਾ। ਮੇਰੇ ਦੁੱਖ ਨੂੰ ਕੋਈ ਸਮਝ ਨਹੀਂ ਰਿਹਾ ਸੀ। ਅਜੇ ਮਹੀਨਾ ਹੀ ਟੱਪਿਆ ਸੀ। ਜਦੋਂ ਉਹ ਘਟਨਾ ਵਾਪਰ ਗਈ। ਮੈਨੂੰ ਆਪੇ ਤੋਂ ਭੈਅ ਆਉਣ ਲੱਗਾ। ਲੋਕਾਚਾਰੀ ਦਾ ਡਰ ਮਾਰ ਰਿਹਾ ਸੀ...। ਜੇ ਲੋਕਾਂ ਨੂੰ ਪਤਾ ਲੱਗ ਗਿਆ । ਮੈਂ ਕਿਸੇ ਨੂੰ ਮੂੰਹ ਦਿਖਾਣ ਜੋਗਾ ਨਹੀਂ ਰਹਾਂਗਾ। ਮੇਰੇ ਅੰਦਰਲੇ ਡਰ ਨੇ ਮੈਨੂੰ ਪਾਗਲਾਂ ਵਰਗਾ ਕਰ 'ਤਾ ਸੀ।

ਹੁਣ ਤਾਂ ਮੈਂ ਕੁਝ ਠੀਕ ਆਂ। ਉਦੋਂ ਮੇਰੀ ਹਾਲਤ ਜ਼ਿਆਦਾ ਖਰਾਬ ਸੀ। ਮੈਨੂੰ ਕੀੜੀਆਂ ਤੇ ਸੱਪਣੀਆਂ ਬਹੁਤ ਤੰਗ ਕਰਦੀਆਂ ਸਨ। ਮੇਰੇ ਪਿੰਡੇ ਤੇ ਆ ਚੜ੍ਹਦੀਆਂ। ਮੇਰਾ ਦਿਲ ਕਰਦਾ ਸੀ ਕਿ ਮੈਂ ਚਾਰ-ਪੰਜ ਮਿੰਟਾਂ ਬਾਅਦ ਸੂਟ ਬਦਲ ਦਿਆਂ। ਮੈਨੂੰ ਸੁੱਚਮ ਰੱਖਣਾ ਚੰਗਾ ਲੱਗਦਾ। ਦਿਹਾੜੀ ਦੇ ਚਾਰ ਪੰਜ ਸੂਟ ਬਦਲਦਾ ਸੀ, ਧੋਂਦਾ ਵੀ ਆਪੇ ਸੀ । ਔਰਤ ਤਾਂ ਮੇਰੇ ਕੱਪੜਿਆਂ ਨੂੰ ਹੱਥ ਨਹੀਂ ਲਾ ਸਕਦੀ। ਮੈਂ ਤਾਂ ਕਮਰੇ ਅੰਦਰ ਵੀ ਨੀਂ ਵੜਨ ਦਿੰਦਾ । ਜੇ ਆ ਵੀ ਜਾਏ। ਮੈਨੂੰ ਸਾਰਾ ਕਮਰਾ ਧੋਣਾ ਪੈਂਦਾ। ਕਈ ਵਾਰ ਤਾਂ ਸਾਰਾ ਦਿਨ ਕੰਧਾਂ ਧੋਦਿਆਂ ਲੰਘ ਜਾਂਦਾ ਤੇ ਉਹ...। ਉਦੋਂ ਮੈਨੂੰ ਨੀਂਦ ਬਿਲਕੁਲ ਨਹੀਂ ਸੀ ਆਉਂਦੀ। ਨਾਏ ਭੁੱਖ ਲੱਗਦੀ ਸੀ। ਬੱਸ ਜਸਪਿੰਦਰ ਮੋਹਰੇ ਆ ਖੜ੍ਹਦੀ ਸੀ। ਉਹ ਤਾਂ ਹੁਣ ਵੀ ਪਿੱਛਾ ਨੀ ਛੱਡਦੀ । ਹਾਏ ਓਏ ਮੇਰੇ ਡਾਢਿਆ ਰੱਬਾ।

ਮੈਨੂੰ ਆਪ ਨ੍ਹੀਂ ਪਤਾ ਲਗਦਾ । ਇਸ ਮੱਤ ਨੂੰ ਕੀ ਹੋ ਗਿਆ । ਉਂਝ ਸੇਵਾ ਸੂੰਹ ਨੇ ਮੇਰੀ ਦੇਖ ਭਾਲ ਪੂਰੀ ਕੀਤੀ। ਧਰਮੀ ਬੰਦਾ ਏ । ਨਾਲੇ ਨਾਲ ਦਾ ਜੰਮਿਆ ਭਰਾ। ਮੈਨੂੰ ਦੋ ਤਿੰਨ ਸਾਲ ਤੋਂ ਡਾਕਟਰਾਂ ਕੋਲ ਲੈ ਕੇ ਫਿਰ ਰਿਹਾ। ਮੇਰੀ ਬਿਮਾਰੀ ਕਦੇ ਵੀ ਡਾਕਟਰਾਂ ਦੀ ਸਮਝ 'ਚ ਨਹੀਂ ਪਈ। ਬੱਸ...। ਦਵਾਈਆਂ ਨਾਲ ਵਾਹ ਵਾਸਤਾ ਰਿਹਾ। ਮੈਨੂੰ ਬਹੁਤੇ ਡਾਕਟਰਾਂ 'ਤੇ ਤਰਸ ਵੀ ਆਉਂਦਾ। ਜਦੋਂ ਉਹ ਅੱਧ ਦੀਆਂ ਪਤਾਲ ਮਾਰਦੇ, ਮੇਰਾ ਗੁੱਸਾ ਵੱਧ ਜਾਂਦਾ। ਡਾਕਟਰ ਘੰਟਿਆਂ ਬੱਧੀ ਮੇਰੇ ਦੁਆਲੇ ਲੱਗੇ ਰਹਿੰਦੇ। ਬਿਮਾਰੀ ਬਾਰੇ ਪੁੱਛਦੇ । ਮੈਨੂੰ ਤਾਂ ਆਪ ਨਹੀਂ ਪਤਾ। ਉਂਝ ਮੇਰੀ ਬਿਮਾਰੀ ਬਾਰੇ ਚਾਰ ਗੱਲਾਂ ਕਾਉਂਟ ਕਰਦੀਆਂ ਹਨ।

ਪਹਿਲੀ ਗੱਲ ਇਹ ਮੈਂ ਕਿਸੇ ਨੂੰ ਵੀ ਆਪਣੇ ਨਾਲ ਟੱਚ ਨਹੀਂ ਕਰਨ ਦੇਣਾ ਚਾਹੁੰਦਾ। ਆਪਣੇ ਸਰੀਰ ਨੂੰ ਸਾਫ਼ ਰੱਖਣਾ ਚਾਹੁੰਦਾ ਹਾਂ। ਮੇਰਾ ਚਿੱਤ ਕਰਦੈ ਪਾਣੀ ਵਿਚ ਵੜਿਆ ਰਹਾਂ। ਬੇਸ਼ੱਕ ਚੌਵੀ ਘੰਟੇ...। ਬੌਡੀ ਤੇ ਸਾਬਣ ਮਲੀ ਜਾਵਾਂ। ਪਾਣੀ ਪਾਈ ਜਾਵਾਂ।

ਸੇਵਾ ਸੂੰਹ ਤੇ ਨਰਭਿੰਦਰ ਮੇਰੇ 'ਤੇ ਬੜਾ ਖਿਝਦੇ ਨੇ। ਅਖੇ ਸਾਬਣ ਮਲੀ ਜਾਨਾਂ।... ਪਾਣੀ ਅਜਾਈਂ ਗੁਆਈ ਜਾਨਾਂ। ਜਦੋਂ ਕੋਈ ਔਰਤ ਮੇਰੇ ਕੋਲੋਂ ਲੰਘ ਜਾਂਦੀ ਹੈ, ਮੈਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ। ਮੈਂ ਨਹਾਉਣ ਲੱਗ ਪੈਂਦਾ ਆਂ। ਫੇਰ ਮਲ ਮਲ ਕੇ ਨਹਾਉਂਦਾ ਹਾਂ।

ਦੂਜੀ ਗੱਲ ਮੈਂ ਜ਼ਨਾਨੀ ਨੂੰ ਨੇੜੇ ਨਹੀਂ ਢੁੱਕਣ ਦੇਣਾ ਚਾਹੁੰਦਾ। ਸਿਵਾਏ ਇੱਕ ਬਹੂ ਤੋਂ...। ਮੈਨੂੰ ਜ਼ਨਾਨੀਆਂ ਨਾਲ ਬੜੀ ਨਫ਼ਰਤ ਏ । ਜਾਣ ਬੁੱਝ ਕੇ ਮੇਰੇ ਕੋਲ ਨੂੰ ਆਉਣਗੀਆਂ। ...ਅਖੇ ਚਾਚਾ ਜੀ ਹੁਣ ਸਿਹਤ ਕਿੱਦਾਂ । ਬਈ ਚਾਚੇ ਤੋਂ...। ਮੇਰੇ ਕੋਲੋਂ ਜ਼ਨਾਨੀ ਲੰਘੀ ਨਹੀਂ ਤੇ ਮੈਨੂੰ ਦੌਰਾ ਪਿਆ ਨਹੀਂ। ਮੈਨੂੰ ਬਹੁਤੀਆਂ ਔਰਤਾਂ ਦੀ ਸ਼ਕਲ ਗੋਰਖਣ ਵਰਗੀ ਲਗਦੀ ਏ । ਵੈਸੇ ਉਹ ਗਰੇਟ ਪਰਸਨੈਲਟੀ ਸੀ ਪਰ ਉਹਦੀ ਉਹ ਹਾਲਤ...। ਚੇਤੇ ਆਉਂਦਿਆਂ ਹੀ ਘਬਰਾਹਟ ਹੋਣ ਲਗਦੀ ਹੈ । ਹੋਰ ਤਾਂ ਹੋਰ...। ਮੈਂ ਅੰਗ ਨਹੀਂ ਦੇਖਣੇ ਚਾਹੁੰਦਾ। ਮੇਰੇ ਮੋਹਰੇ ਉਹ ਦ੍ਰਿਸ਼ ਘੁੰਮਣ ਲਗਦੇ ਹਨ।

ਤੀਜੀ ਗੱਲ ਮੈਨੂੰ ਭੁੱਖ ਬਹੁਤ ਘੱਟ ਲੱਗਦੀ ਏ । ਨੀਂਦ ਵੀ ਨਹੀਂ ਆਉਂਦੀ । ਰਾਤ ਦੇ ਨ੍ਹੇਰੇ ਵਿੱਚ ਔਰਤਾਂ ਦੇ ਡਰਾਉਣੇ ਡਰਾਉਣੇ ਚਿਹਰੇ ਮੇਰੇ ਮੋਹਰੇ ਘੁੰਮਦੇ ਰਹਿੰਦੇ ਹਨ । ਫੇਰ ਉਹ ਸੱਪ ਜਾਂ ਸੱਪਣੀਆਂ ਬਣ ਜਾਂਦੇ ਨੇ ਤੇ ਮੈਨੂੰ ਡੱਸਣ ਲੱਗਦੇ ਨੇ । ਚੌਥੀ...। ਮੈਂ ਭੁੱਲ ਗਿਆ।

ਮੈਂ ਡਾਕਟਰਾਂ ਨੂੰ ਸਾਰਾ ਕੁਝ ਦੱਸਦਾਂ ਵੀ ਆਂ ਪਰ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ । ਡਾਕਟਰ ਵੀ ਨਾਂਹ ਕਰ ਜਾਂਦੇ ਨੇ। ਉਂਝ ਡਾਕਟਰ ਢੀਂਡਸਾ ਕਾਬਲ ਬੰਦਾ ਲੱਗਿਆ । ਵੈਸੇ ਤਾਂ ਉਹ ਖਚਰੀ ਹਾਸੀ ਹੱਸਦਾ ਰਹਿੰਦਾ। ਉਹਨੇ ਸੇਵਾ ਸੂੰਹ ਨੂੰ ਦੱਸਿਆ ਸੀ।

"ਇਹ ਅਬਸੈਸਿਵ ਕੰਪਲਸਿਵ ਨਿਊਰੋਸਿਸ ਦਾ ਮਰੀਜ਼ ਹੈ । ਇਹ ਅਲਰਜੀ ਪਲੱਸ ਟੈਨਸ਼ਨ ਕੇਸ ਹੈ। ਇਹਦੀ ਦਵਾਈ ਘੱਟ ਕਰੋ । ਰੋਗੀ ਨੂੰ ਰੈਸਟ ਦਿਓ। ਟੈਨਸ਼ਨ ਦੂਰ ਹੋਣ ਨਾਲ ਠੀਕ ਹੋਜੂ...।''

ਉਹਨੇ ਭੁੱਖ, ਨੀਂਦ ਤੇ ਟੈਨਸ਼ਨ ਤੋਂ ਕੈਪਸੂਲ ਤੇ ਗੋਲੀਆਂ ਵੀ ਦਿੱਤੇ ਸਨ। ਮੈਂ ਕੁਝ ਕੁਝ ਠੀਕ ਹੋਣ ਲੱਗ ਪਿਆ ਸੀ ਪਰ ਫੇਰ ਬੀਮਾਰੀ ਵੱਧਣ ਲੱਗ ਪਈ। ਹੋਰ ਕਈ ਡਾਕਟਰਾਂ ਨੂੰ ਦਿਖਾਇਆ।

ਮੈਨੂੰ ਦੋ ਕੁ ਮਹੀਨੇ ਸੁੱਖਾ ਨੰਦ ਦੇ ਡੇਰੇ ਤੋਂ ਆਰਾਮ ਰਿਹਾ ਪਰ ਮੈਨੂੰ ਕਾਣਤ ਆ ਜਾਂਦੀ। ਸਾਬਣ ਮਲਦਾ ਰਹਿੰਦਾ। ਪਾਣੀ ਨਾਲ ਅੰਗ ਪੈਰ ਧੋਂਦਾ ਰਹਿੰਦਾ। ਹੌਲੀ- ਹੌਲੀ ਮੇਰੀ ਹਾਲਤ ਪਹਿਲੇ ਵਰਗੀ ਹੋ ਗਈ। ਮਨ ਉਚਾਟ ਰਹਿਣ ਲੱਗ ਪਿਆ। ਮੈਂ ਸਹਿਮ ਗਿਆ ਸੀ।

"ਸਰਦਾਰ ਜੀ, ਇਹ ਤਾਂ...। ਹੁਣ ਉਪਰ ਵਾਲੇ ਦੇ ਵੱਸ ਏ। ਇਹ ਆਪਣੇ ਆਪ ਨੂੰ ਸਲੋਅ ਡੈਥ ਵੱਲ ਲੈ ਤੁਰਿਆ। ਸਾਡੇ ਕੰਟਰੋਲ ਤੋਂ ਬਾਹਰ ਏ।'' ਡਾਕਟਰਾਂ ਨੇ ਸੇਵਾ ਸੂੰਹ ਨੂੰ ਸੇਵਾ ਕਰਨ ਲਈ ਕਹਿ ਦਿੱਤਾ। ਜਦੋਂ ਇਹ ਗੱਲ ਮੇਰੇ ਤੱਕ ਪੁੱਜੀ, ਮੈਂ ਹੱਸ ਪਿਆ ਸੀ। ਸੇਵਾ ਸੂੰਹ ਤੇ ਨਰਭਿੰਦਰ ਮੇਰੀ ਸੇਵਾ ਵਿਚ ਜੁੱਟ ਗਏ। ਉਨ੍ਹਾਂ ਬਹੂ ਨੂੰ ਮੇਰੀ ਹਰ ਇੱਛਾ ਪੂਰੀ ਕਰਨ ਦਾ ਹੁਕਮ ਚਾੜ੍ਹ ਦਿੱਤਾ।

ਦਿਨ ਬ ਦਿਨ ਮੇਰੀ ਹਾਲਤ ਵਿਗੜਦੀ ਗਈ। ਇਕ ਦਿਨ ਮੈਂ ਟੈਲੀਵੀਜ਼ਨ ਮੂਹਰੇ ਬੈਠਾ ਫਿਲਮ ਦੇਖ ਰਿਹਾ ਸੀ। ਬਹੂ ਦੁੱਧ ਲੈ ਆਈ। ਪਹਿਲਾਂ ਕੰਡੋਮ ਦੀ ਮਸ਼ਹੂਰੀ ਆਈ। ਮੈਨੂੰ...ਮੇਰਾ ਸਾਹ ਤੇਜ਼ ਹੋ ਗਿਆ ਸੀ। ਫਿਰ ਅੱਗੇ ਸਿਹਤ ਵਿਭਾਗ ਵਾਲਿਆਂ ਦੀ ਸਿੱਖਿਆ ਆ ਗਈ। "ਬਚੋ...ਲੱਛਣ...।'' ਮੇਰਾ ਸਾਹ ਹੋਰ ਤੇਜ਼ ਹੋ ਗਿਆ ਸੀ। ਪੁੜਪੁੜੀਆਂ ਦੀਆਂ ਨਾੜਾਂ ਉਭਰੀਆਂ। ਗਲਾਸ ਫਰਸ਼ 'ਤੇ ਡਿੱਗ ਪਿਆ। ਖੜਾਕ...। ਫੇਰ ਮੈਂ ਅੰਨ੍ਹਾ ਈ ਹੋ ਗਿਆ ਸੀ। ਨ੍ਹੇਰਾ ਨ੍ਹੇਰਾ...।

ਮੈਨੂੰ ਅੱਧੇ ਘੰਟੇ ਬਾਅਦ ਸੁਰਤ ਆਈ ਸੀ। ਟੈਲੀਵਿਜ਼ਨ ਖਿੱਲਰਿਆ ਪਿਆ ਸੀ। ਬਹੂ ਮੇਰੇ ਉੱਤੇ ਰਜਾਈ ਦੇ ਕੇ ਕੋਲ ਖੜ੍ਹੀ ਸੀ। ਬਚਾਰੀ ਪਸੀਨੋ ਪਸੀਨੀ ਹੋਈ ਪਈ ਸੀ। ਮੇਰੀ ਧਾਹ ਨਿਕਲ ਗਈ ਸੀ। ਉਹ ਮੈਨੂੰ...। ਬਹੂ ਦੇ ਘਰੋਂ ਮੇਰਾ ਭਤੀਜਾ ਨਰਭਿੰਦਰ ਸੂੰਹ ਕੋਈ ਸਿਆਣਾ ਲੈ ਆਇਆ ਸੀ। ਬਹੂ ਉਹਨੂੰ ਦੇਖ ਕੇ ਸੇਵਾ ਸੂੰਹ ਤੇ ਨਰਭਿੰਦਰ ਨੂੰ ਸ਼ੇਰਨੀ ਵਾਂਗ ਪੈ ਗਈ ਸੀ । ''ਤੁਹਾਡਾ ਦਿਮਾਗ ਟਿਕਾਣੇ ਹੈ ਜਾਂ ਨਹੀਂ। ਤੁਹਾਨੂੰ ਚਾਰ ਮਹੀਨੇ ਹੋ 'ਗੇ ਠੱਗਾਂ ਮਗਰ ਘੁੰਮਦਿਆਂ ਨੂੰ। ਜੇ ਚਾਚਾ ਜੀ ਨੂੰ ਕੁਸ਼ ਹੋ ਗਿਆ। ਲੋਕਾਂ ਨੂੰ ਕੀ ਮੂੰਹ ਦਿਖਾਉਂਗੇ। ਬੰਦਿਆਂ ਆਂਗ ਚੰਡੀਗੜ੍ਹ ਚੁੱਕ ਕੇ ਲੈ ਜੋ। ਪੀ ਜੀ ਆਈ ਦਾਖਲ ਕਰਾ ਦਿਓ। ਜੇ ਤੁਸੀਂ ਨ੍ਹੀਂ ਲਿਜਾ ਸਕਦੇ... ਤਾਂ ਮੈਂ 'ਕੱਲੀ ਲੈ ਜਾਨੀ ਆ।''

ਅਗਲੇ ਦਿਨ ਮੈਨੂੰ ਚੰਡੀਗੜ੍ਹ ਲੈ ਗਏ। ਡਾਕਟਰ ਕਹਿੰਦੇ ਦਿਮਾਗ ਦਾ ਕੈਂਸਰ ਏ। ਪਹਿਲਾਂ ਤਾਂ ਬਿਮਾਰੀ ਪੱਲੇ ਹੀ ਨਹੀਂ ਪੈਂਦੀ ਸੀ । ਕਈ ਮਸ਼ੀਨਾਂ ਲਾ-ਲਾ ਦੇਖੀਆਂ। ਛੋਟੇ ਬੜੇ ਕਈ ਡਾਕਟਰ ਆਏ। ਅੰਤ ਉਨ੍ਹਾਂ ਉਪਰੇਸ਼ਨ ਕਰਕੇ ਘਰ ਨੂੰ ਤੋਰ ਦਿੱਤਾ ਪਰ ਮੇਰੀ ਹਾਲਤ ਪਹਿਲਾਂ ਵਾਲੀ ਏ। ਇਹ ਤਾ ਬਹੂ...।

ਹੁਣ ਤੇ ਇਹ ਪਰਿਵਾਰ ਮੇਰੀ ਸੇਵਾ ਬੜੀ ਕਰਦਾ। ਪਹਿਲਾਂ ਸੇਵਾ ਸੂੰਹ ਨੇ ਸ਼ਰੀਕੇਬਾਜ਼ੀ ਪੂਰੀ ਕੀਤੀ ਸੀ। ਉਹਦਾ ਵਿਆਹ ਕਰਕੇ ਬਾਪੂ ਬੇਬੇ ਦੁਨੀਆਂ ਤੋਂ ਚਲਦੇ ਹੋਏ। ਮੇਰੀ ਵਾਰੀ ਸੱਪ ਸੁੰਘ ਗਿਆ ਸੀ । ਦੋਨਾਂ ਭਰਾਵਾਂ ਨੂੰ ਦੋ-ਦੋ ਕਿੱਲੇ ਜ਼ਮੀਨ ਦੇ ਆਂਦੇ ਸਨ। ਭਰਾ ਭਰਜਾਈ ਮੇਰੇ ਵਾਲੀ ਹੜੱਪਣੀ ਚਾਹੁੰਦੇ ਸਨ। ''ਦੇਖ ਕਰਨੈਲ ਸਿਆਂ, ਵਿਆਹ 'ਚ ਕੀ ਧਰਿਆ। ਨਾਲੇ ਦਿਓਰ ਭਾਬੀ 'ਚ ਕੀ ਵੰਡਿਆ । ਤੈਨੂੰ ਇਸ ਘਰ 'ਚ ਪੂਰਾ ਮਾਣ ਇੱਜ਼ਤ ਮਿਲੂ। ਮੈਂ ਦਊਂ । ਚੰਗੀ ਰੋਟੀ ਮਿਲੂ। ਬਾਕੀ ਮੈਂ... ਹੈਗੀ ਆਂ।'' ਭਰਜਾਈ ਨੇ ਹਿੱਕ ਠੋਕੀ ਸੀ।

ਮੈਂ ਭਰਜਾਈ ਦੇ ਇਨ੍ਹਾਂ ਬੋਲਾਂ ਨਾਲ ਦੋ ਕੁ ਸਾਲ ਲੰਘਾਏ ਵੀ ਪਰ ਹੌਲੀ ਹੌਲੀ ਮੈਨੂੰ ਲੱਗਿਆ, ਮੈਂ ਘਰ 'ਚ ਇਕੱਲਾ ਹਾਂ । ਮੈਨੂੰ ਕੰਮ ਅੱਗੇ ਜੋੜੀ ਰੱਖਿਆ ਜਾਂਦਾ ਜਾਂ ਕਿੱਤੇ... । ਮੈਂ ਵਿਆਹ ਕਰਾਉਣ ਦੀ ਠਾਣ 'ਲੀ । ਜਦੋਂ ਵੀ ਕੋਈ ਰਿਸ਼ਤਾ ਆਂਦਾ। ਭਰਜਾਈ ਭਾਨੀ ਮਾਰ ਦਿੰਦੀ ਸੀ। ਨੱਠ ਭੱਜ ਕੇ ਵਿਆਹ ਹੋ ਗਿਆ ਸੀ। ਕਰਤਾਰੀ ਸੂਝਵਾਨ ਜ਼ਨਾਨੀ ਟੱਕਰੀ। ਸਾਲ ਬਾਅਦ ਜਸਪਿੰਦਰ ਉਹਦੀ ਗੋਦੀ ਸੀ । ਘਰ ਭਰਿਆ ਭਰਿਆ ਲੱਗਣ ਲੱਗ ਪਿਆ ਸੀ। ਦੂਜਾ ਜਣੇਪਾ ਦੇਰ ਨਾਲ ਹੋਇਆ।

ਦਸਾਂ ਸਾਲਾਂ ਬਾਅਦ ਜਾ ਕੇ ਕੁੱਖ ਹਰੀ ਹੋਈ ਪਰ...। ਜੀਅ ਵੀ ਗਿਆ ਤੇ ਕਰਤਾਰੀ ਵੀ। ਮੇਰਾ ਘਰ ਉੱਜੜ ਗਿਆ ਸੀ । ਮੈਂ 'ਕੱਲਾ ਰਹਿ ਗਿਆ ਸੀ। ਟੁੱਟ ਗਿਆ ਸੀ। ਬੱਸ ਗਿਆਰਾਂ ਸਾਲਾਂ ਦੀ ਜਸਪਿੰਦਰ ਮੇਰਾ ਸੰਸਾਰ ਸੀ...। ਜਿਹਦੇ ਸਹਾਰੇ ਜੀਣ ਦਾ ਉਪਰਾਲਾ ਕੀਤਾ। ਦੋ ਤਿੰਨ ਸਾਲ ਤਾਂ ਇੱਧਰ ਉੱਧਰ ਭੱਸੜ ਭੰਨਾਉਂਦਾ ਰਿਹਾ। ਨਰਭਿੰਦਰ ਵੀ ਜੁਆਨ ਹੋ ਗਿਆ ਸੀ। ਮੈਂ 'ਕੱਲਾ ਰਹਿ ਗਿਆ ਸੀ।

ਮੈਂ ਘਰ ਦਾ ਕੰਮ ਨਬੇੜਦਾ। ਸ਼ਹਿਰ ਨੂੰ ਤੁਰ ਪੈਂਦਾ। ਸਾਰਾ ਦਿਨ ਤੁਰਦਾ ਫਿਰਦਾ ਰਹਿੰਦਾ। ਉੱਥੇ ਕਸ਼ਮੀਰ ਨਾਲ ਮੇਰਾ ਯਾਰਾਨਾ ਗੂੜ੍ਹਾ ਹੋ ਗਿਆ ਸੀ। ਉਹ ਬੰਦਾ ਬੜੇ ਕੰਮ ਦਾ ਸੀ । ਉਹ ਪਹਿਲੇ ਦਿਨੇ ਮੈਨੂੰ ਤਾੜ ਗਿਆ ਸੀ। ਵੈਸੇ ਸ਼ਿਕਾਰੀ ਉਹ ਵੀ ਤਕੜਾ ਸੀ। ਅਸੀਂ ਜਲਦੀ ਘੁਲ ਮਿਲ ਗਏ ਸਾਂ। ਉਹ ਮੈਨੂੰ ਰੋਜ਼ ਗੋਰਖਣ ਕੋਲ ਲੈ ਜਾਂਦਾ।... ਪੈਸੇ ਦਿੰਦੇ। ਕੰਮ ਨਬੇੜ ਕੇ ਘਰਾਂ ਨੂੰ ਮੁੜ ਆਂਦੇ। ਗੋਰਖਣ ਬੜੀ ਹਾਲੇ ਦੀ ਚੀਜ਼ ਸੀ। ਬਚਾਰੀ ਕੁਦੇਸਣ...।

ਪਹਿਲਾਂ ਪਹਿਲ ਤਾਂ ਟਾਮਾਂ ਟਾਮਾਂ ਬੰਦਾ ਜਾਂਦਾ ਸੀ। ਹੌਲੀ-ਹੌਲੀ ਉਹਦਾ ਧੰਦਾ ਵਧ ਗਿਆ ਸੀ। ਪੈਸੇ ਵੀ ਘੱਟ ਲੈਣ ਲੱਗ ਪਈ ਸੀ। ਚੌਹ ਕੁ ਸਾਲਾਂ ਵਿੱਚ ਹੀ ਪੰਦਰਾਂ-ਵੀਹ ਰੁਪਏ 'ਤੇ ਆ ਗਈ ਸੀ। ਟਰੱਕ ਡਰੈਵਰਾਂ ਨਾਲ ਤੁਰੀ ਫ਼ਿਰਦੀ। ਰਿਕਸ਼ੇ ਵਾਲੇ ਖਿੱਚੀ ਫ਼ਿਰਦੇ । ਦਸ- ਦਸ, ਪੰਦਰਾਂ-ਪੰਦਰਾਂ ਮੁੰਡੇ...।

ਮੈਂ ਉਹਦੇ ਕੋਲ ਜਾਣਾ ਘੱਟ ਕਰ 'ਤਾ ਸੀ ਪਰ ਸ਼ਹਿਰ ਰੋਜ਼ਾਨਾ ਜਾਂਦਾ। ਕਿਤੇ-ਕਿਤੇ ਉਹਦੇ ਕੋਲ ਵੀ ਜਾ ਆਂਦਾ। ਇੱਕ ਵਾਰ ਉਹਦੇ ਬੀਤੇ ਦੀ ਗੱਲ ਛੇੜੀ ਤਾਂ ਉਹ ਫੁੱਟ ਪਈ ਸੀ। "ਅਰੇ ਜੋ ਮੱਲ ਕਲਾਂ ਏ ਨਾ। ਵਹਾਂ ਕਾ ਵੋ...ਜਥੇਦਾਰ ਨਿਹੰਗ ਸਿੰਘ ਟੱਕਰ ਸਿੰਘ ਏ ਨਾ । ਦੋ ਹਜ਼ਾਰ ਮੇਂ ਮੁਝੇ ਖਰੀਦ ਕਰ ਲਾਯਾ ਥਾ। ...ਸਾਲਾ ਰੋਟੀ ਨ੍ਹੀਂ ਦੇ ਪਾਇਆ। ਪਹਿਲੇ ਤੋਂ ਬੜੇ-ਬੜੇ ਸਬਜ਼ਬਾਗ ਦਿਖਾਤਾ ਥਾ । ਛੋਡ ਕਰ ਭਾਗ ਗਿਆ । ਭੁਖੀ ਮਰ ਜਾਤੀ ।...ਧੰਦਾ ਕਰ ਲੀਆ।'' ਉਹਨੇ ਬੜੀ ਸਾਰੀ ਗਾਲ੍ਹ ਕੱਢੀ। ਮੈਨੂੰ ਗੋਰਖਣ ਦਾ ਦੁੱਖ ਅਸਹਿ ਲੱਗਿਆ।

ਉਹਦੇ ਕੋਲ ਗਾਹਕ ਜਾਣੇ ਘੱਟ ਗਏ ਸਨ। ਮੈਂ ਚੰਡੀਗੜ੍ਹ ਰੋਡ 'ਤੇ ਦੁਕਾਨਾਂ ਉੱਤੇ ਸਾਰਾ ਦਿਨ ਬੈਠਾ ਰਹਿੰਦਾ। ਉਹ ਵੀ ਤੁਰੀ ਫ਼ਿਰਦੀ। ਮੈਂ ਦਸ-ਵੀਹ ਰੁਪਏ ਜ਼ਰੂਰ ਦੇ ਦਿੰਦਾ।

ਜਸਪਿੰਦਰ ਬਾਰਾਂ ਜਮਾਤਾਂ ਪਾਸ ਕਰ 'ਗੀ ਸੀ। ਮੇਰੇ ਵਾਂਗੂੰ ਹੱਡੀ-ਪੈਰੀਂ ਖੁੱਲ੍ਹੀ ਨਿਕਲੀ। ਜੁਆਨ ਧੀ ਦਾ ਖ਼ਿਆਲ ਆਇਆ। ਮੈਂ ਸ਼ਹਿਰ ਜਾਣਾ ਘੱਟ ਕਰ 'ਤਾ । ਜਸਪਿੰਦਰ ਸਾਰਾ ਦਿਨ ਘਰ ਦੇ ਕੰਮ ਵਿੱਚ ਜੁੱਟੀ ਰਹਿੰਦੀ। ਤੜਕੇ ਹਵੇਲੀ ਜਾ ਕੇ ਮੱਝਾਂ ਚੋਂਦੀ। ਘਰੇ ਆ ਕੇ ਦੁੱਧ ਰਿੜਕਦੀ। ਪੱਠਿਆਂ ਦਾ ਤੇ ਖੇਤਾਂ ਦਾ ਕੰਮ ਸੂਰਜ ਭਈਆ ਕਰ ਲੈਂਦਾ। ਮੈਤੋਂ ਤੜਕੇ ਘੱਟ ਹੀ ਉੱਠ ਹੁੰਦਾ ਸੀ।

ਇੱਕ ਦਿਨ ਪੀ ਜ਼ਿਆਦਾ ਹੋ 'ਗੀ ਸੀ। ਸ਼ਰਾਬ ਤਾਂ ਸੁੱਤੇ ਦੀ ਉੱਤਰ 'ਗੀ। ਤੜਕੇ ਜਾ ਕੇ ਸਰੀਰ ਟੁੱਟਣ ਲੱਗ ਪਿਆ ਸੀ। ਮੈਂ ਹਵੇਲੀ ਵੱਲ ਚਲਿਆ ਗਿਆ। ਇੱਕ ਮੰਜੇ 'ਤੇ ਜਸਪਿੰਦਰ ਤੇ ਭਈਏ ਨੂੰ ਦੇਖ ਕੇ ਮੇਰੇ ਤਾਂ ਅੱਗ ਲੱਗ 'ਗੀ। ਮੈਨੂੰ ਦੇਖ ਕੇ ਦੋਨੋਂ ਕੱਪੜੇ ਸਾਂਭਣ ਲੱਗ ਪਏ ਸਨ। ਜਸਪਿੰਦਰ ਘਰ ਨੂੰ ਭੱਜ ਆਈ। ਭਈਆ ਮੈਂ ਲੰਮਾ ਪਾ ਲਿਆ ਸੀ। ਹਵੇਲੀ ਕੋਈ ਗੰਡਾਸੀ ਜਾਂ ਦਾਤ ਨੀਂ ਮਿਲਿਆ। ਨ੍ਹੀਂ ਤਾਂ ਪਾਰ ਬੁਲਾ ਦੇਣਾ ਸੀ...। ਮੇਰੇ ਹੱਥ ਫੌੜ੍ਹਾ ਆ ਗਿਆ ਸੀ । ਭਈਏ ਦੀਆਂ ਚੀਕਾਂ ਉੱਚੀਆਂ ਹੋਈਆਂ ਤਾਂ ਮੈਂ ਫੌੜ੍ਹਾ ਵਗਾਹ ਮਾਰਿਆ।

"ਕਮੀਨਿਆ, ਜਿਸ ਥਾਲੀ ਖਾਨਾਂ। ਉਸੇ 'ਚ ਛੇਕ ।'' "ਸਰਦਾਰ ਜੀ, ਆਪ ਬੀ ਤੋ ਗੋਰਖਣ...।'' ਭਈਆ ਮੋਹਰੇ ਬੋਲਣ ਲੱਗ ਪਿਆ ਸੀ । ਮੈਂ ਹਵੇਲੀਓ ਉਹਨੂੰ ਭਜਾ ਦਿੱਤਾ।

ਭਈਏ ਦੀ ਗੱਲ ਨੇ ਮੇਰੇ ਅੱਗ ਲਾ ਦਿੱਤੀ। ਉਸੇ ਪਲ ਗੋਰਖਣ ਕੋਲ ਨਾ ਜਾਣ ਦੀ ਸਹੁੰ ਖਾਧੀ । ਘਰ ਆ ਕੇ ਜਸਪਿੰਦਰ ਦੀਆਂ ਵੀ ਹੱਡੀਆਂ ਤੋੜੀਆਂ। ਹਫ਼ਤਾ ਭਰ ਵੱਖੀ ਦੀ ਹੱਡੀ ਕਿਰਪਾਲੇ ਕੋਲੋਂ ਚੜ੍ਹਾਉਂਦੀ ਰਹੀ । ਮੈਂ ਕੁੜੀ ਦੇ ਹੱਥ ਪੀਲੇ ਕਰਨ ਲਈ ਨੱਠ-ਭੱਜ ਕਰਨ ਲੱਗਾ। ਦੋ ਮਹੀਨੇ ਵਿੱਚ ਗੱਲ ਬਣ 'ਗੀ। ਬੜੀ ਭੈਣ ਮਲਕਪੁਰ ਵਾਲੀ ਰਿਸ਼ਤਾ ਲੈ ਆਈ। ਮੁੰਡਾ ਕਨੇਡਾ ਸੀ। ਦਿਨਾਂ ਵਿੱਚੇ ਰਿਸ਼ਤਾ ਪੱਕਾ ਹੋ ਗਿਆ। ਮੁੰਡੇ ਨੇ ਕਾਗ਼ਜ਼ ਭਰ ਦਿੱਤੇ। ਦੋ ਕੁ ਸਾਲਾਂ ਵਿਚ ਹੀ ਜਸਪਿੰਦਰ ਕਨੇਡਾ ਜਾ ਪੁੱਜੀ। ਮੇਰੇ ਸਾਰੇ ਗੁੱਸੇ-ਗਿੱਲੇ ਦੂਰ ਹੋ 'ਗੇ।

ਮੈਂ ਨਵਾਂ ਭਈਆ ਰੱਖ ਲਿਆ ਸੀ। ਕੰਮ ਭਈਏ ਦੇ ਜ਼ੁੰਮੇ ਲਾ ਕੇ ਆਪ ਸ਼ਹਿਰ ਜਾ ਬਹਿੰਦਾ। ਕੁੜੀ ਵੱਲੋਂ ਸੁਰਖ਼ਰੂ ਹੋ ਗਿਆ ਸੀ । ਖੁਸ਼ੀ ਦੀਆਂ ਚਿੱਠੀਆਂ ਆਂਦੀਆਂ। ਕਿਤੇ-ਕਿਤੇ ਫ਼ੋਨ ਵੀ ਕਰਾ ਲੈਂਦਾ । ਦੋਸਤਾਂ ਦਾ ਘੇਰਾ ਵਧ ਗਿਆ ਸੀ । ਕਿਤੇ-ਕਿਤੇ ਸ਼ਰਾਬ ਵੀ ਪੀ ਲਈਦੀ ਸੀ।

ਗੋਰਖਣ ਦਾ ਧੰਦਾ ਬੰਦ ਹੋ ਗਿਆ ਸੀ। ਅਵਾਗੌਣ ਸੜਕਾਂ 'ਤੇ ਤੁਰੀ ਫਿਰਦੀ। ਕਿਸੇ ਨੂੰ ਪਛਾਣਦੀ ਵੀ ਨਈਂ ਸੀ। ਉੱਚੀ-ਉੱਚੀ ਚੀਕਾਂ ਮਾਰਦੀ। ਲੋਕਾਂ ਨੂੰ ਗਾਲ੍ਹਾਂ ਕੱਢਦੀ ਤੁਰੀ ਫਿਰਦੀ। ਵਾਲ ਖਿੱਲਰੇ-ਖਿੱਲਰੇ ਹੁੰਦੇ । ਲਾਲੀ ਨਾਲ ਦਗ-ਦਗ ਕਰਦਾ ਚਿਹਰਾ ਸੂਤਿਆ ਗਿਆ ਸੀ। ਪੀਲਾ ਭੂਕ ਹੋ ਗਿਆ ਸੀ । ਉਹਦੇ ਕੋਲੋਂ ਡਰ ਆਉਂਦਾ। ਜਿਹੜਾ ਵੀ ਉਹਦੇ ਕੋਲ ਜਾਂਦਾ। ਪਹਿਲਾਂ ਹੱਸਦੀ। ਫੇ' ਉੱਚੀ-ਉੱਚੀ ਗਾਲ੍ਹਾਂ ਕੱਢਣ ਲੱਗ ਪੈਂਦੀ।

"ਤੇਰੀ ਮਾਂ ਕੀ... । ਸਾਲਾ...ਨੀਂ।'' ਹੱਸਦੀ-ਹੱਸਦੀ ਤੁਰ ਪੈਂਦੀ।

ਗੋਰਖਣ ਦੀ ਦਿਨੋ ਦਿਨ ਹਾਲਤ ਖ਼ਰਾਬ ਹੁੰਦੀ ਗਈ। ਕਈ ਵਾਰ ਸਰੀਰ 'ਤੇ ਕੱਪੜੇ ਵੀ ਨਾ ਹੁੰਦੇ। ਭਰੇ ਬਾਜ਼ਾਰ ਵਿੱਚ ਲੰਮੀ ਪਈ ਹੁੰਦੀ। ਉਂਗਲਾਂ ਨਾਲ ਕਰੋਲਾ ਕਰਾਲੀ ਕਰਦੀ ਰਹਿੰਦੀ । ਉਹਦੇ ਵੱਲ ਦੇਖਿਆ ਨਾ ਜਾਂਦਾ। ਲੋਕੀਂ ਪਰਾਂ ਨੂੰ ਮੂੰਹ ਕਰਕੇ ਲੰਘ ਜਾਂਦੇ।

ਮੈਂ ਜਸਪਿੰਦਰ ਦੇ ਪੁਰਾਣੇ ਲੀੜੇ ਉਹਦੇ ਪੁਆ ਦਿੰਦਾ। ਦੋ ਕੁ ਦਿਨਾਂ ਬਾਅਦ ਫੇਰ ਨੰਗੀ ਹੋ ਜਾਂਦੀ। ਪਹਿਲਾਂ ਸਿਰ ਤੋਂ ਚੁੰਨੀ ਉੱਡ ਜਾਂਦੀ । ਫ਼ੇਰ ਸਲਵਾਰ ਗੈਬ ਹੋ ਜਾਂਦੀ। ਝੱਗਾ ਗਲਮੇ ਤੋਂ ਫੜ ਕੇ ਫਾੜ ਲੈਂਦੀ। ਲੋਕ ਨੰਗੇ ਸਰੀਰ ਵੱਲ ਦੇਖਦੇ। ਪਾਸਾ ਵੱਟ ਕੇ ਲੰਘ ਜਾਂਦੇ। ਸੜਕ 'ਤੇ ਪਈ ਕਰੋਲਾ ਕਰਾਲੀ...। ਮੈਨੂੰ ਕਾਣਤ ਆ ਜਾਂਦੀ। ਮੈਂ ਸ਼ਹਿਰ ਜਾਣਾ ਬੰਦ ਕਰ ਦਿੱਤਾ ਸੀ।

ਜਸਪਿੰਦਰ ਨੇ ਮੇਰੇ ਕਾਗਜ਼ ਭਰੇ ਹੋਏ ਸਨ। ਸਾਲ ਕੁ ਬਾਅਦ ਕਾਗਜ਼ਾਂ ਦੇ ਚੱਕਰ ਵਿੱਚ ਫਸ ਗਿਆ। ਸ਼ਹਿਰ ਜਾਂਦਾ ਗੋਰਖਣ ਦਿਸਦੀ ਨਾ। ਉਹਦੀ ਗੁੰਮਸ਼ੁਦੀ ਬਾਰੇ ਕਈ ਤਰ੍ਹਾਂ ਦੇ ਚਰਚੇ ਸਨ। ਕਈ ਕਹਿੰਦੇ ਉਹ ਏਡਜ਼ ਦੀ ਮਰੀਜ਼ ਸੀ। ਏਡਜ਼ ਲੈ ਬੈਠੀ। ਕਈ ਕਹਿੰਦੇ ਬਿਮਾਰੀ ਫੈਲਣ ਦੇ ਡਰੋਂ ਪ੍ਰਸ਼ਾਸਨ ਨੇ ਮਾਰ ਕੇ ਖਪਾ ਦਿੱਤੀ। ਇਸ ਲਾਇਲਾਜ ਬਿਮਾਰੀ ਦਾ ਸੁਣ ਕੇ ਮੈਂ ਕੰਬ ਗਿਆ ਸੀ । ਮੈਨੂੰ ਆਪਣਾ ਪਾਲਾ ਮਾਰ ਰਿਹਾ ਸੀ। ਏਡਜ਼ ਦਾ ਟੈਸਟ...।

ਅੱਧੀ ਰਾਤ ਬੀਤ ਚੁੱਕੀ ਹੈ । ਗੋਰਖਣ ਮੇਰਾ ਖਹਿੜਾ ਨਈਂ ਛੱਡ ਰਹੀ । ਜ਼ਰਾ ਕੁ ਅੱਖ ਲਗਦੀ ਹੈ । ਝੱਟ ਮੋਹਰੇ ਆ ਕੇ ਹੱਸਣ ਲੱਗ ਪੈਂਦੀ ਹੈ । ਮਿੰਟ ਵਿੱਚ ਸੱਪਣੀ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਕਦੇ... । ਮਿੰਟ ਵਿੱਚ ਸੂਟ ਬਦਲ ਲੈਂਦੀ ਹੈ । ਸੂਟ ਜਸਪਿੰਦਰ ਵਾਲੇ ਪਾ ਕੇ ਆਉਂਦੀ ਹੈ । ਜਸਪਿੰਦਰ ਤੇੜ ਵਾਲੇ ਸੂਟ ਕਨੇਡਾ ਜਾਣ ਵੇਲੇ ਛੱਡ ਗਈ ਸੀ । ਮੈਂ ਗੋਰਖਣ ਨੂੰ ਸਾਰੇ ਦੇ ਦਿੱਤੇ ਸਨ।

(ਬਾਕੀ ਅਗਲੇ ਅੰਕ ਵਿਚ)

Issue- 471, Vol-19, June 9, 2025

# ਪ੍ਰਵਾਸੀ ਭਾਰਤੀਆਂ ਦੇ ਨਿਵੇਸ਼ 'ਤੇ ਟੈਕਸ ਦਾ ਪ੍ਰਛਾਵਾਂ

ਔਨਿੰਦਿਓ ਚੱਕਰਵਰਤੀ

ਜੇ ਤੁਹਾਡੇ 'ਚੋਂ ਕਿਸੇ ਨੂੰ ਭਾਰਤ ਦੇ ਮਹਾਂਨਗਰਾਂ ਵਿੱਚ ਆਪਣੇ ਲਈ ਮਕਾਨ ਭਾਲਣ ਵਾਸਤੇ ਚੱਕਰ ਮਾਰਨੇ ਪਏ ਹੋਣ ਤਾਂ ਤੁਹਾਨੂੰ ਕੋਈ ਨਾ ਕੋਈ ਐੱਨਆਰਆਈ ਮਕਾਨ ਮਾਲਕ, ਖ਼ਾਸਕਰ ਨਵੇਂ ਬਣੇ ਅਪਾਰਟਮੈਂਟਾਂ ਵਿੱਚ ਜ਼ਰੂਰ ਮਿਲਿਆ ਹੋਵੇਗਾ। ਡੀਲਰ ਅਪਾਰਟਮੈਂਟ ਦਿਖਾਉਣ ਲਈ ਨਿਗਰਾਨ (ਕੇਅਰਟੇਕਰ) ਤੋਂ ਘਰ ਦੀ ਚਾਬੀ ਲੈ ਲੈਂਦਾ ਹੈ। ਕਦੇ ਕਦਾਈਂ ਉਹ ਤੁਹਾਨੂੰ ਆਸ-ਪਾਸ ਦੋ-ਚਾਰ ਹੋਰ ਫਲੈਟ ਦਿਖਾਉਣ ਦੀ ਪੇਸ਼ਕਸ਼ ਕਰਦਾ ਹੈ ਜੋ ਉਸੇ ਪਰਵਾਸੀ ਭਾਰਤੀ ਦੇ ਹੀ ਹੁੰਦੇ ਹਨ। ਬਿਨਾਂ ਸ਼ੱਕ, ਰੋਜ਼ਮੱਰਾ ਬੋਲਚਾਲ ਵਿੱਚ ਐੱਨਆਰਆਈ ਆਮ ਵਰਤੋਂ ਵਾਲਾ ਸ਼ਬਦ ਹੈ ਜੋ ਹਰ ਉਸ ਸ਼ਖ਼ਸ ਲਈ ਵਰਤਿਆ ਜਾਂਦਾ ਹੈ ਜੋ ਕਿਸੇ ਬਾਹਰਲੇ ਦੇਸ਼ ਰਹਿੰਦਾ ਹੈ।

ਦਰਅਸਲ, ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੇ ਵੱਡੇ ਸ਼ਹਿਰਾਂ ਵਿੱਚ ਪ੍ਰੀਮੀਅਮ ਰੀਅਲ ਅਸਟੇਟ ਵਿੱਚ ਆਏ ਉਛਾਲ ਦਾ ਮੁੱਖ ਕਾਰਨ ਐੱਨਆਰਆਈਜ਼ ਵੱਲੋਂ ਕੀਤੀ ਘਰਾਂ ਦੀ ਖਰੀਦੋ-ਫਰੋਖ਼ਤ ਹੈ। ਬਾਹਰੋਂ ਭੇਜੇ ਜਾਂਦੇ ਪੈਸੇ (ਰੈਮਿਟੈਂਸ) ਦਾ ਵੱਡਾ ਹਿੱਸਾ ਰੀਅਲ ਅਸਟੇਟ ਵਿੱਚ ਲਾਇਆ ਜਾ ਰਿਹਾ ਹੈ ਤੇ ਇਸ ਪੈਸੇ ਦਾ ਵੱਡਾ ਹਿੱਸਾ ਅਮਰੀਕਾ ਤੋਂ ਆਇਆ ਹੈ।

ਆਰਬੀਆਈ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਅਮਰੀਕਾ ਵਿੱਚ ਕੰਮ ਕਰਦੇ ਭਾਰਤੀਆਂ ਨੇ ਸਾਲ 2023-24 ਵਿੱਚ 32 ਅਰਬ ਡਾਲਰ ਭਾਰਤ ਭੇਜੇ ਸਨ। ਉਸ ਵੇਲੇ ਦੀਆਂ ਕਰੰਸੀ ਵਟਾਂਦਰਾ ਦਰਾਂ ਮੁਤਾਬਿਕ, ਇਹ ਅੰਦਾਜ਼ਨ 2 ਲੱਖ 70 ਹਜ਼ਾਰ ਕਰੋੜ ਰੁਪਏ ਬਣਦੇ ਹਨ। ਇਹ ਰਕਮ ਕਿੰਨੀ ਵੱਡੀ ਹੈ, ਇਸ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਉਸ ਸਾਲ ਆਮਦਨ ਕਰ ਤੋਂ ਹੋਣ ਵਾਲੀਆਂ ਕੁੱਲ ਪ੍ਰਾਪਤੀਆਂ 10 ਲੱਖ ਕਰੋੜ ਰੁਪਏ ਬਣੀਆਂ ਸਨ। ਅਨੁਮਾਨ ਹੈ ਕਿ ਬਾਹਰੋਂ ਭੇਜੇ ਜਾਣ ਵਾਲੀ ਕੁੱਲ ਰਕਮ ਦਾ 6-7 ਫ਼ੀਸਦੀ ਹਿੱਸਾ ਪ੍ਰਾਪਰਟੀ ਕਾਰੋਬਾਰ ਵਿੱਚ ਜਾਂਦਾ ਹੈ। ਜੇ ਇਹ ਗੱਲ ਸਹੀ ਹੈ ਤਾਂ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੇ 2023-24 ਵਿੱਚ ਭਾਰਤ ਦੇ ਰੀਅਲ ਅਸਟੇਟ ਵਿੱਚ ਕਰੀਬ 18 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ। ਇਸ ਦਾ ਕੁਝ ਹਿੱਸਾ ਪੰਜਾਬ ਵੀ ਪਹੁੰਚ ਰਿਹਾ ਹੈ ਜਿੱਥੇ ਖੇਤੀਬਾੜੀ ਜ਼ਮੀਨ ਜਾਂ ਪਿੰਡਾਂ ਵਿੱਚ ਪਲਾਟ ਖਰੀਦ ਲਏ ਜਾਂਦੇ ਹਨ ਪਰ ਜ਼ਿਆਦਾਤਰ ਹਿੱਸਾ ਸ਼ਹਿਰੀ ਘਰਾਂ ਦੀ ਮਾਰਕੀਟ ਵਿੱਚ ਹੀ ਗਿਆ ਹੈ।



ਹੁਣ ਡੋਨਲਡ ਟਰੰਪ ਨੇ ਅਮਰੀਕਾ ਤੋਂ ਬਾਹਰ ਭੇਜੇ ਜਾਣ ਵਾਲੇ ਪੈਸੇ ਉੱਪਰ ਟੈਕਸ ਲਾ ਕੇ ਇਸ ਦੀ ਸੰਘੀ ਨੱਪਣੀ ਸ਼ੁਰੂ ਕਰ ਦਿੱਤੀ ਹੈ। ਸ਼ੁਰੂ ਵਿੱਚ ਪੰਜ ਫ਼ੀਸਦੀ ਟੈਕਸ ਲਾਉਣ ਦਾ ਪ੍ਰਸਤਾਵ ਸੀ, ਫਿਰ ਇਹ ਘਟਾ ਕੇ 3.5 ਫ਼ੀਸਦੀ ਕਰ ਦਿੱਤਾ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਛੋਟੀ ਜਿਹੀ ਰਾਹਤ ਦੇ ਬਾਵਜੂਦ ਇਸ ਦਾ ਰੀਅਲ ਅਸਟੇਟ ਅਤੇ ਸ਼ੇਅਰ ਬਾਜ਼ਾਰ ਵਿੱਚ ਜਾਣ ਵਾਲੇ ਪੈਸੇ ਉੱਪਰ ਕਾਫ਼ੀ ਵੱਡਾ ਪ੍ਰਭਾਵ ਪਵੇਗਾ।

ਰੀਅਲ ਅਸਟੇਟ ਵਿੱਚ ਬਹੁਤੇ ਐੱਨ ਆਰ ਆਈ ਨਿਵੇਸ਼ਾਂ ਦਾ ਮਨੋਰਥ ਪੂੰਜੀ ਲਾਭ ਕਮਾਉਣਾ ਹੁੰਦਾ ਹੈ। ਬਹੁਤ ਸਾਰੇ ਲੋਕ ਉਦੋਂ ਫਲੈਟ ਖਰੀਦ ਲੈਂਦੇ ਹਨ, ਜਦੋਂ ਕਿਸੇ ਨਵੇਂ ਪ੍ਰਾਜੈਕਟ ਦਾ ਐਲਾਨ ਕੀਤਾ ਜਾਂਦਾ ਹੈ ਤੇ ਉਹ ਕੁਝ ਸਾਲ ਰੋਕ ਕੇ ਰੱਖਣ ਤੋਂ ਬਾਅਦ ਫਿਰ ਵੇਚ ਦਿੰਦੇ ਹਨ। ਫਿਰ ਉਹ ਕਿਸੇ ਨਵੇਂ ਪ੍ਰਾਜੈਕਟ ਵਿੱਚ ਪੈਸਾ ਲਗਾ ਦਿੰਦੇ ਹਨ। ਹਰੇਕ ਕੇਸ ਵਿੱਚ ਮੰਤਵ ਪ੍ਰਾਪਰਟੀ ਦੀ ਕੀਮਤ ਵਿੱਚ ਉਛਾਲ ਦਾ ਉਦੋਂ ਵੱਧ ਤੋਂ ਵੱਧ ਲਾਹਾ ਕਮਾਉਣਾ ਹੁੰਦਾ ਹੈ ਜਦੋਂ ਸੈਕੰਡਰੀ ਮਾਰਕੀਟ ਖੁੱਲ੍ਹ ਰਹੀ ਹੁੰਦੀ ਹੈ।

ਇਸ ਲਈ ਰੀਅਲ ਅਸਟੇਟ ਨਿਵੇਸ਼ ਸ਼ੇਅਰ ਬਾਜ਼ਾਰ ਦੇ ਨਾਲ-ਨਾਲ ਭਾਰਤ ਵਿਚ ਕਿਸੇ ਵਿਅਕਤੀ ਦੇ ਨਿਵੇਸ਼ ਨੂੰ ਵਸੀਹ ਕਰਨ ਦਾ ਢੰਗ ਹੁੰਦਾ ਹੈ। ਜ਼ਿਆਦਾਤਰ ਐੱਨਆਰਆਈ ਮਕਾਨ ਮਾਲਕ ਆਪਣੇ ਫਲੈਟ ਕਿਰਾਏ 'ਤੇ ਚਾੜ੍ਹ ਦਿੰਦੇ ਹਨ ਅਤੇ ਨਾਲ ਹੀ ਆਪਣੀ ਪ੍ਰਾਪਰਟੀ 'ਤੇ ਚੋਖਾ ਪੂੰਜੀ ਲਾਭ ਕਮਾਉਣ ਦੀ ਉਡੀਕ ਕਰਦੇ ਰਹਿੰਦੇ ਹਨ ਪਰ ਇਹ ਆਰਜ਼ੀ ਪ੍ਰਬੰਧ ਹੀ ਹੁੰਦਾ ਹੈ ਕਿਉਂਕਿ ਭਾਰਤ ਵਿੱਚ ਕਿਰਾਏ ਤੋਂ ਹੋਣ ਵਾਲੀ ਕਮਾਈ ਬਹੁਤ ਘੱਟ ਹੈ; ਇੱਥੋਂ ਤੱਕ ਕਿ ਸਭ ਤੋਂ ਵੱਧ ਪਸੰਦੀਦਾ ਬਿਲਡਰਾਂ ਦੇ ਫਲੈਟ ਵੀ ਉਸ ਦੀ ਕੀਮਤ ਦਾ ਸਿਰਫ਼ 2-2.5 ਫ਼ੀਸਦੀ ਕਿਰਾਇਆ ਹੀ ਹਾਸਿਲ ਕਰ ਸਕਦੇ ਹਨ। ਮੁਰੰਮਤ, ਦੇਖਭਾਲ ਅਤੇ ਪ੍ਰਾਪਰਟੀ ਟੈਕਸ ਕੱਢ ਕੇ ਬਾਕੀ ਥੋੜ੍ਹਾ ਹੀ ਬਚਦਾ ਹੈ।

ਹੁਣ ਫਰਜ਼ ਕਰੋ ਕਿ ਤੁਸੀਂ ਐੱਨਆਰਆਈ ਹੋ ਜੋ ਗੁੜਗਾਉਂ ਵਿੱਚ ਛੇ ਕਰੋੜ ਰੁਪਏ ਦਾ ਪ੍ਰੀਮੀਅਮ ਅਪਾਰਟਮੈਂਟ ਖਰੀਦਣਾ ਚਾਹੁੰਦੇ ਹੋ। ਟਰੰਪ ਦੇ ਟੈਕਸ ਤੋਂ ਬਾਅਦ ਉਹੀ ਫਲੈਟ ਤੁਹਾਨੂੰ 6.21 ਕਰੋੜ ਰੁਪਏ ਵਿੱਚ ਪਵੇਗਾ। ਪਿਛਲੇ ਇੱਕ ਸਾਲ ਵਿੱਚ ਗੁੜਗਾਉਂ ਵਿੱਚ ਰੀਅਲ ਅਸਟੇਟ ਕੀਮਤਾਂ ਵਿੱਚ ਔਸਤਨ 13 ਫ਼ੀਸਦੀ ਵਾਧਾ ਹੋਇਆ ਹੈ। ਪਹਿਲਾਂ ਜਿਸ ਫਲੈਟ 'ਤੇ ਤੁਹਾਨੂੰ 72 ਲੱਖ ਰੁਪਏ ਦੀ ਕਮਾਈ ਹੁੰਦੀ ਸੀ, ਹੁਣ ਉਸ ਤੋਂ ਤੁਹਾਨੂੰ 51 ਲੱਖ ਰੁਪਏ ਹੀ ਮਿਲਣਗੇ, ਜਿਸ ਦਾ ਮਤਲਬ ਹੈ ਕਿ ਤੁਹਾਡੀ ਸ਼ੁੱਧ ਕਮਾਈ ਵਿੱਚ ਕਰੀਬ 9 ਫ਼ੀਸਦੀ ਕਮੀ ਆ ਗਈ ਹੈ।

ਜਿਹੜੀ ਚੀਜ਼ ਰੀਅਲ ਅਸਟੇਟ ਲਈ ਸੱਚ ਹੈ, ਉਹ ਬਾਕੀ ਸਾਰੇ ਤਰ੍ਹਾਂ ਦੇ ਨਿਵੇਸ਼ਾਂ ਲਈ ਵੀ ਸੱਚ ਹੈ। ਮਸਲਨ, ਸ਼ੇਅਰ ਬਾਜ਼ਾਰ ਹੈ। ਗੁਜ਼ਰੇ ਤਿੰਨ ਸਾਲਾਂ 'ਚ ਨਿਫਟੀ ਨੇ ਸਾਲਾਨਾ 15 ਪ੍ਰਤੀਸ਼ਤ ਦਾ ਔਸਤ ਮੁਨਾਫਾ ਦਿੱਤਾ ਹੈ। ਜੇ ਐੱਨਆਰਆਈ ਨਿਫਟੀ ਦੀ ਸੂਚੀ ਵਾਲੇ ਫੰਡ 'ਚ 20 ਲੱਖ ਰੁਪਏ ਨਿਵੇਸ਼ ਕਰੇ ਤੇ ਵਾਪਸ ਇਹੀ ਲਾਭ ਮਿਲੇ ਤਾਂ ਉਸ ਵੱਲੋਂ ਕੀਤਾ ਗਿਆ ਨਿਵੇਸ਼ ਅਗਲੇ ਸਾਲ 23 ਲੱਖ ਰੁਪਏ ਹੋ ਚੁੱਕਾ ਹੋਵੇਗਾ। ਹੁਣ ਜੇ ਟਰੰਪ ਦੁਆਰਾ ਕਿਸੇ ਦੇ ਆਪਣੇ ਮੁਲਕ ਨੂੰ ਪੈਸੇ ਭੇਜਣ ਉਤੇ ਲਾਏ ਗਏ ਟੈਕਸ ਨੂੰ ਦੇਖਿਆ ਜਾਵੇ ਤਾਂ ਐੱਨਆਰਆਈ ਨੂੰ ਇਹੀ ਔਸਤ ਰਾਸ਼ੀ ਮੁਨਾਫੇ ਵਜੋਂ ਲੈਣ ਲਈ 20.7 ਲੱਖ ਰੁਪਏ ਨਿਵੇਸ਼ ਕਰਨੇ ਪੈਣਗੇ। ਦੂਜੇ ਸ਼ਬਦਾਂ ਵਿੱਚ, ਉਨ੍ਹਾਂ ਦਾ ਸ਼ੁੱਧ ਲਾਭ 11 ਪ੍ਰਤੀਸ਼ਤ ਡਿੱਗ ਜਾਵੇਗਾ।

ਨਿਵੇਸ਼ਾਂ ਤੋਂ ਇਹ ਲਾਭ ਉਸ ਮੁਨਾਫ਼ੇ ਨਾਲੋਂ ਬਹੁਤ ਘੱਟ ਹੈ ਜਿਹੜਾ ਐੱਨਆਰਆਈ ਹੁਣ ਤੱਕ ਲੈਂਦੇ ਰਹੇ ਹਨ। ਅਸਲ 'ਚ, ਮੁਦਰਾ ਕੀਮਤਾਂ ਨੂੰ ਵਿੱਚ ਜੋੜ ਕੇ ਦੇਖਣ ਤੋਂ ਬਾਅਦ ਉਨ੍ਹਾਂ ਲਈ ਭਾਰਤ 'ਚ ਨਿਵੇਸ਼ ਕਰਨਾ ਸ਼ਾਇਦ ਫ਼ਾਇਦੇ ਦਾ ਸੌਦਾ ਨਹੀਂ ਰਹੇਗਾ। ਉਦਾਹਰਨ ਨਾਲ ਸਮਝਾਉਂਦਾ ਹਾਂ। ਜੇ ਕਿਸੇ ਐੱਨਆਰਆਈ ਨੇ 1,00,000 ਡਾਲਰ ਭਾਰਤ ਲਿਆਉਣਾ ਹੋਵੇ ਤਾਂ ਉਸ ਨੂੰ ਇਸ ਦਾ 85 ਲੱਖ ਰੁਪਏ ਮਿਲੇਗਾ। ਚਲੋ ਮੰਨ ਲੈਂਦੇ ਹਾਂ ਕਿ ਉਹ ਇਸ ਨੂੰ ਵੰਡ ਲੈਂਦੇ ਹਨ ਅਤੇ ਗੁੜਗਾਉਂ ਰੀਅਲ ਅਸਟੇਟ ਤੇ ਸ਼ੇਅਰਾਂ 'ਚ ਬਰਾਬਰ ਗਿਣਤੀ 'ਚ ਨਿਵੇਸ਼ ਕਰ ਦਿੰਦੇ ਹਨ। ਸਾਡੇ ਅਨੁਮਾਨ 'ਚ, ਦੋ ਨਿਵੇਸ਼ ਇੱਕ ਸਾਲ ਵਿਚ ਉਨ੍ਹਾਂ ਨੂੰ ਔਸਤਨ 10 ਪ੍ਰਤੀਸ਼ਤ ਲਾਭ ਦੇਣਗੇ- ਨੌਂ ਪ੍ਰਤੀਸ਼ਤ ਰੀਅਲ ਅਸਟੇਟ 'ਤੇ ਅਤੇ 11 ਪ੍ਰਤੀਸ਼ਤ ਸ਼ੇਅਰ ਬਾਜ਼ਾਰ ਉੱਤੇ (ਦੇਸ਼ ਭੇਜੀ ਰਕਮ ਉੱਤੇ ਲੱਗੇ ਟੈਕਸ ਨੂੰ ਜੋੜਨ ਤੋਂ ਬਾਅਦ)। ਇਸ ਤਰ੍ਹਾਂ 85 ਲੱਖ ਰੁਪਏ 94 ਲੱਖ ਰੁਪਏ ਤੋਂ ਕੁਝ ਵੱਧ ਬਣਨਗੇ।

ਪਿਛਲੇ ਪੰਜ ਸਾਲਾਂ ਵਿੱਚ ਰੁਪਿਆ 2.5 ਪ੍ਰਤੀਸ਼ਤ ਦੀ ਸਾਲਾਨਾ ਔਸਤ ਨਾਲ ਡਿੱਗਿਆ ਹੈ। ਜੇ ਅਗਲੇ ਸਾਲ ਵੀ ਇਹ ਇਸੇ ਦਰ ਨਾਲ ਡਿੱਗਦਾ ਹੈ ਤਾਂ ਅਮਰੀਕੀ ਡਾਲਰ 87 ਰੁਪਏ ਤੋਂ ਕੁਝ ਵੱਧ ਦਾ ਹੋ ਜਾਵੇਗਾ। ਜੇ ਐੱਨਆਰਆਈ ਆਪਣੇ ਨਿਵੇਸ਼ ਨੂੰ ਮੁੜ ਡਾਲਰਾਂ 'ਚ ਤਬਦੀਲ ਕਰਨ ਤਾਂ ਸਾਲ ਦੇ ਅਖ਼ੀਰ ਤੱਕ ਉਨ੍ਹਾਂ ਨੂੰ 108,000 ਡਾਲਰ ਮਿਲ ਜਾਣਗੇ। ਜਦੋਂ ਅਸੀਂ ਕਰੰਸੀ ਦੀ ਹਿਲਜੁਲ ਤੇ ਪੈਸਾ ਭੇਜਣ 'ਤੇ ਲੱਗੇ ਟੈਕਸ ਨੂੰ ਜੋੜਾਂਗੇ ਤਾਂ ਇਹ ਸਿਰਫ਼ 8 ਪ੍ਰਤੀਸ਼ਤ ਮੁਨਾਫ਼ਾ ਹੋਵੇਗਾ।

ਇਸ ਦੀ ਤੁਲਨਾ ਦੁਨੀਆ ਦੀ ਸਭ ਤੋਂ ਸੁਰੱਖਿਅਤ ਸੰਪਤੀ 'ਤੇ ਮਿਲਦੇ ਲਾਭ ਨਾਲ ਕਰ ਕੇ ਦੇਖੋ- ਇੱਕ ਸਾਲ ਦਾ ਅਮਰੀਕੀ ਟ੍ਰਯੱਰੀ ਬਾਂਡ। ਉਸ 'ਤੇ ਮੁਦਰਾ ਲਾਭ ਚਾਰ ਪ੍ਰਤੀਸ਼ਤ ਤੋਂ ਜ਼ਿਆਦਾ ਹੈ। ਇੱਥੋਂ ਤੱਕ ਕਿ ਅਮਰੀਕਾ ਦਾ ਸਭ ਤੋਂ ਜੋਖ਼ਿਮ ਵਾਲਾ ਨਿਵੇਸ਼- ਮਿਸਾਲ ਦੇ ਤੌਰ 'ਤੇ ਦਿ ਡਾ ਜੋਨਸ, ਪਿਛਲੇ ਤਿੰਨ ਸਾਲਾਂ ਵਿੱਚ ਔਸਤਨ ਲਗਭਗ 10 ਪ੍ਰਤੀਸ਼ਤ ਦਾ ਮੁਨਾਫਾ ਦੇ ਰਿਹਾ ਹੈ। ਲਗਭਗ ਹਰ ਮਾਮਲੇ 'ਚ, ਜਦੋਂ ਤੁਸੀਂ ਭੇਜੀ ਗਈ ਰਕਮ 'ਤੇ ਤਜਵੀਜ਼ਸ਼ੁਦਾ ਟੈਕਸ ਦੇਖਦੇ ਹੋ ਤਾਂ ਭਾਰਤੀ ਅਸਾਸਿਆਂ 'ਚ ਐੱਨਆਰਆਈਜ਼ ਵੱਲੋਂ ਨਿਵੇਸ਼ ਕਰਨ ਦੀ ਕੋਈ ਜ਼ਿਆਦਾ ਤੁਕ ਨਹੀਂ ਬਣਦੀ।

ਅਮਰੀਕਾ ਤੋਂ ਪਿੱਛੇ ਪਰਿਵਾਰਾਂ ਨੂੰ ਭੇਜੀ ਜਾਂਦੀ 80 ਪ੍ਰਤੀਸ਼ਤ ਰਕਮ, ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਹੁੰਦੀ ਹੈ। ਉਸ ਨੂੰ ਵੀ ਝਟਕਾ ਲੱਗੇਗਾ, ਭਾਵੇਂ ਥੋੜ੍ਹਾ ਹੀ ਸਹੀ।

ਅਮਰੀਕਾ ਨਾਲ ਵਪਾਰਕ ਵਾਰਤਾ 'ਚ ਭਾਰਤ ਸਰਕਾਰ ਨੂੰ ਇਸ ਦਾ ਹੱਲ ਕਰਨਾ ਚਾਹੀਦਾ ਹੈ, ਟੈਕਸ ਵਾਪਸ ਕਰਾਉਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਜਾਂ ਘੱਟੋ-ਘੱਟ ਇਸ ਦਾ ਅਸਰ ਘਟਾਉਣ 'ਤੇ ਜ਼ੋਰ ਲੱਗਣਾ ਚਾਹੀਦਾ ਹੈ।

# ਭਾਰਤ ਦੇ ਅਪਰੇਸ਼ਨ ਸਿੰਧੂਰ ਦਾ ਘਰੋਗੀ ਬਿਰਤਾਂਤ



ਸੀ ਉਦੈ ਭਾਸਕਰ

ਮੁੱਢਲੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਅਪਰੇਸ਼ਨ ਸਿੰਧੂਰ ਭਾਰਤੀ ਹਥਿਆਰਬੰਦ ਬਲਾਂ ਦੇ ਤੈਅ ਕੀਤੇ ਉਦੇਸ਼ਾਂ ਨੂੰ ਵਡੇਰੇ ਰੂਪ ਵਿੱਚ ਹਾਸਿਲ ਕਰਨ ਵਿੱਚ ਸਫਲ ਰਿਹਾ ਹੈ। ਭਾਰਤ ਦੀ ਦ੍ਰਿੜ ਸੰਕਲਪ ਫ਼ੌਜੀ ਕਾਰਵਾਈ ਜੋ ਪਹਿਲਗਾਮ ਵਿੱਚ ਹੋਏ ਖ਼ੌਫਨਾਕ ਦਹਿਸ਼ਤਗਰਦ ਹਮਲੇ ਦੇ ਜਵਾਬ ਵਜੋਂ ਪਾਕਿਸਤਾਨ ਵਿੱਚ ਦਹਿਸ਼ਤਗਰਦੀ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸੀ, 7 ਮਈ ਨੂੰ ਸ਼ੁਰੂ ਹੋਈ ਸੀ ਅਤੇ 10 ਮਈ ਨੂੰ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਗਿਆ।

ਖ਼ਾਸ ਤੌਰ 'ਤੇ ਰਣਨੀਤਕ ਮਾਪਕਾਂ ਨਾਲ ਸਬੰਧਿਤ ਬੰਦਿਸ਼ਾਂ ਤੇ ਬੇਯਕੀਨੀਆਂ ਅਤੇ ਇਸ ਤੱਥ ਦੇ ਮੱਦੇਨਜ਼ਰ ਕਿ ਭਾਰਤ ਤੇ ਪਾਕਿਸਤਾਨ ਦੋਵੇਂ ਪਰਮਾਣੂ ਤਾਕਤਾਂ ਹਨ, ਦੇ ਬਾਵਜੂਦ ਰੱਖਿਆ ਬਲਾਂ ਨੇ ਜਿਸ ਢੰਗ ਨਾਲ ਇਹ ਅਪਰੇਸ਼ਨ ਅਸਰਦਾਰ ਢੰਗ ਨਾਲ ਸਿਰੇ ਚੜ੍ਹਾਇਆ, ਉਸ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

ਅਪਰੇਸ਼ਨ ਸਿੰਧੂਰ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿਆਸੀ ਸੂਝ-ਬੂਝ, ਦ੍ਰਿੜਤਾ ਅਤੇ ਸੰਜਮ ਦਾ ਪ੍ਰਦਰਸ਼ਨ ਹੈ, ਨੇ ਸਰਹੱਦ ਪਾਰ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਵਾਲਿਆਂ ਲਈ ਡਰਾਵੇ ਦਾ ਮਜ਼ਬੂਤ ਸੰਦੇਸ਼ ਦਿੱਤਾ ਹੈ ਪਰ ਵਿਦੇਸ਼ ਅਤੇ ਘਰੋਗੀ ਖੇਤਰਾਂ ਵਿੱਚ ਚੁਣੌਤੀਆਂ ਨੂੰ ਮੁਖ਼ਾਤਿਬ ਹੋਣ ਦੀ ਲੋੜ ਹੈ।

ਅਪਰੇਸ਼ਨ ਸਿੰਧੂਰ ਬਾਰੇ ਭਾਰਤੀ ਬਿਰਤਾਂਤ ਇਹ ਰਿਹਾ ਹੈ ਕਿ ਇਹ ਪਾਕਿਸਤਾਨ ਵੱਲੋਂ ਸ਼ਹਿ ਪ੍ਰਾਪਤ ਦਹਿਸ਼ਤਵਾਦ ਦੇ ਸਨਮੁੱਖ ਸਹੀ ਜੇਤੂਵਾਦ ਦਾ ਪ੍ਰਤੀਕ ਹੈ। ਭਾਰਤੀ ਸੰਸਦ ਮੈਂਬਰਾਂ ਦੇ ਵਫ਼ਦ ਇਹ ਸੰਦੇਸ਼ ਦੁਨੀਆ ਭਰ ਵਿੱਚ ਉਨ੍ਹਾਂ ਆਲੋਚਕਾਂ ਤੱਕ ਪਹੁੰਚਾ ਰਹੇ ਹਨ ਜੋ ਭਾਰਤੀ ਬਿਰਤਾਂਤ ਨੂੰ ਬਹੁਤੇ ਹਾਂਦਰੂ ਢੰਗ ਨਾਲ ਨਹੀਂ ਲੈਂਦੇ। ਚੀਨ ਅਤੇ ਕੁਝ ਹੋਰ ਦੇਸ਼ ਸਾਡੇ ਵਿਰੋਧੀ ਪ੍ਰਤੀ ਕੁਝ ਜ਼ਿਆਦਾ ਹੀ ਹਮਦਰਦੀ ਵਰਤ ਰਹੇ ਹਨ ਜਿਵੇਂ ਅਪਰੇਸ਼ਨ ਸਿੰਧੂਰ ਦੇ ਚੱਲਦਿਆਂ ਹੀ ਇਸਲਾਮਾਬਾਦ ਨੂੰ ਆਈਐੱਮਐੱਫ ਦਾ ਕਰਜ਼ਾ ਜਾਰੀ ਕਰਨ ਤੋਂ ਦੇਖਿਆ ਜਾ ਸਕਦਾ ਹੈ। ਅਗਲੀ ਚੁਣੌਤੀ ਜੂਨ ਵਿੱਚ ਆਵੇਗੀ ਜਦੋਂ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਦੀ ਮੀਟਿੰਗ ਹੋਵੇਗੀ। ਨਵੀਂ ਦਿੱਲੀ ਇਹ ਚਾਹੇਗੀ ਕਿ ਪਾਕਿਸਤਾਨ ਨੂੰ ਦਹਿਸ਼ਤਗਰਦੀ ਦੀ ਹਮਾਇਤ ਕਰਨ ਬਦਲੇ 'ਗ੍ਰੇਅ ਸੂਚੀ' ਵਿੱਚ ਸ਼ਾਮਿਲ ਕੀਤਾ ਜਾਵੇ। ਮੀਟਿੰਗ ਦੇ ਸਿੱਟੇ ਤੋਂ ਉਸ ਡਿਗਰੀ ਦਾ ਅੰਦਾਜ਼ਾ ਲੱਗ ਸਕੇਗਾ ਕਿ ਕੌਮਾਂਤਰੀ ਬਰਾਦਰੀ ਦੱਖਣੀ ਏਸ਼ੀਆ ਵਿੱਚ ਰਾਜਕੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਮੁਤੱਲਕ ਭਾਰਤ ਨਾਲ ਕਿਸ ਹੱਦ ਤੱਕ ਸਹਿਮਤ ਹੈ।

ਘਰੋਗੀ ਪ੍ਰਸੰਗ ਵਿੱਚ ਪ੍ਰੇਸ਼ਾਨਕੁਨ ਸਮਾਜਿਕ-ਰਾਜਨੀਤਕ ਰੁਝਾਨ ਨਜ਼ਰ ਆ ਰਿਹਾ ਹੈ। ਕੀ ਸਰਕਾਰ ਦੀ ਪੁਰਜ਼ੋਰ ਹਮਾਇਤ ਕਰਨ ਵਾਲੀਆਂ ਆਵਾਜ਼ਾਂ, ਜਿਨ੍ਹਾਂ ਨੂੰ ਘੱਟਗਿਣਤੀਆਂ ਨੂੰ ਦੁਤਕਾਰਨ ਲਈ ਪੱਠੇ ਪਾਏ ਜਾਂਦੇ ਰਹੇ ਹਨ, ਹੁਣ ਬੇਕਾਬੂ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ? ਨਹੀਂ ਤਾਂ ਕੀ ਕਾਰਨ ਹੈ ਕਿ ਸਰਕਾਰ ਅਤੇ ਇਸ ਦੇ ਸੋਹਲੇ ਗਾਉਣ ਵਾਲਿਆਂ ਦੇ ਟੋਲਿਆਂ (ਜੋ ਉਪਰੋਂ ਇਸ਼ਾਰਾ ਮਿਲਣ 'ਤੇ ਕਿਸੇ ਦੀ ਵਾਹ-ਵਾਹ ਕਰਨ ਅਤੇ ਕਿਸੇ ਦੀ ਲਾਹ-ਪਾਹ ਕਰਨ ਵਿੱਚ ਦੇਰ ਨਹੀਂ ਲਾਉਂਦੇ) ਨੇ ਹਾਲੀਆ ਹਫ਼ਤਿਆਂ ਵਿੱਚ ਵਾਪਰੇ ਕੁਝ ਬੇਸੁਆਦੀ ਵਿਵਾਦਾਂ ਬਾਰੇ ਹੈਰਾਨੀਜਨਕ ਚੁੱਪ ਵੱਟੀ ਹੋਈ ਹੈ।

ਪਹਿਲਗਾਮ/ਅਪਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੀ ਅੰਦਰੂਨੀ ਸੁਰੱਖਿਆ, ਸਮਾਜਿਕ ਸਦਭਾਵਨਾ ਅਤੇ ਕਸ਼ਮੀਰ ਵਿੱਚ ਆਮ ਵਰਗੇ ਹਾਲਾਤ ਦੀ ਬਹਾਲੀ ਲਈ ਜਟਿਲ ਚੁਣੌਤੀਆਂ ਪੈਦਾ ਹੋ ਗਈਆਂ ਹਨ। ਦੇਸ਼ ਅੰਦਰ ਧਰੁਵੀਕਰਨ ਦਾ ਰੌਂਅ ਤਿੱਖਾ ਹੋ ਰਿਹਾ ਹੈ, ਜਿਸ ਦੇ ਨਾਲ ਹੀ ਖਰਵਾ ਰਾਸ਼ਟਰਵਾਦੀ ਮੁਹਾਵਰਾ, ਬਿਰਤਾਂਤ ਉੱਪਰ ਭਾਰੂ ਪੈ ਰਿਹਾ ਹੈ। ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਉੱਪਰ ਤਿੱਖੀਆਂ ਟੀਕਾ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਕਸ਼ਮੀਰੀ ਮੁਸਲਮਾਨਾਂ ਖ਼ਿਲਾਫ਼ ਗਹਿਰਾ ਦਵੈਸ਼ ਭਾਵ ਉੱਭਰ ਕੇ ਸਾਹਮਣੇ ਆ ਗਿਆ ਹੈ।

ਹਾਲੀਆ ਸਾਲਾਂ ਦੌਰਾਨ ਜ਼ਿਆਦਾਤਰ ਲੋਕਰਾਜੀ ਮੁਲਕਾਂ ਅੰਦਰ ਕਿਸੇ 'ਗ਼ੈਰ-ਸਮੂਹ' ਨੂੰ ਨਿਸ਼ਾਨਾ ਬਣਾਉਣ ਦਾ ਰੁਝਾਨ ਚੁਣਾਵੀ ਗਤੀਮਾਨਾਂ ਦੀ ਚਹੇਤੀ ਖ਼ੁਰਾਕ ਬਣ ਰਿਹਾ ਹੈ। ਸੋਸ਼ਲ ਮੀਡੀਆ ਦਾ ਪਸਾਰ ਹੋਣ ਨਾਲ ਇਹ ਬਹੁਤ ਖ਼ਤਰਨਾਕ ਢੰਗ ਨਾਲ ਫੈਲਾਇਆ ਜਾਣ ਲੱਗ ਪਿਆ ਹੈ। ਅਮਰੀਕਾ ਅਤੇ ਯੂਰੋਪ ਵਿੱਚ ਪਰਵਾਸੀ ਕਾਮੇ ਅਤੇ ਭਾਰਤ ਵਿਚਲੀਆਂ ਘੱਟਗਿਣਤੀਆਂ ਇਸ ਦਾ ਸੰਤਾਪ ਦਾ ਸ਼ਿਕਾਰ ਬਣ ਰਹੀਆਂ ਹਨ। ਕਿਸੇ 'ਦੂਜੇ' ਜਾਂ 'ਬਾਹਰਲੇ' ਨੂੰ ਕੌਮੀ ਸੁਰੱਖਿਆ ਲਈ ਖ਼ਤਰਾ ਬਣਾ ਕੇ ਪੇਸ਼ ਕਰਨ ਲਈ ਬਹੁਗਿਣਤੀ ਵਾਲੀ ਭਾਵਨਾ ਨੂੰ ਸ਼ਹਿ ਦੇਣ ਨਾਲ ਵਕਤੀ ਜਿੱਤਾਂ ਤਾਂ ਮਿਲ ਸਕਦੀਆਂ ਹਨ ਅਤੇ ਚੁਣਾਵੀ ਲਾਭ ਪ੍ਰਾਪਤ ਹੋ ਸਕਦੇ ਹਨ ਪਰ ਇਹ ਸਮੂਹਿਕ ਜਨੂੰਨ ਮਨੁੱਖੀ ਕਦਰਾਂ-ਕੀਮਤਾਂ ਨੂੰ ਤਜ ਕੇ ਆਪਣੀ ਬਦਸੂਰਤ ਖ਼ੁਦਮੁਖ਼ਤਾਰੀ ਹਾਸਿਲ ਕਰ ਸਕਦਾ ਹੈ- ਜਿਵੇਂ ਹਾਲੀਆ ਘਟਨਾਵਾਂ ਨੇ ਦਰਸਾਇਆ ਹੈ। ਪਹਿਲਗਾਮ ਕਤਲੇਆਮ ਤੋਂ ਕੁਝ ਦਿਨਾਂ ਬਾਅਦ ਇੱਕ ਨੇਵੀ ਅਫਸਰ ਦੀ ਵਿਧਵਾ ਮੁਟਿਆਰ ਹਿਮਾਂਸ਼ੀ ਨਰਵਾਲ ਨੇ ਜਦੋਂ ਇਨਸਾਫ਼ ਅਤੇ ਤਹੱਮਲ ਦੀ ਫਰਿਆਦ ਕੀਤੀ ਤਾਂ ਉਸ ਨੂੰ ਟਰੋਲ ਸੈਨਾ ਨੇ ਬੁਰੀ ਤਰ੍ਹਾਂ ਨਿਸ਼ਾਨਾ ਬਣਾਇਆ ਸੀ। ਉਸ ਖ਼ਿਲਾਫ਼ ਜ਼ਹਿਰੀਲੀਆਂ ਜ਼ਾਤੀ ਟਿੱਪਣੀਆਂ ਕੀਤੀਆਂ। ਕੋਈ ਵੀ ਸੰਸਥਾ ਜਾਂ ਸੀਨੀਅਰ ਸਰਕਾਰੀ ਅਹਿਲਕਾਰ ਉਸ ਦੇ ਹੱਕ ਵਿੱਚ ਖੜ੍ਹਾ ਦਿਖਾਈ ਨਾ ਦਿੱਤਾ; ਤੇ ਹਜੂਮ ਦੀ ਚੜ੍ਹ ਮੱਚਦੀ ਰਹੀ। ਜਦੋਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਜੋ ਸਭ ਤੋਂ ਸੀਨੀਅਰ ਭਾਰਤੀ ਡਿਪਲੋਮੈਟ ਹਨ, ਨੇ ਗੋਲੀਬੰਦੀ ਦਾ ਐਲਾਨ ਕੀਤਾ ਤਾਂ ਉਸ ਨੂੰ ਦੁਤਕਾਰਿਆ ਗਿਆ ਅਤੇ ਉਸ ਦੀ ਧੀ ਦੀ ਦੇਸ਼ਭਗਤੀ ਨੂੰ ਵੀ ਪੁਣਿਆ ਗਿਆ। ਇਹ ਬੇਹੂਦਗੀ ਸੀ ਕਿਉਂਕਿ ਮਿਸਰੀ ਸਿਰਫ਼ ਸਰਕਾਰ ਦੀ ਤਰਫ਼ੋਂ ਬੋਲ ਰਹੇ ਸਨ, ਫਿਰ ਵੀ ਸਾਊਥ ਬਲਾਕ 'ਚੋਂ ਕੋਈ ਵੀ ਉਸ ਅਫਸਰ ਦੇ ਹੱਕ ਵਿਚ ਨਾ ਨਿੱਤਰਿਆ ਕਿਉਂਕਿ ਉਨ੍ਹਾਂ ਨੂੰ ਟਕਰਾਅ ਜਾਰੀ ਰੱਖਣ ਦੇ ਚਾਹਵਾਨ ਹਜੂਮ ਦੇ ਗੁੱਸੇ ਦਾ ਨਿਸ਼ਾਨਾ ਬਣਨ ਤੋਂ ਡਰ ਲਗਦਾ ਸੀ।

ਅਪਰੇਸ਼ਨ ਸਿੰਧੂਰ ਬਾਰੇ ਮੀਡੀਆ ਨੂੰ ਜਾਣਕਾਰੀ ਮੁਹੱਈਆ ਕਰਨ ਵਾਲੀ ਕਰਨਲ ਸੋਫ਼ੀਆ ਨੂੰ ਭਾਜਪਾ ਦੇ ਸ਼ਾਸਨ ਵਾਲੇ ਸੂਬੇ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵੱਲੋਂ 'ਦਹਿਸ਼ਤਗਰਦਾਂ ਦੀ ਭੈਣ' ਗਰਦਾਨ ਦਿੱਤਾ ਗਿਆ। ਉਸ ਦੀ ਮਾੜੀ ਮੋਟੀ ਝਾੜ-ਝੰਬ ਵੀ ਨਾ ਹੋਈ ਅਤੇ ਫਿਰ ਇਸ ਦੀ ਵਜਾਹਤ ਕਰਦਿਆਂ ਇਸ ਨੂੰ 'ਭਾਸ਼ਾਈ ਗ਼ਲਤੀ' ਕਰਾਰ ਦਿੱਤਾ ਗਿਆ। ਕੁਝ ਇੰਦਾਂ ਦਾ ਹੀ ਪੈਂਤੜਾ ਉਸ ਭਾਜਪਾ ਐੱਮਪੀ ਮੁਤੱਲਕ ਲਿਆ ਗਿਆ ਜਿਸ ਨੇ ਪਹਿਲਗਾਮ ਦੀਆਂ ਵਿਧਵਾਵਾਂ ਦੀ ਬਹਾਦਰੀ 'ਤੇ ਕਿੰਤੂ ਕੀਤਾ ਸੀ।




ਇਤਿਹਾਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਦੀਆਂ ਤੋਂ ਕੁਲੀਨ ਸੱਤਾ ਨੂੰ ਪੁਖ਼ਤਾ ਕਰਨ ਲਈ ਹਜੂਮ ਨੂੰ ਸਨਕ ਦੀ ਪਾਣ ਚਾੜ੍ਹੀ ਜਾਂਦੀ ਰਹੀ ਹੈ ਪਰ ਇਸ ਨਾਲ ਸਾਮਰਾਜ ਅਤੇ ਰਿਆਸਤ ਦੀਆਂ ਅੰਤੜੀਆਂ ਨੂੰ ਜੰਗਾਲ ਲੱਗ ਜਾਂਦਾ ਹੈ। ਐਡਵਰਡ ਗਿੱਬਨ ਨੇ ਆਪਣੀ ਬੇਮਿਸਾਲ ਕਿਰਤ 'ਦਿ ਹਿਸਟਰੀ ਆਫ ਦਿ ਡੈਕਲਾਈਨ ਐਂਡ ਫਾਲ ਆਫ ਦਿ ਰੋਮਨ ਐਂਪਾਇਰ' ਵਿੱਚ ਰੋਮ ਵਿੱਚ ਗਣਰਾਜ ਤੇ ਸਾਮਰਾਜ ਦੇ ਸਿਆਸੀ ਤੇ ਸਮਾਜਿਕ ਗਤੀਮਾਨਾਂ ਦੇ ਪ੍ਰਸੰਗ ਵਿੱਚ ਹਜੂਮ ਦੀ ਭੂਮਿਕਾ ਦੀ ਘੋਖ ਪੜਤਾਲ ਕੀਤੀ ਹੈ।

ਗਿੱਬਨ ਲਿਖਦੇ ਹਨ ਕਿ ਰੋਮਨ ਹਜੂਮ (ਪਲੈਬਜ਼ ਅਰਬਾਨਾ) ਜਦੋਂ ਕ੍ਰੋਧਿਤ ਹੁੰਦਾ ਹੈ ਤਾਂ ਇਹ ਭੜਕਾਊ ਤੇ ਅਣਕਿਆਸਿਆ ਹੋ ਜਾਂਦਾ ਹੈ। ਇਹ ਬਾਦਸ਼ਾਹ ਪ੍ਰਤੀ ਅਕੱਟ ਵਫ਼ਾਦਾਰੀ ਦਿਖਾ ਸਕਦਾ ਹੈ ਅਤੇ ਜੇ ਇਸ ਨਾਲ ਬਾਤਚੀਤ ਨਾ ਹੋਵੇ ਜਾਂ ਇਸ ਦਾ ਮਨੋਰੰਜਨ ਨਾ ਕੀਤਾ ਜਾਵੇ ਤਾਂ ਇਹ ਤਬਾਹਕੁਨ ਬਦਅਮਨੀ ਵੀ ਪੈਦਾ ਕਰ ਸਕਦਾ ਹੈ। ਬੇਕਾਬੂ ਹੁੰਦੇ ਚਲੇ ਗਏ ਜਨ ਸਮੂਹ ਦੇ ਹੱਲਿਆਂ ਵਿੱਚ ਆਮ ਨਾਗਰਿਕ ਖੂਬੀਆਂ ਨੂੰ ਤਿਆਗ ਦਿੱਤਾ ਗਿਆ ਅਤੇ ਗਣਰਾਜ ਦੀ ਰੂਹ ਲਗਾਤਾਰ ਕਮਜ਼ੋਰ ਹੁੰਦੀ ਗਈ; ਸਿੱਟੇ ਵਜੋਂ ਰੋਮਨ ਸਾਮਰਾਜ ਦਾ ਪਤਨ ਹੋ ਗਿਆ।

ਇੱਕ ਭਾਰਤੀ ਟੀਵੀ ਪੈਨਲਿਸਟ ਵੱਲੋਂ ਇਰਾਨੀ ਵਿਦੇਸ਼ ਮੰਤਰੀ ਖ਼ਿਲਾਫ਼ ਖੁੱਲ੍ਹੇਆਮ ਗਾਲੀ-ਗਲੋਚ ਵਾਲੀ ਭਾਸ਼ਾ ਵਰਤਣ ਦੇ ਮਾਮਲੇ ਵਿੱਚ ਇਹੀ ਨੁਕਤਾ ਹੈ। ਭਾਰਤੀ ਹਜੂਮ ਨੇ ਕੱਟੜ ਬਹੁਗਿਣਤੀਵਾਦੀ ਰਾਸ਼ਟਰਵਾਦ ਦਾ ਚੋਲਾ ਗ੍ਰਹਿਣ ਕਰ ਲਿਆ ਅਤੇ ਦਹਿਸ਼ਤਗਰਦੀ ਨੂੰ ਭਾਵੁਕ ਬਾਇਨਰੀਆਂ ਵਿੱਚ ਢਾਲ ਦਿੱਤਾ ਗਿਆ ਜਿੱਥੇ ਭਾਰਤੀ ਮੁਸਲਮਾਨਾਂ ਬਾਰੇ ਧਾਰਨਾ ਬਣਾ ਦਿੱਤੀ ਗਈ ਕਿ ਉਹ ਜਹਾਦੀ ਝੁਕਾਵਾਂ ਨੂੰ ਸ਼ਹਿ ਦਿੰਦੇ ਹਨ। ਕੀ ਅਸੀਂ ਇਸ ਹਜੂਮ ਨੂੰ ਆਪਣੇ ਸਮਾਜਿਕ ਤਾਣੇ-ਬਾਣੇ ਵਿੱਚ ਨਫ਼ਰਤ ਅਤੇ ਜ਼ਹਿਰ ਘੋਲਣ ਦੀ ਸ਼ਕਤੀ ਬਣਨ ਦੀ ਆਗਿਆ ਦੇ ਰਹੇ ਹਾਂ? ਇਸ ਨਾਲ ਭਾਰਤ ਦੀ ਸਮਾਜਿਕ ਧਾਰਮਿਕ ਸਦਭਾਵਨਾ ਨੂੰ ਸੱਟ ਮਾਰਨ ਦੇ ਵਿਰੋਧੀਆਂ ਦੇ ਉਦੇਸ਼ ਨੂੰ ਅਗਾਂਹ ਵਧਾਉਣ ਵਿੱਚ ਹੀ ਮਦਦ ਮਿਲੇਗੀ।

ਅਪਰੇਸ਼ਨ ਸਿੰਧੂਰ ਇਸ ਸਮੇਂ ਰੋਕ ਦਿੱਤਾ ਗਿਆ ਹੈ। ਰਾਵਲਪਿੰਡੀ ਵਿੱਚ ਸਰਹੱਦ ਪਾਰ ਦਹਿਸ਼ਤਗਰਦੀ ਦੇ ਸਰਪ੍ਰਸਤਾਂ ਉੱਪਰ ਇਸ ਦੇ ਪ੍ਰਭਾਵ ਬਾਰੇ ਅਜੇ ਤਾਈਂ ਉਡੀਕ ਕੀਤੀ ਜਾ ਰਹੀ ਹੈ।

ਦਿੱਲੀ ਨੂੰ ਆਪਣੇ ਦਹਿਸ਼ਤਗਰਦੀ ਵਿਰੋਧੀ ਬਿਰਤਾਂਤ ਬਾਰੇ ਕੌਮਾਂਤਰੀ ਭਾਈਚਾਰੇ ਨੂੰ ਕਾਇਲ ਕਰਨਾ ਪਵੇਗਾ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਘਰੋਗੀ ਬਿਰਤਾਂਤ ਸੰਵਿਧਾਨਕ ਚੌਖਟੇ ਅੰਦਰ ਹੀ ਰਹੇ।

Issue- 471, Vol-19, June 9, 2025




## ਹਰ ਰੋਜ਼ ਇਕ ਹੀ ਸਮੇਂ ਕਸਰਤ ਕਰਨ ਨਾਲ ਮਿਲਦੈ ਜ਼ਿਆਦਾ ਫਾਇਦਾ

ਸਿਹਤਮੰਦ ਰਹਿਣ ਲਈ ਲੋਕ ਕਸਰਤ ਕਰਦੇ ਹਨ। ਨਾਲ ਹੀ ਹੋਰ ਅਜਿਹੀਆਂ ਸਰਗਰਮੀਆਂ 'ਚ ਸ਼ਾਮਲ ਹੁੰਦੇ ਹਨ, ਜਿਸ ਨਾਲ ਸਿਹਤ ਬਰਕਰਾਰ ਰਹੇ। ਇਕ ਨਵੀਂ ਖੋਜ 'ਚ ਸਾਹਮਣੇ ਆਇਆ ਹੈ ਕਿ ਜੇਕਰ ਹਰ ਰੋਜ਼ ਇਕ ਹੀ ਸਮੇਂ ਇਕ ਤਰ੍ਹਾਂ ਦੀ ਸਰਗਰਮੀ ਕੀਤੀ ਜਾਵੇ ਤਾਂ ਜ਼ਿਆਦਾ ਲਾਭ ਮਿਲਦਾ ਹੈ ਤੇ ਇਹ ਦਿਲ ਸਬੰਧੀ ਸਮੱਸਿਆਵਾਂ ਲਈ ਵੀ ਮਹੱਤਵਪੂਰਨ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੈਵਿਕ ਘੜੀ



ਵਿਅਕਤੀ ਦੀਆਂ ਸਰਗਰਮੀਆਂ ਨੂੰ ਕੰਟਰੋਲ ਕਰਦੀ ਹੈ। ਇਸ ਵਿਚ ਨੀਂਦ-ਜਾਗਣ ਦੇ ਚੱਕਰ ਤੇ ਵਿਆਪਕ ਸਰੀਰਕ ਤੇ ਮੈਟਾਬੋਲਿਕ ਕੰਮ ਸ਼ਾਮਲ ਹਨ। ਯੂਨੀਵਰਸਿਟੀ ਆਫ ਫਲੋਰਿਡਾ ਦੇ ਕੈਰਿਨ ਐਸਰ ਨੇ ਕਿਹਾ ਕਿ ਇਸਦਾ ਇਕ ਲੈਅ 'ਚ ਹੋਣਾ ਸਾਡੇ ਸਰੀਰ ਲਈ ਫਾਇਦੇਮੰਦ ਹੈ। ਔਸਤਨ 76 ਸਾਲ ਦੀ ਉਮਰ ਵਾਲੇ ਅੱਠ ਸੌ ਲੋਕਾਂ ਦੀਆਂ ਸਰਗਰਮੀਆਂ ਦਾ ਨਿਰੀਖਣ ਕੀਤਾ ਗਿਆ। ਕਾਰਡੀ ਪਲਮੋਨਰੀ ਕਸਰਤ ਪ੍ਰੀਖਣ ਰਾਹੀਂ ਉਨ੍ਹਾਂ ਦੇ ਦਿਲ ਤੇ ਫੇਫੜਿਆਂ ਦੀ ਸਿਹਤ ਦਾ ਮੁਲਾਂਕਣ ਕੀਤਾ ਗਿਆ ਤੇ ਸਿੱਟਾ ਮੈਡੀਸਨ ਤੇ ਸਾਇੰਸ ਇਨ ਸਪੋਰਟਸ ਐਂਡ ਐਕਸਰਸਾਈਜ਼ ਨਾਂ ਦੇ ਮੈਗਜ਼ੀਨ 'ਚ ਛਾਪਿਆ ਗਿਆ। ਪਤਾ ਲੱਗਦਾ ਹੈ ਕਿ ਅਨਿਯਮਤ ਰੁਝੇਵੇਂ ਵਾਲੇ ਲੋਕਾਂ ਦੇ ਮੁਕਾਬਲੇ ਜਿਨ੍ਹਾਂ ਦੀ ਰੋਜ਼ਾਨਾ ਸਰਗਰਮੀ ਪੈਟਰਨ ਕਾਫ਼ੀ ਅਨੁਕੂਲ ਸੀ, ਉਨ੍ਹਾਂ ਦੇ ਦਿਲ ਤੇ ਫੇਫੜੇ ਜ਼ਿਆਦਾ ਸਿਹਤਮੰਦ ਸਨ। ਖੋਜ ਦੇ ਮੁਤਾਬਕ, ਇਕ ਤੈਅ ਸਮੇਂ ਦੌਰਾਨ ਕਸਰਤ ਜਾਂ ਹੋਰ ਸਰੀਰਕ ਸਰਗਰਮੀ 'ਚ ਸ਼ਾਮਲ ਹੋਣ ਤੇ ਆਰਾਮ ਕਰਨ ਨਾਲ ਦਿਲ ਸਬੰਧੀ ਸਿਹਤ ਬਿਹਤਰ ਹੁੰਦੀ ਹੈ। ਖੋਜੀਆਂ ਨੇ ਕਿਹਾ ਕਿ ਇਹ ਜਾਣਨ ਲਈ ਅੱਗੇ ਹੋਰ ਜਾਂਚ ਦੀ ਲੋੜ ਹੈ ਕਿ ਕੀ ਇਕ ਹੀ ਸਮੇਂ ਕੰਮ ਕਰਨ ਦੀ ਆਦਤ 'ਚ ਬਦਲਾਅ ਦੀ ਮਦਦ ਨਾਲ ਕਿਸੇ ਬਿਮਾਰੀ ਦਾ ਅਨੁਮਾਨ ਕੀਤਾ ਜਾ ਸਕਦਾ ਹੈ।

## ਕਰੋਨਾ ਦੇ ਡੈਲਟਾ ਵੇਰੀਐਂਟ ਨਾਲ ਹੋ ਰਹੇ ਸਾਈਲੈਂਟ ਹਾਰਟ ਅਟੈਕ

ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਇੰਦੌਰ ਦੀ ਖੋਜ 'ਚ ਪਤਾ ਲੱਗਾ ਹੈ ਕਿ ਸਾਈਲੈਂਟ ਹਾਰਟ ਅਟੈਕ ਤੇ ਥਾਇਰਾਈਡ ਵਰਗੀਆਂ ਸਮੱਸਿਆਵਾਂ ਕੋਰੋਨਾ ਵਾਇਰਸ ਦੇ ਡੈਲਟਾ ਵੇਰੀਐਂਟ ਦੇ ਕਾਰਨ ਵੀ ਸਾਹਮਣੇ ਆ ਰਹੀਆਂ ਹਨ। ਇਹ ਖੋਜ ਇੰਡੀਅਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਸਹਿਯੋਗ ਨਾਲ ਕੀਤੀ ਗਈ ਹੈ।

ਇਹ ਖੋਜ ਜਰਨਲ ਆਫ ਪ੍ਰੋਟੀ ਮ ਰਿਸਰਚ 'ਚ ਛਪੀ ਹੈ। ਇਸ ਵਿਚ ਕਿਹਾ ਗਿਆ ਕਿ ਕੋਵਿਡ ਦੇ ਵੱਖ-ਵੱਖ ਵੇਰੀਐਂਟਸ ਨੇ ਮਨੁੱਖੀ ਸਰੀਰ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਇਸ ਖੋਜ ਤੋਂ ਇਹ ਸਮਝਣ 'ਚ ਮਦਦ ਮਿਲੇਗੀ ਕਿ ਕੋਵਿਡ-19 ਕਿਸ ਤਰ੍ਹਾਂ ਮੁਸ਼ਕਲਾਂ ਪੈਦਾ ਕਰਦਾ ਹੈ ਤੇ ਇਸ ਨਾਲ ਭਵਿੱਖ 'ਚ ਕਿਵੇਂ ਬਿਹਤਰ ਹੱਲ ਤੇ ਇਲਾਜ ਦਾ ਰਾਹ ਮਿਲ ਸਕਦਾ ਹੈ।

ਖੋਜ 'ਚ ਕੋਵਿਡ-19 ਦੇ ਵਾਈਲਡ ਟਾਈਪ (ਮੂਲ ਵੇਰੀਐਂਟ), ਅਲਫਾ, ਬੀਟਾ, ਗਾਮਾ ਤੇ ਡੈਲਟਾ ਨਾਲ ਜੁੜੇ ਮੁੱਖ ਬਾਇ ਕੈਮੀਕਲ, ਹੈਮੇਟੋਲਾਜਿਕਲ, ਲਿਪੀਡੋਮਿਕ ਤੇ ਮੈਟਾਬੋਲੋਮਿਕ ਬਦਲਾਵਾਂ ਦਾ ਅਧਿਐਨ ਕੀਤਾ ਗਿਆ। ਇਸਦੇ ਲਈ ਦੇਸ਼ 'ਚ ਕੋਵਿਡ-19 ਦੀ ਪਹਿਲੀ ਤੇ ਦੂਜੀ ਲਹਿਰ ਦੇ 3,134 ਮਰੀਜ਼ਾਂ ਦਾ ਡਾਟਾ ਲਿਆ ਗਿਆ। ਖੋਜ ਲਈ ਮਸ਼ੀਨ ਲਰਨਿੰਗ ਦਾ ਇਸਤੇਮਾਲ ਕਰ ਕੇ ਸੀ-ਰਿਐਕਟਿਵ ਪ੍ਰੋਟੀਨ, ਡੀ-ਡਾਇਮਰ, ਫੇਰਿਟਿਨ, ਨਿਊਟ੍ਰੋਫਿਲਸ, ਵ੍ਹਾਈਟ ਬਲੱਡ ਸੈੱਲ (ਡਬਲਯੂਬੀਸੀ) ਦਾ ਕਾਊਂਟ, ਲਿਮਫੋਸਾਈਟਸ, ਯੂਰੀਆ, ਕ੍ਰਿਏਟਿਨ ਤੇ ਲੈਕਟੇਟ ਵਰਗੇ ਮਾਪਦੰਡਾਂ ਦੀ ਪਛਾਣ ਕੀਤੀ ਗਈ। ਇਸ ਖੋਜ ਦੀ ਅਗਵਾਈ ਆਈਆਈਟੀ ਇੰਦੌਰ ਦੇ ਡਾ. ਹੇਮਚੰਦਰ ਝਾਅ ਤੇ ਕੇਆਈਐੱਮਐੱਸ ਭੁਬਨੇਸ਼ਵਰ ਦੇ ਡਾ. ਨਿਰਮਲ ਕੁਮਾਰ ਮੋਹਕੁਦ ਨੇ ਕੀਤੀ।

ਮਰੀਜ਼ ਦੇ ਡਾਟਾ ਦਾ ਵਿਸ਼ਲੇਸ਼ਣ ਆਈਆਈਟੀ ਪ੍ਰਯਾਗਰਾਜ ਦੀ ਪ੍ਰੋਫੈਸਰ ਸੋਨਾਲੀ ਅਗਰਵਾਰ ਦੇ ਮਾਰਗਦਰਸ਼ਨ 'ਚ ਕੀਤਾ ਗਿਆ। ਇਸ ਅਧਿਐਨ 'ਚ ਬੁੱਧਦੇਵ ਬਰਾਲ, ਵੈਸ਼ਾਲੀ ਸੈਣੀ, ਸਿਧਾਰਥ ਸਿੰਘ, ਤਰੁਣ ਪ੍ਰਕਾਸ਼ ਵਰਮਾ, ਦੇਬ ਕੁਮਾਰ ਰਥ, ਜਿ ਤਿਰਮਈ ਬਾਹਿਨੀਪਤੀ, ਪ੍ਰਿਆਦਰਸ਼ਿਨੀ ਪਾਂਡਾ, ਸ਼ੁਭਾਂਸ਼ੂ ਪਾਤਰੋ, ਨਮਰਤਾ ਮਿਸ਼ਰਾ, ਮਾਨਸ ਰੰਜਨ ਬੇਹਰਾ, ਕਾਰਤਿਕ ਮੁਦੁਲੀ, ਹੇਮੇਂਦਰ ਸਿੰਘ ਪਰਮਾਰ, ਅਜੇ ਕੁਮਾਰ ਮੀਨਾ ਤੇ ਸੌਮਿਆ ਆਰ। ਮਹਾਪਾਤਰਾ ਵੀ ਸ਼ਾਮਲ ਹਨ।

## ਰਾਤ ਨੂੰ ਈਅਰ ਫੋਨ ਲਾ ਕੇ ਸੌਣ ਦੀ ਆਦਤ ਹੈ ਖਤਰਨਾਕ

ਗੀਤ ਸੁਣਨਾ ਕਿਸੇ ਨੂੰ ਵੀ ਪਸੰਦ ਹੁੰਦਾ ਹੈ। ਇਹ ਸਾਡੇ ਮੂਡ ਨੂੰ ਰਿਲੈਕਸ ਕਰਨ 'ਚ ਮਦਦਗਾਰ ਹੁੰਦਾ ਹੈ। ਅੱਜ ਦੇ ਸਮੇਂ ਵਿਚ ਸੰਗੀਤ ਸਾਡੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਚੁੱਕਾ ਹੈ। ਹਰ ਜਗ੍ਹਾ, ਹਰ ਸਮੇਂ, ਲੋਕਾਂ ਨੂੰ ਹੈੱਡਫੋਨ ਲਗਾ ਕੇ ਗੀਤ ਸੁਣਦੇ ਹੋਏ ਦੇਖਿਆ ਜਾ ਸਕਦਾ ਹੈ। ਗੀਤ ਸੁਣਨਾ ਮਾਨਸਿਕ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਹਾਲਾਂਕਿ, ਕਈ ਲੋਕ ਸੋਣ ਤੋਂ ਪਹਿਲਾਂ ਸੰਗੀਤ ਸੁਣਨਾ ਪਸੰਦ ਕਰਦੇ ਹਨ। ਅਜਿਹੇ 'ਚ ਜੇਕਰ ਤੁਸੀਂ ਕੁਝ ਸਮੇਂ ਲਈ ਗਾਣੇ ਸੁਣਦੇ ਹੋ ਤਾਂ ਇਹ ਤੁਹਾਡੇ ਲਈ ਠੀਕ ਹੋ ਸਕਦਾ ਹੈ ਪਰ ਕੁਝ ਲੋਕਾਂ ਨੂੰ ਇਸਦੀ ਆਦਤ ਪੈ ਜਾਂਦੀ ਹੈ ਕਿ ਉਹ ਸੁੱਤੇ ਸਮੇਂ ਵੀ ਗਾਣੇ ਸੁਣਦੇ ਰਹਿੰਦੇ ਹਨ। ਉਹ ਇਸਦੇ ਨੁਕਸਾਨਾਂ ਬਾਰੇ ਨਹੀਂ ਜਾਣਗੇ ਹੋਣਗੇ। ਸੋਣ ਤੋਂ ਪਹਿਲਾਂ ਲੋਕ ਅਕਸਰ ਚੰਗੀ ਨੀਂਦ ਲਈ ਸੰਗੀਤ ਸੁਣਦੇ ਹਨ, ਜਿਸ ਨਾਲ ਮਨ ਰਿਲੈਕਸ ਹੁੰਦਾ ਹੈ ਅਤੇ ਨੀਂਦ ਚੰਗੀ ਆਉਂਦੀ ਹੈ ਪਰ ਕੀ ਇਹ ਆਦਤ ਸੁਰੱਖਿਅਤ ਹੈ? ਅੱਜ ਅਸੀਂ ਤੁਹਾਨੂੰ ਰਾਤ ਨੂੰ ਹੈਡਫੋਨ ਜਾਂ ਈਅਰਫੋਨ ਲਾਗ ਕੇ ਗਾਣੇ ਸੁਣਦੇ ਹੋਏ ਸੋਣ ਦੇ ਨੁਕਸਾਨਾਂ ਬਾਰੇ ਜਾਣਕਾਰੀ ਦੇ ਰਹੇ ਹਾਂ।

ਖ਼ਰਾਬ ਹੁੰਦੀ ਹੈ ਨੀਂਦ ਦੀ ਕੁਆਲਿਟੀ

ਜੇਕਰ ਤੁਸੀਂ ਰਾਤ ਭਰ ਈਅਰਫੋਨ ਲਗਾ ਕੇ ਗਾਣੇ ਸੁਣਦੇ ਹੋ ਤਾਂ ਇਸ ਨਾਲ ਤੁਹਾਡੀ ਨੀਂਦ ਪ੍ਰਭਾਵਿਤ ਹੋ ਸਕਦੀ ਹੈ। ਇਸ ਨਾਲ ਤੁਹਾਡਾ ਦਿਮਾਗ ਪੂਰੀ ਤਰ੍ਹਾਂ ਰਿਲੈਕਸ ਨਹੀਂ ਹੋ ਪਾਉਂਦਾ। ਇਸ ਕਾਰਨ ਤੁਹਾਡੀ ਨੀਂਦ ਬਾਰ-ਬਾਰ ਟੁੱਟ ਸਕਦੀ ਹੈ। ਨੀਂਦ ਨਾ ਪੂਰੀ ਹੋਣ ਕਾਰਨ ਤੁਸੀਂ ਦੂਜੇ ਦਿਨ ਥੱਕੇ ਹੋਏ ਦਿਖਾਈ ਦੇ ਸਕਦੇ ਹੋ, ਜਿਸ ਨਾਲ ਤੁਹਾਡੇ ਕੰਮ 'ਤੇ ਵੀ ਅਸਰ ਪੈ ਸਕਦਾ ਹੈ।



ਕੰਨਾਂ ਨੂੰ ਹੁੰਦਾ ਹੈ ਨੁਕਸਾਨ

ਜਦੋਂ ਤੁਸੀਂ ਰਾਤ ਭਰ ਈਅਰਫੋਨ ਲਗਾ ਕੇ ਗਾਣੇ ਸੁਣਦੇ ਹੋ ਤਾਂ ਤੁਹਾਡਾ ਦਿਮਾਗ ਪੂਰੀ ਤਰ੍ਹਾਂ ਆਰਾਮ ਨਹੀਂ ਕਰ ਪਾਉਂਦਾ। ਦਿਮਾਗ ਦੇ ਕੁਝ ਹਿੱਸੇ ਐਕਟਿਵ ਰਹਿੰਦੇ ਹਨ। ਤੁਹਾਡੀ ਹਾਰਟਬੀਟ ਵੀ ਤੇਜ਼ ਹੋ ਸਕਦੀ ਹੈ। ਸੋਣ ਸਮੇਂ ਈਅਰਫੋਨ ਲਗਾਉਣ ਨਾਲ ਤੁਹਾਡੇ ਕੰਨਾਂ 'ਤੇ ਬੁਰਾ ਅਸਰ ਪੈਂਦਾ ਹੈ। ਕਈ ਮਾਮਲਿਆਂ ਵਿਚ ਤਾਂ ਕੰਨਾਂ ਨੂੰ ਨੁਕਸਾਨ ਵੀ ਹੋ ਸਕਦਾ ਹੈ।

ਤਣਾਅ ਵਧ ਸਕਦਾ ਹੈ

ਜੇਕਰ ਤੁਸੀਂ ਰਾਤ ਭਰ ਉੱਚੀ ਆਵਾਜ਼ 'ਤੇ ਗਾਣੇ ਸੁਣਦੇ ਹੋ ਤਾਂ ਇਸ ਨਾਲ ਤੁਹਾਡਾ ਦਿਮਾਗ ਆਰਾਮ ਕਰਨ ਦੀ ਬਜਾਏ ਐਕਟਿਵ ਰਹਿੰਦਾ ਹੈ। ਜਦੋਂ ਤੁਹਾਡੇ ਦਿਮਾਗ ਨੂੰ ਆਰਾਮ ਨਹੀਂ ਮਿਲਦਾ ਤਾਂ ਤੁਸੀਂ ਤਣਾਅ ਦਾ ਸ਼ਿਕਾਰ ਹੋ ਸਕਦੇ ਹੋ। ਚਿੜਚਿੜਾਪਣ ਅਤੇ ਓਨਿਣਇਟੇ ਦੀ ਸਮੱਸਿਆ ਵੀ ਹੋ ਸਕਦੀ ਹੈ।

ਇਸਦੇ ਫਾਇਦੇ ਵੀ ਹਨ

ਸੰਗੀਤ ਤੁਹਾਡੀ ਯਾਦਦਾਸ਼ਤ ਨੂੰ ਮਜ਼ਬੂਤ ਕਰ ਸਕਦਾ ਹੈ। ਗਾਣਾ ਸੁਣਨ ਨਾਲ ਤੁਹਾਡੇ ਦਿਮਾਗ ਦੇ ਉਹ ਹਿੱਸੇ ਐਕਟਿਵ ਹੋ ਜਾਂਦੇ ਹਨ ਜੋ ਬੋਲਣ ਅਤੇ ਯਾਦ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਗਾਣਾ ਸੁਣਨ ਨਾਲ ਮਨ ਸ਼ਾਂਤ ਹੁੰਦਾ ਹੈ। ਬੇਚੈਨੀ ਵੀ ਘੱਟ ਹੁੰਦੀ ਹੈ। ਇਸ ਨਾਲ ਸਟ੍ਰੈੱਸ ਹਾਰਮੋਨ ਘੱਟ ਰਿਲੀਜ਼ ਹੁੰਦੇ ਹਨ, ਜਿਸ ਨਾਲ ਤੁਹਾਨੂੰ ਤਣਾਅ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਗਾਣਾ ਸੁਣਨ ਨਾਲ ਤੁਹਾਡਾ ਮਨ ਰਿਲੈਕਸ ਮਹਿਸੂਸ ਕਰਦਾ ਹੈ ਅਤੇ ਨੀਂਦ ਵੀ ਚੰਗੀ ਆਉਂਦੀ ਹੈ।



ਮੋਟਾਪਾ ਇੱਕ ਗੰਭੀਰ ਸਿਹਤ ਸਮੱਸਿਆ ਹੈ, ਜੋ ਹੁਣ ਬੱਚਿਆਂ ਵਿੱਚ ਤੇਜ਼ੀ ਨਾਲ ਵੱਧ ਰਹੀ ਹੈ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ, ਪਿਛਲੇ ਕੁਝ ਸਾਲਾਂ ਵਿੱਚ ਬੱਚਿਆਂ ਵਿੱਚ ਮੋਟਾਪੇ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਇਸਦਾ ਕਾਰਨ ਖੇਡਾਂ ਦੀ ਘਾਟ, ਜ਼ਿਆਦਾ ਜੰਕ ਫੂਡ ਖਾਣਾ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀ ਹੈ। ਤੁਹਾਨੂੰ ਦੱਸ ਦੇਈਏ ਕਿ ਮੋਟਾਪੇ ਕਾਰਨ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ ਸ਼ੂਗਰ, ਦਿਲ ਦੀ ਬਿਮਾਰੀ ਅਤੇ ਬਲੱਡ ਪ੍ਰੈਸ਼ਰ ਨਾਲ ਸਬੰਧਤ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ, ਬੱਚਿਆਂ ਵਿੱਚ ਮੋਟਾਪਾ ਘਟਾਉਣ ਲਈ ਕੁਝ ਚੀਜ਼ਾਂ ਦਾ ਧਿਆਨ

## ਬੱਚਿਆਂ 'ਚ ਤੇਜ਼ੀ ਨਾਲ ਵੱਧ ਰਿਹੈ ਮੋਟਾਪਾ

ਰੱਖਣਾ ਜ਼ਰੂਰੀ ਹੈ। ਆ ਜਾਣਦੇ ਹਾਂ ਕਿ ਬੱਚਿਆਂ ਨੂੰ ਮੋਟਾਪੇ ਤੋਂ ਬਚਾਉਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਸਿਹਤਮੰਦ ਭੋਜਨ ਖੁਆਓ

ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਪੌਸ਼ਟਿਕ ਭੋਜਨ ਜ਼ਰੂਰੀ ਹੈ। ਹਰੀਆਂ ਸਬਜ਼ੀਆਂ, ਤਾਜ਼ੇ ਫਲ, ਸਾਬਤ ਅਨਾਜ, ਸੁੱਕੇ ਮੇਵੇ, ਬੀਜ, ਦੁੱਧ ਅਤੇ ਡੇਅਰੀ ਉਤਪਾਦ ਆਪਣੀ ਖੁਰਾਕ ਵਿੱਚ ਸਹੀ ਮਾਤਰਾ ਵਿੱਚ ਸ਼ਾਮਲ ਕਰੋ, ਤਾਂ ਜੋ ਉਨ੍ਹਾਂ ਦੇ ਸਰੀਰ ਨੂੰ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਮਿਲ ਸਕਣ। ਇਸ ਤੋਂ ਇਲਾਵਾ, ਇਹ ਯਕੀਨੀ ਬਣਾ ਕਿ ਉਹ ਜੰਕ ਫੂਡ, ਅਲਟਰਾ-ਪ੍ਰੋਸੈਸਡ ਭੋਜਨ ਅਤੇ ਖੰਡ ਨਾਲ ਭਰਪੂਰ ਚੀਜ਼ਾਂ ਨੂੰ ਜਿੰਨਾ ਹੋ ਸਕੇ ਘੱਟ ਤੋਂ ਘੱਟ ਖਾਣ।

ਖੇਡਣ ਲਈ ਉਤਸ਼ਾਹਿਤ ਕਰੋ

ਅੱਜਕੱਲ੍ਹ ਬੱਚੇ ਘੱਟ ਹੀ ਬਾਹਰ ਖੇਡਣ ਜਾਂਦੇ ਹਨ। ਉਨ੍ਹਾਂ ਦਾ ਜ਼ਿਆਦਾਤਰ ਸਮਾਂ ਟੀਵੀ, ਮੋਬਾਈਲ ਜਾਂ ਕੰਪਿਊਟਰ 'ਤੇ ਬਿਤਾਇਆ ਜਾਂਦਾ ਹੈ। ਸਿਰਫ਼ ਪੜ੍ਹਾਈ ਲਈ ਹੀ ਨਹੀਂ, ਸਗੋਂ ਹੁਣ ਉਹ ਇਨ੍ਹਾਂ ਗੈਜੇਟਸ 'ਤੇ ਗੇਮਾਂ ਵੀ ਖੇਡਦੇ ਹਨ। ਇਸ ਕਾਰਨ ਉਨ੍ਹਾਂ ਦੀ ਸਰੀਰਕ ਗਤੀਵਿਧੀ ਕਾਫ਼ੀ ਘੱਟ ਗਈ ਹੈ। ਇਸ ਲਈ, ਆਪਣੇ ਬੱਚਿਆਂ ਨੂੰ ਪਾਰਕ ਵਿੱਚ ਜਾ ਕੇ ਫੁੱਟਬਾਲ, ਕ੍ਰਿਕਟ, ਬੈਡਮਿੰਟਨ ਵਰਗੀਆਂ ਖੇਡਾਂ ਖੇਡਣ ਲਈ ਉਤਸ਼ਾਹਿਤ ਕਰੋ।

ਸਹੀ ਨੀਂਦ ਲੈਣਾ ਵੀ ਜ਼ਰੂਰੀ

ਨੀਂਦ ਦੀ ਘਾਟ ਕਾਰਨ ਵੀ ਭਾਰ ਵਧ ਸਕਦਾ ਹੈ। ਦਰਅਸਲ, ਜਦੋਂ ਅਸੀਂ ਕਾਫ਼ੀ ਨੀਂਦ ਨਹੀਂ ਲੈਂਦੇ, ਤਾਂ ਸਰੀਰ ਵਿੱਚ ਕੋਰਟੀਸੋਲ ਹਾਰਮੋਨ ਵਧ ਜਾਂਦਾ ਹੈ। ਇਸ ਕਾਰਨ ਸਰੀਰ ਵਿੱਚ ਸੋਜ ਸ਼ੁਰੂ ਹੋ ਜਾਂਦੀ ਹੈ, ਜਿਸ ਨਾਲ ਭਾਰ ਵਧਦਾ ਹੈ। ਇਸ ਲਈ, ਬੱਚਿਆਂ ਦੇ ਸੌਣ ਦਾ ਸਮਾਂ ਨਿਸ਼ਚਿਤ ਕਰੋ, ਤਾਂ ਜੋ ਉਹ ਹਰ ਰੋਜ਼ ਘੱਟੋ-ਘੱਟ 8-9 ਘੰਟੇ ਦੀ ਨੀਂਦ ਲੈ ਸਕਣ।

ਸਕ੍ਰੀਨ ਟਾਈਮ ਘਟਾਓ

ਬੱਚਿਆਂ ਵਿੱਚ ਮੋਟਾਪੇ ਨੂੰ ਰੋਕਣ ਲਈ ਸਕ੍ਰੀਨ ਟਾਈਮ ਘਟਾਉਣਾ ਵੀ ਜ਼ਰੂਰੀ ਹੈ। ਕੋਸ਼ਿਸ਼ ਕਰੋ ਕਿ ਤੁਹਾਡਾ ਬੱਚਾ ਅੱਧੇ ਘੰਟੇ ਤੋਂ ਵੱਧ ਫ਼ੋਨ ਆਦਿ ਦੀ ਵਰਤੋਂ ਨਾ ਕਰੇ। ਸਕੂਲ ਦੇ ਹੋਮਵਰਕ ਲਈ ਕੰਪਿਊਟਰ ਦੀ ਵਰਤੋਂ ਜ਼ਰੂਰੀ ਹੋ ਸਕਦੀ ਹੈ, ਪਰ ਮਨੋਰੰਜਨ ਲਈ, ਉਨ੍ਹਾਂ ਵਿੱਚ ਬੋਰਡ ਗੇਮਾਂ, ਕਿਤਾਬਾਂ ਪੜ੍ਹਨ ਵਰਗੀਆਂ ਆਦਤਾਂ ਪਾਓ।

ਪਰਿਵਾਰਕ ਸਹਾਇਤਾ ਵੀ ਜ਼ਰੂਰੀ

ਬੱਚਿਆਂ ਨੂੰ ਸਿਹਤਮੰਦ ਰੱਖਣ ਲਈ ਪਰਿਵਾਰ ਦਾ ਸਮਰਥਨ ਲੈਣਾ ਵੀ ਜ਼ਰੂਰੀ ਹੈ। ਦਰਅਸਲ, ਬੱਚੇ ਘਰ ਦੇ ਬਜ਼ੁਰਗਾਂ ਵਾਂਗ ਵਿਵਹਾਰ ਕਰਦੇ ਹਨ। ਇਸ ਲਈ, ਘਰ ਦੇ ਬਜ਼ੁਰਗਾਂ ਨੂੰ ਵੀ ਰੋਜ਼ਾਨਾ ਸਿਹਤਮੰਦ ਭੋਜਨ ਖਾਣਾ ਚਾਹੀਦਾ ਹੈ ਅਤੇ ਕਸਰਤ ਕਰਨੀ ਚਾਹੀਦੀ ਹੈ, ਤਾਂ ਜੋ ਬੱਚੇ ਵੀ ਉਨ੍ਹਾਂ ਨੂੰ ਦੇਖ ਕੇ ਉਹੀ ਸਿੱਖਣ।

ਛੋਟੀ ਉਮਰ ਤੋਂ ਹੀ ਬੱਚਿਆਂ ਵਿੱਚ ਇਹ ਆਦਤਾਂ ਪਾਉਣ ਨਾਲ, ਨਾ ਸਿਰਫ਼ ਉਨ੍ਹਾਂ ਨੂੰ ਮੋਟਾਪੇ ਤੋਂ ਬਚਾਇਆ ਜਾ ਸਕਦਾ ਹੈ, ਸਗੋਂ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਵੀ ਬਿਹਤਰ ਹੋਵੇਗਾ।

## ਗਰਮੀ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੇ ਅਗਲੇ ਪੰਜ ਸਾਲ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2024 ਵਿੱਚ ਗਲੋਬਲ ਔਸਤ ਤਾਪਮਾਨ 1850-1900 ਦੇ ਅਧਾਰ ਪੱਧਰ ਤੋਂ 1.5 ਡਿਗਰੀ ਸੈਲਸੀਅਸ ਵੱਧ ਸੀ। 2015 ਵਿੱਚ ਪੈਰਿਸ ਜਲਵਾਯੂ ਸੰਮੇਲਨ ਵਿੱਚ, ਦੇਸ਼ਾਂ ਨੇ ਗਲੋਬਲ ਤਾਪਮਾਨ ਵਾਧੇ ਨੂੰ 1.5 ਡਿਗਰੀ ਸੈਲ-ਸੀਅਸ ਤੱਕ ਸੀਮਤ ਕਰਨ ਦਾ ਟੀਚਾ ਰੱਖਿਆ ਸੀ ਤਾਂ ਜੋ ਜਲਵਾਯੂ ਪਰਿਵਰਤਨ ਦੇ ਸਭ ਤੋਂ ਖਤਰਨਾਕ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਇੱਕ ਰਿਪੋਰਟ ਚੇਤਾਵਨੀ ਜਾਰੀ ਕੀਤੀ। ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਗਲੋਬਲ ਤਾਪਮਾਨ 'ਤੇ ਇੱਕ ਨਵੀਂ ਰਿਪੋਰਟ ਪੇਸ਼ ਕੀਤੀ ਹੈ, ਜਿਸ ਦੇ ਅਨੁਸਾਰ 70% ਸੰਭਾਵਨਾ ਹੈ ਕਿ 2025 ਅਤੇ 2029 ਦੇ ਵਿਚਕਾਰ ਧਰਤੀ ਦਾ ਔਸਤ ਤਾਪਮਾਨ ਪੂਰਵ-ਉਦਯੋਗਿਕ ਯੁੱਗ (1850-1900) ਦੇ ਮੁਕਾਬਲੇ 1.5 ਡਿਗਰੀ ਸੈਲਸੀਅਸ ਤੋਂ ਵੱਧ ਹੋਵੇਗਾ। ਰਿਪੋਰਟ ਦੇ ਅਨੁਸਾਰ, 80% ਸੰਭਾਵਨਾ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਕੋਈ ਵੀ ਇੱਕ ਸਾਲ 2024 ਨਾਲੋਂ ਗਰਮ ਹੋਵੇਗਾ। 2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਤੁਹਾਨੂੰ ਦੱਸ ਦੇਈਏ ਕਿ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2024 ਵਿੱਚ ਗਲੋਬਲ ਔਸਤ ਤਾਪਮਾਨ 1850-1900 ਦੇ ਅਧਾਰ ਪੱਧਰ ਤੋਂ 1.5 ਡਿਗਰੀ ਸੈਲਸੀਅਸ ਵੱਧ ਸੀ। 2015 ਵਿੱਚ ਪੈਰਿਸ ਜਲਵਾਯੂ ਸੰਮੇਲਨ ਵਿੱਚ, ਦੇਸ਼ਾਂ ਨੇ ਗਲੋਬਲ ਤਾਪਮਾਨ ਵਾਧੇ ਨੂੰ 1।5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਦਾ ਟੀਚਾ ਰੱਖਿਆ ਸੀ, ਤਾਂ ਜੋ ਜਲਵਾਯੂ ਪਰਿਵਰਤਨ ਦੇ ਸਭ ਤੋਂ ਖਤਰਨਾਕ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

2025 ਤੋਂ 2029 ਤੱਕ ਹਰ ਸਾਲ ਔਸਤ ਗਲੋਬਲ ਤਾਪਮਾਨ 1850-1900 ਦੇ ਮੁਕਾਬਲੇ 1.2 ਤੋਂ 1.9 ਡਿਗਰੀ ਸੈਲਸੀਅਸ ਵੱਧ ਰਹਿਣ ਦੀ ਉਮੀਦ ਹੈ। 86% ਸੰਭਾਵਨਾ ਹੈ ਕਿ ਇਨ੍ਹਾਂ ਪੰਜ ਸਾਲਾਂ ਵਿੱਚੋਂ ਕਿਸੇ ਇੱਕ ਦਾ ਤਾਪਮਾਨ 1।5 ਡਿਗਰੀ ਸੈਲਸੀਅਸ ਤੋਂ ਵੱਧ ਜਾਵੇਗਾ।

70% ਸੰਭਾਵਨਾ ਹੈ ਕਿ 2025 ਤੋਂ 2029 ਤੱਕ ਔਸਤ ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਵੱਧ ਜਾਵੇਗਾ।


PSF RECORDZ
PSF GUN GAWAN(PRITAM SMALL FOCUS)
PRESENTS
Special Thanks
LYRICS
Grandsponsir Dharmendr Singh
Golden Truck sells California (USA)
SURINDER SHERGILL
(USA)
PSF ਗੁਣ ਗਾਂਵਾਂ
Fidaa
GUN GAWAN
ਰੰਗਲੀ ਚਰਖੀ
492
ਗਾਇਕ
ਤਰਲੋਕ ਸਿੰਘ
Singer
Tirlok Singh (USA)
9164108822
MUSIC- PARSHOTAM LAL BANGER & TIRLOK SINGH
ਟਾਹਣੀਆਂ ਤੋ ਫੁੱਲ
PRODUCER
J S WALIA
MUSIC NOW ! PRITAM SMALL FOCUS LDH. M: 96533-58300 98727-01929